
ਯਤਨ ਜਾਰੀ ਹੈ...



ਜਸਵੀਰ ਸਿੰਘ ਮੋਰੋਂ

ਯਤਨ ਜਾਰੀ ਹੈ

(ਵਾਰਤਕ)

ਜਸਵੀਰ ਸਿੰਘ ਮੋਰੋਂ

ਪ੍ਰਗਤੀ ਕਲਾ ਕੇਂਦਰ (ਰਜਿ.), ਲਾਂਦੜਾ

ਸਮਰਪਤ ਨਹੀਂ

ਉਨ੍ਹਾਂ ਨੂੰ, ਜਿਹੜੇ ਬੰਦੇ ਨੂੰ ਬੰਦੇ ਬਰਾਬਰ ਤਾਂ ਨਹੀਂ ਮੰਨਦੇ, ਪ੍ਰੰਤੂ ਮਰਦ ਅਤੇ ਔਰਤ ਦੀ ਬਰਾਬਰਤਾ ਦਾ ਝੰਡਾ ਚੁੱਕੀ ਫਿਰਦੇ ਹਨ। ਪਰ ਉਹ,

- ਉਨ੍ਹਾਂ ਧਰਮ ਗ੍ਰੰਥਾਂ ਅੱਗੇ ਸਿਰ ਵੀ ਝੁਕਾਉਂਦੇ ਹਨ। ਪੂਜਾ ਵੀ ਕਰਦੇ ਹਨ। ਜਿਨ੍ਹਾਂ ਵਿੱਚ ਔਰਤਾਂ ਵਿਰੋਧੀ ਘਟੀਆ, ਅਪਮਾਨਤ ਟਿੱਪਣੀਆਂ ਦਰਜ ਹਨ।
- ਔਰਤਾਂ ਦੀ ਮਾਨਸਿਕਤਾ ਨੂੰ ਹੀਣ ਅਤੇ ਕਮਜ਼ੋਰ ਕਰਨ ਵਾਲੇ ਲੋਹੜੀ ਅਤੇ ਰੱਖੜੀ ਦੇ ਤਿਉਹਾਰ ਵੀ ਮਨਾਉਂਦੇ ਹਨ।
- ਮਾਪਿਆਂ ਅਤੇ ਸਹੁਰਿਆਂ ਦੀ ਜਾਇਦਾਦ ਵਿੱਚੋਂ ਔਰਤ ਨੂੰ ਬਰਾਬਰ ਦਾ ਹਿੱਸੇਦਾਰ ਮੰਨਣ ਲਈ ਤਿਆਰ ਨਹੀਂ।

ਧੰਨਵਾਦ

ਇਸ ਪੁਸਤਕ ਨੂੰ ਤੁਹਾਡੇ ਹੱਥਾਂ ਤੱਕ ਪਹੁੰਚਾਉਣ ਵਾਸਤੇ ਸ੍ਰੀ ਅਵਤਾਰ ਲਾਖਾ ਅਮਰੀਕਾ ਅਤੇ ਸ. ਜਸਵੀਰ ਸਿੰਘ ਕੈਨੇਡਾ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ।

YATAN JARI HAI

By
Jasvir Singh Moron
V& P. O. Moron
Distt. Jalandhar-144029
Ph. 94172-62838

©	:	ਲੇਖਕ
ਪਹਿਲੀ ਵਾਰ	:	ਦਸੰਬਰ, 2008
ਮੁੱਲ	:	40 ਰੁਪਏ
ਪ੍ਰਕਾਸ਼ਕ	:	ਪ੍ਰਗਤੀ ਕਲਾ ਕੇਂਦਰ, (ਰਜਿ.), ਲਾਂਦੜਾ ਪਿੰਡ ਅਤੇ ਡਾਕ. ਲਾਂਦੜਾ, ਜਲੰਧਰ-144419
ਪ੍ਰਿੰਟਰਜ਼	:	ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

ਮਕਸਦ

ਚੁਫ਼ੇਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਦੇ ਭੇਦ ਉਜਾਗਰ ਕਰਨਾ।
ਸਮੱਸਿਆਵਾਂ ਪ੍ਰਤੀ ਘੇਸਲ ਮਾਰਨ ਵਾਲਿਆਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਹੈ ਤਾਂ ਕਿ ਵਰਤਮਾਨ ਦੀ ਯੋਗ ਵਰਤੋਂ ਕਰਕੇ ਚੰਗਾ ਭਵਿੱਖ ਸਿਰਜਿਆ ਜਾ ਸਕੇ।

ਪ੍ਰਕਾਸ਼ਕ ਵਲੋਂ

ਸਾਡਾ ਆਲਾ ਦੁਆਲਾ ਪਾਖੰਡਵਾਦ ਦੀ ਲਪੇਟ ਵਿਚ ਜਕੜਿਆ ਗਿਆ ਹੈ। ਰਾਜਨੀਤੀ, ਸਮਾਜ ਸੇਵਾ, ਧਰਮ ਅਤੇ ਹੋਰ ਖੇਤਰਾਂ ਵਿਚ ਵੀ ਇਸ ਦਾ ਪੂਰਾ ਬੋਲਬਾਲਾ ਹੈ। ਇਹ ਅੰਧਕਾਰ ਦਿਨੋ-ਦਿਨ ਵਧ ਰਿਹਾ ਹੈ। ਮੌਜੂਦਾ ਨਿਕੰਮੇ ਪ੍ਰਬੰਧ ਦੀ ਉਮਰ ਲੰਬੀ ਕਰ ਰਿਹਾ ਹੈ। ਕਿਤੇ ਧਾਰਮਿਕ ਵਚਨਾਂ-ਪ੍ਰਵਚਨਾਂ ਨਾਲ ਲੋਕਾਂ ਨੂੰ ਸੰਮੋਹਤ ਕੀਤਾ ਜਾ ਰਿਹਾ ਹੈ। ਕਿਧਰੇ ਰੰਗ ਤਮਾਸ਼ਿਆਂ ਨਾਲ ਪ੍ਰਚਾਇਆ, ਉਲਝਾਇਆ ਜਾ ਰਿਹਾ ਹੈ। ਟੀ. ਵੀ.. ਅਤੇ ਪ੍ਰਿੰਟ ਮੀਡੀਆ ਇਸ ਦੇ ਵਾਧੇ ਵਿਚ ਵੱਡਾ ਯੋਗਦਾਨ ਪਾ ਰਿਹਾ ਹੈ।

ਫਿਰ ਵੀ ਮੱਸਿਆ ਦੀ ਰਾਤ ਨੂੰ ਚਮਕ ਰਹੇ ਤਾਰੇ ਵਾਂਗੂ ਕਿਤੇ-ਕਿਤੇ ਰੌਸ਼ਨੀ ਦਿਖਾਈ ਦੇ ਰਹੀ ਹੈ। ਜਸਵੀਰ ਸਿੰਘ ਮੋਰੋਂ ਵੀ ਨਿਰਸੰਦੇਹ; ਇਕ ਤਾਰੇ ਵਾਂਗੂ ਆਪਣੇ ਹਿੱਸੇ ਦੀ ਰੌਸ਼ਨੀ ਬਿਖੇਰਨ ਦਾ ਯਤਨ ਕਰ ਰਿਹਾ ਹੈ। ਹਨ੍ਹੇਰੇ ਦੇ ਖਿਲਾਫ਼ ਉਸ ਨੇ ਯੁੱਧ-ਨਾਦ ਵਜਾ ਦਿੱਤਾ ਹੈ। ਉਮੀਦ ਹੈ ਇਸ ਸੰਘਰਸ਼ ਦੇ ਮੈਦਾਨ ਵਿਚ ਉਹ ਡਟਿਆ ਰਹੇਗਾ। "ਜੋ ਬੋਲੇ ਸੋ ਨਿਰਭੈ" ਅਤੇ "ਨਾਮ ਬਨਾਮ ਨਾਮ" ਪੁਸਤਕਾਂ ਦੀ ਰਚਨਾ ਕਰਕੇ ਉਸਨੇ ਮੌਜੂਦਾ ਪ੍ਰਬੰਧ ਦੇ ਬਖੀਏ ਉਧੇੜਨ ਵਿਚ ਚੋਖਾ ਹਿੱਸਾ ਪਾਇਆ ਹੈ। ਸੰਜੀਦਾ ਪਾਠਕਾਂ ਵੱਲੋਂ ਦੋਵੇਂ ਪੁਸਤਕਾਂ ਨੂੰ ਭਰਪੂਰ ਪ੍ਰਸ਼ੰਸਾ ਅਤੇ ਸ਼ਾਬਾਸ਼ ਮਿਲੀ ਹੈ। ਆਪਣੀ ਤੀਸਰੀ ਪੁਸਤਕ ਰਾਹੀਂ ਲੇਖਕ ਫਿਰ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਇਸ ਦੇ ਨਿਬੰਧਾਂ ਦੀ ਬੇਬਾਕ ਲੇਖਣੀ ਪਾਠਕ ਨੂੰ ਹਲੂਣਦੀ ਹੈ, ਜਗਾਉਂਦੀ ਹੈ। ਤੁਰਨ ਤੇ ਕੁਝ ਕਰਨ ਲਈ ਪ੍ਰੇਰਦੀ ਹੈ। ਇਹ ਪੁਸਤਕ ਵੀ ਮਾਨਵਵਾਦੀ ਸੋਚ ਪੈਦਾ ਕਰਨ ਵਿਚ ਸਹਾਈ ਹੋਵੇਗੀ। ਪ੍ਰਗਤੀ ਕਲਾ ਕੇਂਦਰ ਲਾਂਦੜਾ (ਰਜਿ.) ਨੂੰ ਇਹ ਮਾਣ ਹੈ ਕਿ ਲੇਖਕ ਦੀਆਂ ਤਿੰਨ ਪੁਸਤਕਾਂ ਦੀ ਪ੍ਰਕਾਸ਼ਨਾ ਉਸਨੇ ਕੀਤੀ ਹੈ। ਕੇਂਦਰ ਵੱਲੋਂ ਸਾਰਿਆਂ ਨੂੰ ਸੱਦਾ ਦਿੰਦੇ ਹਾਂ ਕਿ ਆਓ ਆਪਾਂ ਜਸਵੀਰ ਸਿੰਘ ਮੋਰੋਂ ਦੀ ਤੀਸਰੀ ਪੁਸਤਕ 'ਯਤਨ ਜਾਰੀ ਹੈ' ਦੇ ਕੀਤੇ ਯਤਨ ਨੂੰ ਮੁਬਾਰਕਾਂ ਸਹਿਤ ਜੀ ਆਇਆਂ ਨੂੰ ਕਹੀਏ ਤੇ ਆਪ ਯਤਨਸ਼ੀਲ ਹੋਈਏ।

ਸੋਢੀ ਰਾਣਾ ਨਿਰਦੇਸ਼ਕ **ਮੱਖਣ ਕ੍ਰਾਂਤੀ ਸਹਿ ਨਿਰਦੇਸ਼ਕ**

ਪ੍ਰਗਤੀ ਕਲਾ ਕੇਂਦਰ ਲਾਂਦੜਾ (ਰਜਿ.) ਜਲੰਧਰ

ਦੋ ਸ਼ਬਦ

- ਅਸੀਂ ਕਲਮ ਦੀਵੇ ਨਾਲ ਹਨੇਰਾ ਮਿਟਾਵਣ ਚੱਲੇ ਹਾਂ।
ਸਿਰਾਂ 'ਚ ਸੁੱਤੇ ਸੂਰਜ ਇੰਜ ਜਗਾਵਣ ਚੱਲੇ ਹਾਂ।

-ਗੁਰਸਵੇਕ ਲੰਬੀ

- ਅਨਿਆਂ ਤੇ ਜ਼ੁਲਮੋ-ਸਿਤਮ ਦੇ ਐ! ਮੂਕ ਦਰਸ਼ਕੋ,
ਖੋਲ੍ਹੋ ਖਾਂ ਮੂੰਹ ਇਹ ਵੇਖੀਏ ਇਸ ਵਿਚ ਜ਼ੁਬਾਨ ਹੈ?

-ਮਹਿੰਦਰ ਸਾਥੀ

- ਵੇਖਦੇ ਵੀ ਵੇਖਦੇ ਨਾ, ਹੋ ਗਏ ਅੰਨ੍ਹੇ ਅਸੀਂ,
ਆਓ ਆਪਣੇ ਆਪਣੇ ਅੰਦਰ ਝਾਤ ਪਾ ਕੇ ਵੇਖੀਏ।

-ਨਰਿੰਦਰ ਮਾਨਵ

- ਸੁਲਘਦੇ ਹੋਇਆਂ ਤੁਸੀਂ ਨਾ ਉਮਰ ਕੱਟ ਜਾਇਓ ਕਿਤੇ,
ਦੋ ਘੜੀ ਚਮਕੋ ਕਿ ਹੁਣ ਚਮਕਣ ਬਿਨਾਂ ਸਰਨਾ ਨਹੀਂ।

-ਸੁਰਜੀਤ ਜੱਜ

- ਚੱਲ ਤੂਫਾਨ ਅੱਗੇ ਪਰਬਤਾਂ ਵਾਂਗੂ ਖਲੋ ਜਾਈਏ,
ਅਸੀਂ ਵਰ੍ਹਦੇ ਰਹਾਂਗੇ ਕਿੰਨਾ ਚਿਰ ਕਾਲੀ ਘਟਾ ਵਾਂਗੂ।

-ਗੁਰਦਿਆਲ ਰੌਸ਼ਨ

- ਫੁੱਟਪਾਥਾਂ 'ਤੇ ਤੁਰਦੇ, ਸੌਂਦੇ, ਮਰਦੇ ਲੋਕ ਹੁਣ ਜਾਗਣਗੇ,
ਜਦੋਂ ਸੜਕਾਂ 'ਤੇ ਤੁਰ ਪਏ 'ਰਹਿਬਰਾਂ' ਨੂੰ ਰਾਹ ਨਹੀਂ ਲੱਭਣਾ।

-ਰੇਸ਼ਮ ਕਰਨਾਣਵੀ

ਤਰਤੀਬ

ਸਿੱਖਿਆ, ਸੋਚ, ਸਮਝ ਤੇ ਸੱਚ

ਅੱਜ ਦੇ ਸਮੇਂ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਨਿੱਤ ਨਵੀਆਂ ਹੋ ਰਹੀਆਂ ਤੇ ਕੀਤੀਆਂ ਜਾ ਰਹੀਆਂ ਖੋਜਾਂ ਨਾਲ ਮਨੁੱਖੀ ਜੀਵਨ ਨੂੰ ਹੋਰ ਸੁਖਾਲਾ ਬਣਾਉਣ ਦੇ ਲਗਾਤਾਰ ਯਤਨ ਜਾਰੀ ਹਨ। ਹਰ ਖੇਤਰ ਵਿੱਚ ਹੀ ਵਿਗਿਆਨ ਦੁਆਰਾ ਨਵੇਂ-ਨਵੇਂ ਤਿਆਰ ਕੀਤੇ ਜਾ ਰਹੇ ਸੰਦ-ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰੰਤੂ ਫਿਰ ਵੀ ਵਿਗਿਆਨਕ ਸੋਚ ਦਾ ਘੇਰਾ ਓਨਾ ਵਿਸ਼ਾਲ ਨਹੀਂ ਹੋਇਆ, ਜਿੰਨਾਂ ਇਸ ਦੀਆਂ ਤਿਆਰ ਕੀਤੀਆਂ ਵਸਤਾਂ ਨੂੰ ਵਰਤਣ ਦਾ ਹੋਇਆ ਹੈ। ਜਿਸ ਦਾ ਸਬੂਤ ਹੈ ਕਿ ਅਨਪੜ੍ਹ ਤਾਂ ਇੱਕ ਪਾਸੇ ਪੜ੍ਹੇ-ਲਿਖੇ, ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਵੀ ਕੂੜ-ਪ੍ਰਚਾਰ, ਅਵਿਗਿਆਨਕ ਵਿਚਾਰਾਂ ਦੇ ਪ੍ਰਭਾਵ ਹੇਠ ਜੀਅ ਰਹੇ ਹਨ। ਆਪਣੇ ਦਿਮਾਗ ਦੇ ਬਲਬ ਜਗਾਉਣ ਦੀ ਬਜਾਏ ਮੜ੍ਹੀਆਂ ਤੇ ਦੀਵੇ ਜਗਾਉਣ ਤੁਰੇ ਹੁੰਦੇ ਹਨ। ਉਹ ਆਪਣੀ ਪੜ੍ਹਾਈ ਨੂੰ ਸੋਚ, ਵਿਚਾਰ ਵਿਹਾਰ ਦਾ ਹਿੱਸਾ ਹੀ ਨਹੀਂ ਬਣਾ ਰਹੇ। ਜਿਸ ਕਾਰਨ ਸੱਚ ਕੀ ਹੈ, ਸਹੀ ਕੀ ਹੈ, ਬਾਰੇ ਉਨ੍ਹਾਂ ਦੀ ਸਮਝ ਕਿਸੇ ਪੱਤਣ ਨਹੀਂ ਲੱਗਦੀ। ਸਗੋਂ ਗੈਰ ਵਿਗਿਆਨਕ ਵਰਤਾਰੇ ਦਾ ਅੰਗ ਬਣ ਕੇ ਵਿਚਰ ਰਹੇ ਹਨ। ਜਿਸ ਦਾ ਅਨਪੜ੍ਹ ਤੇ ਘੱਟ ਪੜ੍ਹੇ ਲੋਕਾਂ ਤੇ ਡੂੰਘਾ ਅਸਰ ਪੈਂਦਾ ਹੈ। ਇਸ ਲਈ ਮੰਨਿਆ ਜਾ ਸਕਦਾ ਹੈ ਕਿ ਉਨ੍ਹਾਂ ਦਾ ਗਿਆਨ ਅਸਲ 'ਚ ਪਹਿਲੀ ਸ਼੍ਰੇਣੀ ਦੇ ਪੱਧਰ ਦਾ ਹੀ ਹੈ, ਕਿਉਂਕਿ ਪਹਿਲੀ ਸ਼੍ਰੇਣੀ ਵਿੱਚ ਅੱਖਰਾਂ ਦੀ ਪਛਾਣ ਤੇ ਕੇਵਲ ਜੋੜ ਕਰਨਾ ਸਿਖਾਇਆ ਜਾਂਦਾ ਹੈ। ਸੋਚ-ਵਿਚਾਰ ਦੀ ਗੱਲ ਤਾਂ ਕਿਤੇ ਬਾਅਦ ਵਿਚ ਹੀ ਸ਼ੁਰੂ ਹੁੰਦੀ ਹੈ। ਜੇਕਰ ਵਿਗਿਆਨ ਪੜ੍ਹ ਕੇ, ਜਾਣ ਕੇ ਵੀ ਗੈਰ-ਵਿਗਿਆਨਕ ਕਾਰ-ਵਿਹਾਰ ਕਰਨਾ ਹੈ ਤਾਂ ਆਪਣੀ ਲਿਆਕਤ ਤੇ ਆਪ ਹੀ ਪੋਚਾ ਫੇਰਨ ਵਾਲੀ ਗੱਲ ਮੰਨੀ ਜਾਵੇਗੀ। ਅਜਿਹੇ ਲੋਕਾਂ ਵੱਲੋਂ ਆਮ ਜਨਜੀਵਨ ਵਿਚ ਕੀਤੇ ਜਾਂਦੇ ਕੁਝ ਗੈਰ ਵਿਗਿਆਨਕ ਵਰਤਾਰਿਆਂ ਅਤੇ ਵਿਚਾਰਾਂ ਬਾਰੇ ਚਰਚਾ ਕਰਦੇ ਹਾਂ। ਜਿਹੜੇ ਇਨ੍ਹਾਂ ਦੀ ਸੋਚ-ਸਮਝ, ਸਿੱਖਿਆ ਦਾ ਦਿਵਾਲਾ ਕੱਢ ਰਹੇ ਹਨ। ਕਿਵੇਂ ਸੱਚ ਨੂੰ ਅੱਖੋਂ-ਪਰੋਖੇ ਕਰਕੇ ਹਨੇਰਾ ਢੋਇਆ ਜਾ ਰਿਹਾ ਹੈ। ਵਿਗਿਆਨ ਦੇ ਚਾਨਣ ਵਿਚ ਉੱਲੂ ਬਣ ਵਿਚਰ ਰਹੇ ਹਨ। ਜਿਵੇਂ:-

ਪੁਸਤਕਾਂ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਅਹਿਮ ਰੋਲ ਹੈ। ਕਿਸੇ ਵੀ ਖੇਤਰ ਦੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਪੁਸਤਕਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਹਰ ਇੱਕ ਨੂੰ ਪੜ੍ਹਨ ਦਾ ਸ਼ੌਕ ਪਾਲਣਾ ਚਾਹੀਦਾ ਹੈ। ਵਧੀਆ ਪੁਸਤਕ ਚੰਗੇ ਮਿੱਤਰ ਦਾ ਰੋਲ ਨਿਭਾਉਂਦੀ ਹੈ। ਕਿਤਾਬ ਪੜ੍ਹਨਾ ਉਸ ਦੇ ਲੇਖਕ ਨਾਲ ਗੱਲਾਂ ਕਰਨ ਵਾਂਗ ਹੀ ਹੁੰਦਾ ਹੈ।

ਪ੍ਰੰਤੂ ਕਿਸੇ ਪੁਸਤਕ ਨੂੰ ਪੜ੍ਹ ਕੇ ਉਸ ਤੇ ਅਮਲ ਕਰਕੇ ਹੀ ਕਿਸੇ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਭਾਵ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਇੱਕ ਕਿਤਾਬ ਵਿੱਚ ਖਾਣੇ ਬਣਾਉਣ ਦੀਆਂ ਸੈਂਕੜੇ ਵਿਧੀਆਂ ਲਿਖੀਆਂ ਹੋਈਆਂ ਹਨ। ਉਨ੍ਹਾਂ ਵਿਧੀਆਂ ਮੁਤਾਬਕ ਵਸਤਾਂ ਲੈ ਕੇ, ਰਲ਼ਾ ਕੇ, ਪਕਾ ਕੇ ਕੋਈ ਖਾਣਾ ਤਿਆਰ ਕੀਤਾ ਜਾ ਸਕਦਾ ਹੈ। ਜਿਸ ਨਾਲ ਕਿਸੇ ਦੀ ਭੁੱਖ ਦੂਰ ਕੀਤੀ ਜਾ ਸਕਦੀ ਹੈ। ਕਿਸੇ ਨੂੰ ਸਵਾਦ ਦਿਖਾਇਆ ਜਾ ਸਕਦਾ ਹੈ।

ਪਰ ਜੇ ਕੋਈ ਵਿਅਕਤੀ ਉਸ ਕਿਤਾਬ ਮੂਹਰੇ ਹੱਥ ਜੋੜ ਕੇ ਖੜ੍ਹ ਜਾਵੇ। ਦੋਹਰਾ ਹੋ ਕੇ ਮੱਥਾ ਟੇਕਣ ਲੱਗ ਜਾਵੇ, ਨੱਕ ਰਗੜੇ ਜਾਂ ਵਾਰ-ਵਾਰ ਪੜ੍ਹੀ ਜਾਵੇ ਤਾਂ ਕੋਈ ਵੀ ਖਾਣਾ ਤਿਆਰ/ਪ੍ਰਾਪਤ ਨਹੀਂ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਨਾ ਉਸਦੀ ਭੁੱਖ ਮਿਟੇਗੀ ਨਾ ਕਿਸੇ ਹੋਰ ਦੀ ਮਿਟਾਈ ਜਾ ਸਕੇਗੀ।

ਇਸੇ ਤਰ੍ਹਾਂ ਇੱਕ ਪੁਸਤਕ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜ ਸੰਬੰਧੀ ਨੁਸਖੇ ਦਰਜ ਕੀਤੇ ਹੋਏ ਹਨ। ਦਵਾਈਆਂ ਤਿਆਰ ਕਰਨ ਦੀ ਪੂਰੀ-ਪੂਰੀ ਜਾਣਕਾਰੀ ਦਿੱਤੀ ਗਈ ਹੈ। ਕਿਸ ਰੋਗ ਵਾਸਤੇ ਕਿਹੜੀ-ਕਿਹੜੀ ਜੜ੍ਹੀ-ਬੂਟੀ ਕਿੰਨੀ ਮਾਤਰਾ ਵਿਚ ਰਲਾ, ਪਕਾ ਕੇ ਦਿੱਤੀ ਜਾਣੀ ਹੈ।

ਜੇਕਰ ਕੋਈ ਵਿਅਕਤੀ ਇਸ ਕਿਤਾਬ ਨੂੰ ਪੜ੍ਹ ਕੇ ਵਿਧੀਬੱਧ ਤਰੀਕੇ ਨਾਲ ਦਵਾਈ ਤਿਆਰ ਕਰਕੇ ਮਰੀਜ਼ ਨੂੰ ਦੱਸੇ ਅਨੁਸਾਰ ਖੁਆ ਦੇਵੇਗਾ ਤਾਂ ਉਸਦੀ ਬਿਮਾਰੀ ਠੀਕ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

ਪ੍ਰੰਤੂ ਜੇ ਕੋਈ ਇਸ ਪੁਸਤਕ ਦੇ ਮੂਹਰੇ ਖੜ੍ਹ ਕੇ ਅਰਦਾਸ, ਬੇਨਤੀ ਕਰਨ ਲੱਗ ਜਾਵੇ ਜਾਂ ਸਿਰਫ਼ ਪੜ੍ਹੀ ਜਾਵੇ ਜਾਂ ਮੱਥਾ ਘਸਾਈ ਜਾਵੇ ਤਾਂ ਇੱਕ ਵੀ ਮਰੀਜ਼ ਦੀ ਬਿਮਾਰੀ ਠੀਕ ਨਹੀਂ ਹੋ ਸਕੇਗੀ। ਕੀ ਇਸ ਨਾਲ ਸਹਿਮਤ ਹੋਇਆ ਜਾ ਸਕਦਾ ਹੈ?

ਐਪਰ ਪੜ੍ਹੇ-ਲਿਖੇ ਵੀ ਲਾਈਲੱਗ, ਅਨਪੜ੍ਹ ਲੋਕਾਂ ਵਾਂਗ ਹੀ ਧਰਮ ਗ੍ਰੰਥਾਂ ਨੂੰ ਸਿਰਫ ਮੱਥਾ ਟੇਕ ਕੇ ਜਾਂ ਬੇਨਤੀ ਕਰ ਕੇ ਕਿਸੇ ਨਤੀਜੇ ਤੇ ਪਹੁੰਚਣਾ ਚਾਹੁੰਦੇ ਹਨ। ਜਿਹੜਾ ਬਿਲਕੁਲ ਵੀ ਸੰਭਵ ਨਹੀਂ। ਜੇਕਰ ਕਿਸੇ ਧਾਰਮਿਕ ਪੁਸਤਕ ਜਾਂ ਗ੍ਰੰਥ ਮੂਹਰੇ ਮੱਥਾ ਟੇਕਣ ਨਾਲ, ਹੱਥ ਜੋੜਨ, ਨੱਕ ਰਗੜਨ, ਬੇਨਤੀ ਕਰਨ ਜਾਂ ਪੜ੍ਹਨ-ਪੜ੍ਹਾਉਣ ਨਾਲ ਹੀ ਮਨ ਦੀ ਇੱਛਾ ਪੂਰੀ ਹੋ ਸਕਦੀ ਹੈ। ਫਿਰ ਤਾਂ ਖਾਣੇ ਦੀਆਂ ਵਿਧੀਆਂ ਵਾਲੀ ਪੁਸਤਕ ਅੱਗੇ ਏਦਾਂ ਕਰਨ ਨਾਲ ਜ਼ਰੂਰ ਪੇਟ ਦੀ ਭੁੱਖ ਮਿਟਾਈ ਜਾ ਸਕਦੀ ਹੈ। ਦਵਾਈਆਂ ਤਿਆਰ ਕਰਨ ਦੀ ਜਾਣਕਾਰੀ ਵਾਲੀ ਪੁਸਤਕ ਮਰੀਜ਼ ਨੂੰ ਠੀਕ ਕਰ ਸਕਦੀ ਹੈ। ਇਸੇ ਤਰ੍ਹਾਂ ਮੋਟਰ ਮਕੈਨਿਕ ਸੰਬੰਧੀ ਸਿੱਖਿਆ ਦੇਣ ਵਾਲੀ ਕਿਤਾਬ ਨੂੰ ਬੇਨਤੀ ਕਰਨ ਤੇ ਮੋਟਰ ਗੱਡੀ ਠੀਕ ਕਰਵਾਈ ਜਾ ਸਕਦੀ ਹੈ।

ਕੀ ਇਹ ਮੰਨ ਲੈਣਾ ਚਾਹੀਦਾ ਹੈ? ਸੰਭਵ ਹੈ, ਕਿਵੇਂ?

ਹਰ ਸਾਲ ਦਿਵਾਲੀ ਤੋਂ ਕੁਝ ਦਿਨ ਪਹਿਲਾਂ ਇਕ ਵਰਤ ਪੂਜਾ ਦਾ ਤਿਓਹਾਰ

ਮਨਾਇਆ ਜਾਂਦਾ ਹੈ। ਇਸ ਦੇ ਨਾਲ ਸੰਬੰਧਤ ਪ੍ਰਚਾਰੀਆਂ ਜਾਂਦੀਆਂ ਵੱਖ-ਵੱਖ ਮਿਥਿਹਾਸਕ ਕਹਾਣੀਆਂ ਦਾ ਜ਼ਿਕਰ ਤਾਂ ਇੱਥੇ ਨਹੀਂ ਕੀਤਾ ਜਾਵੇਗਾ। ਪਰ ਵਰਤ ਪੂਜਾ ਨਾਲ ਸੰਬੰਧਤ ਇਨ੍ਹਾਂ ਕਹਾਣੀਆਂ ਦਾ ਸਿੱਟਾ ਇਹ ਦੱਸਿਆ ਜਾਂਦਾ ਹੈ ਕਿ ਵਰਤ ਰੱਖਣ ਵਾਲੀ ਔਰਤ ਦੇ ਪਤੀ ਦੀ ਉਮਰ ਲੰਬੀ ਹੋ ਜਾਂਦੀ ਹੈ। ਕਿੰਨੀ ਹਾਸੋਹੀਣੀ ਗੱਲ ਹੈ। ਇਹ ਕਿਵੇਂ ਵੀ ਸੰਭਵ ਨਹੀਂ ਹੈ। ਹਰ ਸਾਲ ਵਰਤ ਰੱਖਣ ਵਾਲੀਆਂ ਔਰਤਾਂ ਵਿੱਚੋਂ ਕਈਆਂ ਦੇ ਪਤੀ ਮਰ ਜਾਂਦੇ ਹਨ। ਪ੍ਰੰਤੂ ਦੂਜੀਆਂ ਫਿਰ ਵੀ ਇਹ ਫਜ਼ੂਲ ਕਰੀ ਜਾ ਰਹੀਆਂ ਹਨ। 15-20 ਸਾਲ ਪਹਿਲਾਂ ਖ਼ਾਸ ਤੌਰ 'ਤੇ ਪਿੰਡਾਂ ਵਿੱਚ ਕੋਈ ਵਿਰਲੀ-ਟਾਂਵੀ ਔਰਤ ਹੀ ਵਰਤ ਰੱਖਦੀ ਸੀ। ਪਰ ਹੁਣ ਫ਼ਿਲਮਾਂ, ਟੀ.ਵੀ. ਅਤੇ ਪ੍ਰਿੰਟ ਮੀਡੀਏ ਦੇ ਪ੍ਰਚਾਰ ਸਦਕਾ ਅੱਧੀਆਂ ਤੋਂ ਵੱਧ ਔਰਤਾਂ ਇਸ ਭਰਮ-ਜਾਲ ਵਿੱਚ ਫਸ ਗਈਆਂ ਹਨ, ਫਸਾ ਲਈਆਂ ਹਨ।

ਸੋਚਿਆ ਜਾ ਸਕਦਾ ਹੈ ਕਿ ਜੇਕਰ ਵਰਤ ਰੱਖਣ ਵਾਲੀ ਔਰਤ ਦਾ ਪਤੀ ਪੀਲੀਏ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਜਾਵੇ, ਕਿਸੇ ਦੁਰਘਟਨਾ ਵਿੱਚ ਲੱਤਾਂ-ਬਾਹਾਂ ਤੁੜਵਾ ਬੈਠੇ ਜਾਂ ਡੂੰਘੇ ਫੱਟ ਲੁਆ ਲਵੇ। ਪਰ ਉਹ ਆਪਣਾ ਦਵਾ-ਦਾਰੂ ਨਾ ਕਰਵਾਏ। ਫਿਰ ਕੀ ਉਸਦੀ ਉਮਰ ਵੱਧ ਸਕਦੀ ਹੈ? ਬਿਲਕੁਲ ਵੀ ਨਹੀਂ! ਇੰਝ ਹੀ ਜੇਕਰ ਕੋਈ ਮਰਦ ਸ਼ੂਗਰ, ਟੀ.ਬੀ., ਹੈਜ਼ਾ, ਨਿਮੋਨੀਆ, ਅਨੀਮੀਆ ਆਦਿ ਦੀ ਗ੍ਰਿਫਤ ਵਿੱਚ ਆ ਜਾਵੇ। ਕੀ ਕਿਸੇ ਵਿਸ਼ੇਸ਼ ਇਲਾਜ ਤੋਂ ਬਿਨਾਂ ਜਿਊਂਦਾ ਰਹਿ ਸਕੇਗਾ? ਕੀ ਸਿਰਫ਼ ਕਿਸੇ ਖ਼ਾਸ ਵਰਤ ਦੇ ਅਸਰ ਨਾਲ, ਬਿਨਾਂ ਕੋਈ ਦਵਾ-ਦਾਰੂ ਕੀਤੇ ਉਸਨੂੰ ਬਚਾਇਆ ਜਾ ਸਕਦਾ ਹੈ? ਉਮਰ ਵਧਾਈ ਜਾ ਸਕਦੀ ਹੈ? ਜੇ ਹਾਂ ਹੈ, ਤਾਂ ਫਿਰ ਵਰਤ ਪੂਜਾ ਕਰਨ ਵਾਲੀਆਂ ਔਰਤਾਂ ਨੂੰ ਆਪਣੇ ਪਤੀ ਦੀ ਦਵਾਈ ਬੰਦ ਕਰਵਾ ਕੇ ਇਸ ਦੀ ਪਰਖ ਜ਼ਰੂਰ ਕਰ ਲੈਣੀ ਚਾਹੀਦੀ ਹੈ। ਸਿੱਟਾ ਦਿਨਾਂ ਵਿੱਚ ਹੀ ਸਾਹਮਣੇ ਆ ਜਾਵੇਗਾ। ਇੰਜ ਵਰਤ ਰੱਖਣ ਲਈ ਪ੍ਰੇਰਤ ਕਰਨ ਵਾਲੀਆਂ ਕਹਾਣੀਆਂ ਦਾ ਝੂਠ ਨੰਗਾ ਹੋ ਜਾਵੇਗਾ। ਪਰ....।

☆ ਕੀ ਇਹ ਮੰਨਿਆ ਜਾ ਸਕਦਾ ਹੈ ਕਿ ਇੱਕ ਮਨੁੱਖ ਖਾਣਾ ਖਾ ਲਵੇ ਤੇ ਉਸ ਦਾ ਸਾਰੇ ਦਾ ਸਾਰਾ ਅਸਰ ਦੂਰ ਬੈਠੇ ਕਿਸੇ ਵਿਅਕਤੀ ਨੂੰ ਹੋ ਜਾਵੇ? ਪ੍ਰੰਤੂ ਅਜਿਹਾ ਸੰਭਵ ਨਹੀਂ।

ਜੇਕਰ ਇਸ ਤਰ੍ਹਾਂ ਸੰਭਵ ਹੁੰਦਾ ਤਾਂ ਮੂੰਹ ਰਾਹੀਂ ਖੁਰਾਕ ਨਾ ਖਾ ਸਕਣ ਵਾਲੇ ਮਰੀਜ਼ ਨੂੰ ਗੁਲੂਕੋਜ਼ ਜਾਂ ਨੱਕ ਰਾਹੀਂ ਨਾਲੀ ਲਾ ਕੇ ਖੁਰਾਕ ਦੇਣ ਦੀ ਲੋੜ ਨਹੀਂ ਸੀ ਪੈਣੀ। ਉਸਦੇ ਕਿਸੇ ਰਿਸ਼ਤੇਦਾਰ, ਮਿੱਤਰ ਨੇ ਉਹਦੀ ਲੋੜ ਮੁਤਾਬਕ ਦਾਲ-ਰੋਟੀ ਆਦਿ ਖਾ ਲਿਆ ਕਰਨੀ ਸੀ। ਜਿਸ ਨਾਲ ਉਸਦੀ ਭੁੱਖ ਦਾ ਮਸਲਾ ਹੱਲ ਹੋ ਜਾਣਾ ਸੀ। ਇਸ ਵਿਧੀ ਦਾ ਫਾਇਦਾ ਘਰ ਤੋਂ ਦੂਰ ਜਾਂ ਵਿਦੇਸ਼ ਗਏ ਲੋਕਾਂ ਨੂੰ ਵੀ ਹੋਣਾ ਸੀ। ਜਿਹਨਾਂ ਦਾ ਨਾਂ ਲੈ ਕੇ ਇੱਥੇ ਸਮੇਂ ਅਤੇ ਲੋੜ ਮੁਤਾਬਕ ਖੁਰਾਕ ਖਾ ਲਿਆ ਕਰਨੀ ਸੀ। ਫਿਰ ਉਥੇ ਉਨ੍ਹਾਂ ਨੂੰ ਦਾਲ-ਰੋਟੀ ਬਣਾਉਣ ਦੇ ਕੰਮ ਤੋਂ ਛੁਟਕਾਰਾ ਮਿਲ ਜਾਣਾ ਸੀ।

ਪ੍ਰੰਤੂ ਇੱਥੇ ਇਸ ਦੇ ਉਲਟ ਮੰਨ ਕੇ ਕਾਰਜ ਕੀਤੇ ਜਾ ਰਹੇ ਹਨ। ਧਾਰਮਿਕ ਰਸਮਾਂ ਮੌਕੇ ਇਹੋ ਕੁਝ ਕੀਤਾ ਜਾਂਦਾ ਹੈ। ਆਪਣੇ ਗੁਰੂ, ਪੀਰ, ਰੱਬ, ਪਿੱਤਰਾਂ (ਜਠੇਰਿਆਂ) ਨੂੰ ਭੋਗ ਲਗਾਇਆ ਜਾਂਦਾ ਹੈ, ਭਾਵ ਇਸ ਤਰ੍ਹਾਂ ਖੁਵਾਇਆ ਜਾਂਦਾ ਹੈ। ਪਰ ਖਾਧਾ ਆਪ ਜਾਂਦਾ ਹੈ ਜਾਂ ਇੱਧਰ-ਉੱਧਰ ਸੁੱਟ ਕੇ ਕਾਵਾਂ-ਕੁੱਤਿਆਂ ਨੂੰ ਪਾ ਦਿੱਤਾ ਜਾਂਦਾ ਹੈ। ਇੰਜ ਕਾਵਾਂ-ਕੁੱਤਿਆਂ ਦੇ ਪੇਟ ਰਾਹੀਂ ਵੀ ਆਪਣੇ ਬਜ਼ੁਰਗਾਂ, ਗੁਰੂ, ਪੀਰ ਨੂੰ ਖੁਰਾਕ ਪਹੁੰਚਾਈ ਜਾਣ ਦਾ ਭਰਮ ਪਾਲਿਆ ਜਾਂਦਾ ਹੈ। ਜਿਸ ਦੀ ਪ੍ਰੋੜ੍ਹਤਾ ਧਰਮ ਦੇ ਪੁਜਾਰੀ ਕਰਦੇ ਹਨ ਤੇ ਆਪ ਵੀ ਚਿੱਠੀਆਂ ਵਾਲੇ ਡੱਬੇ ਦਾ ਰੋਲ ਨਿਭਾਉਂਦੇ ਹਨ। ਮਤਲਬ ਇੱਕ ਦਾ ਖਾਧਾ ਹੋਇਆ ਦੂਜੇ ਦੇ ਪੇਟ 'ਚ ਪਹੁੰਚਾਣ ਵਾਲੀ ਗੱਲ ਨੂੰ ਮੰਨਿਆ ਜਾਂਦਾ ਹੈ, ਪ੍ਰਚਾਰਿਆ ਜਾ ਰਿਹਾ ਹੈ। ਕੀ ਅਜਿਹਾ ਮੰਨਣ ਅਤੇ ਪ੍ਰਚਾਰਨ ਵਾਲਿਆਂ ਨੂੰ ਅਗਿਆਨੀ, ਮੂਰਖ ਕਿਹਾ ਜਾ ਸਕਦਾ ਹੈ?

✲ ਆਮ ਤੌਰ 'ਤੇ ਸ਼ੋਕ ਸਮਾਗਮਾਂ ਸਮੇਂ ਵਾਰ-ਵਾਰ ਇਹ ਗੱਲ ਦੁਹਰਾਈ ਜਾਂਦੀ ਹੈ ਕਿ ਜਨਮ, ਮੌਤ ਰੱਬ ਦੇ ਹੱਥ ਹੈ। ਬਸ ਇਸੇ ਦਾ ਭੇਦ ਉਹਨੇ ਮਨੁੱਖ ਨੂੰ ਨਹੀਂ ਦਿੱਤਾ। ਜਦੋਂ ਚਾਹੇ ਉਹ ਡੋਰ ਖਿੱਚ ਲੈਂਦਾ ਹੈ। ਕਈ ਤਾਂ ਮਨੁੱਖ ਦੇ ਹੱਥ-ਵੱਸ ਕੁਝ ਵੀ ਨਹੀਂ ਕਹਿ ਕੇ ਗੱਲ ਹੀ ਨਿਬੇੜ ਦਿੰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਉਸਦੇ ਭਾਣੇ, ਕੀਤੇ ਚੰਗੇ-ਮਾੜੇ ਕਾਰਜ ਨੂੰ ਮੰਨਣਾ ਹੀ ਪੈਂਦਾ ਹੈ।

ਪ੍ਰੰਤੂ ਕੀ ਇਸ ਤਰ੍ਹਾਂ ਹੀ ਹੋ ਰਿਹਾ ਹੈ, ਨਹੀਂ। ਹੁਣ ਜੀਵਨ-ਮਰਨ ਮਨੁੱਖ ਦੇ ਹੱਥ ਹੈ, ਕਿਸੇ ਗੈਬੀ/ਰੱਬੀ ਸ਼ਕਤੀ ਦੇ ਨਹੀਂ। ਇਸ ਦੇ ਬਹੁਤ ਸਾਰੇ ਭੇਦ ਜਾਣ ਲਏ ਗਏ ਹਨ। ਇਸ ਦਾ ਸਬੂਤ ਹੈ ਕਿ ਟੈਸਟ ਟਿਊਬ ਵਿਧੀ ਰਾਹੀਂ ਮਨੱਖ ਦੇ ਬੱਚੇ ਨੂੰ ਜਨਮ ਦਿੱਤਾ ਜਾ ਸਕਦਾ ਹੈ। ਇਸ ਵਿਧੀ ਵਿੱਚ ਔਰਤ ਅਤੇ ਮਰਦ ਦੇ ਅੰਡਕੋਸ਼ ਲੈ ਕੇ ਟੈਸਟ ਟਿਊਬ ਵਿੱਚ ਭਰੂਣ ਨੂੰ ਤਿਆਰ ਕੀਤਾ ਜਾਂਦਾ ਹੈ। ਇਸ ਤਜ਼ਰਬੇ ਦਾ ਸਿਹਰਾ ਭਾਰਤੀ ਜੀਵ ਵਿਗਿਆਨੀ ਡਾ. ਹਰਗੋਬਿੰਦ ਖੁਰਾਣਾ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਹ ਖੋਜ ਅਮਰੀਕਾ ਵਿਖੇ ਕੀਤੀ ਸੀ। ਇਸ ਵਿਧੀ ਰਾਹੀਂ ਹਜ਼ਾਰਾਂ ਬੱਚੇ ਪੈਦਾ ਕੀਤੇ ਜਾ ਚੁੱਕੇ ਹਨ।

ਹੋਰ ਤਾਂ ਹੋਰ ਹੁਣ ਮਾਵਾਂ ਆਪਣੀ ਮਨਪਸੰਦ ਦਿਨ-ਤਰੀਕ ਤੇ ਬੱਚੇ ਨੂੰ ਜਨਮ ਦੇ ਸਕਦੀਆਂ ਹਨ। ਮੈਡੀਕਲ ਖੇਤਰ ਵਿੱਚ ਇਸ ਵਿਧੀ ਨੂੰ 'ਲੇਬਰ ਪ੍ਰੋਗਰਾਮ' ਦਾ ਨਾਂ ਦਿੱਤਾ ਗਿਆ ਹੈ। ਕਲੋਨ ਵਿਧੀ ਰਾਹੀਂ ਤਾਂ ਮਨੁੱਖਾਂ ਦੀ ਪਨੀਰੀ ਲਾਈ ਜਾ ਸਕਦੀ ਹੈ।

ਲੰਡਨ 'ਦ ਡੇਲੀ ਮੇਲ' ਅਖ਼ਬਾਰ ਨੇ ਮੁੱਖ ਵਿਗਿਆਨੀ ਮਾਰੀਆਂ ਬਲਾਸਕੋ ਦੇ ਹਵਾਲੇ ਨਾਲ ਕਿਹਾ ਹੈ ਕਿ ਹਮੇਸ਼ਾਂ ਜਵਾਨ ਰਹਿਣਾ ਹੁਣ ਸ਼ੇਖਚਿੱਲੀ ਦਾ ਸੁਪਨਾ ਨਹੀਂ ਹੋਵੇਗਾ। ਇੱਕ ਅਜਿਹਾ ਗੁਣ ਸੂਤਰ ਵਿਕਸਤ ਕਰ ਲਿਆ ਹੈ, ਜੋ ਮਨੁੱਖ ਦੀ ਉਮਰ ਹੋਰ ਸਵਾ ਸੌ ਸਾਲ ਤੱਕ ਵਧਾ ਦੇਵੇਗਾ।

ਬਰਾਜ਼ੀਲ ਦੇਸ਼ ਵਿੱਚ ਮੁਫ਼ਤ ਲਿੰਗ ਤਬਦੀਲੀ ਕਰਨ ਦਾ ਫ਼ੈਸਲਾ ਕੀਤਾ ਹੈ। ਜਿਸ ਵਿੱਚ ਕਿਹਾ ਗਿਆ ਹੈ, ਇਹ ਇੱਕ ਸੰਵਿਧਾਨਕ ਅਧਿਕਾਰ ਹੈ ਜੋ ਮਨੁੱਖ ਦੇ

ਸਨਮਾਨ ਅਤੇ ਬਰਾਬਰੀ ਨਾਲ ਜੁੜਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ (2006) ਸਾਲ 250 ਲਿੰਗ ਤਬਦੀਲੀ ਦੇ ਅਪ੍ਰੇਸ਼ਨ ਕੀਤੇ ਗਏ ਜੋ ਕਿ ਕਲੀਨਿਕਾਂ ਵਿੱਚ ਹੋਏ। ਸਿਹਤ ਮੰਤਰਾਲੇ ਨੇ ਕਿਹਾ ਕਿ ਹੁਣ ਅਪ੍ਰੇਸ਼ਨ ਦੀ ਕੋਈ ਫ਼ੀਸ ਨਹੀਂ ਲਈ ਜਾਵੇਗੀ। ਉਪਰੋਕਤ ਤੋਂ ਇਲਾਵਾ ਵੱਖ-ਵੱਖ ਬਿਮਾਰੀਆਂ ਜੋ ਮੌਤ ਦਾ ਕਾਰਨ ਬਣਦੀਆਂ ਹਨ ਭਾਵ ਮੌਤ ਸਨ। ਉਨ੍ਹਾਂ ਦੇ ਭੇਦ ਜਾਣ ਕੇ ਤਰ੍ਹਾਂ-ਤਰ੍ਹਾਂ ਦੀਆਂ ਜੀਵਨ ਰੱਖਿਅਕ ਦਵਾਈਆਂ ਨਾਲ ਅਤੇ ਅਪ੍ਰੇਸ਼ਨਾਂ ਰਾਹੀਂ ਮੌਤ ਨੂੰ ਛੇਤੀ ਕੀਤੇ ਨੇੜੇ ਨਹੀਂ ਆਉਣ ਦਿੱਤਾ ਜਾਂਦਾ। ਇਸ ਲਈ ਇਹ ਕਹਿਣਾ ਕਿ ਮਨੁੱਖ ਦੇ ਹੱਥ ਵੱਸ ਕੁਝ ਵੀ ਨਹੀਂ, ਅਸਲੀਅਤ ਤੋਂ ਅੱਖਾਂ ਮੀਟਣ ਵਾਲੀ ਗੱਲ ਹੈ। ਅਜਿਹੇ ਵਿਅਕਤੀ ਨੂੰ ਅਣਜਾਣ ਜਾਂ ਸ਼ੈਤਾਨ ਕਿਹਾ ਜਾ ਸਕਦਾ ਹੈ।

ਐਪਰ ਜਦੋਂ ਤੋਂ ਬੱਚੇ ਦਾ ਜਨਮ ਹੁੰਦਾ ਹੈ। ਉਸ ਦਿਨ ਤੋਂ ਲੈ ਕੇ ਮਰਨ ਤੱਕ ਹੀ ਉਸਦੇ ਭਾਣੇ ਨੂੰ ਨਹੀਂ ਮੰਨਿਆ ਜਾਂਦਾ। ਇਸ ਬਾਰੇ ਕੋਰਾ ਝੂਠ ਬੋਲਿਆ ਜਾ ਰਿਹਾ ਹੈ। ਕੀ ਬੱਚੇ ਤੋਂ ਬੁੱਢੇ ਤੱਕ ਦੇ ਮਰੀਜ਼ਾਂ ਦਾ ਇਲਾਜ ਭਾਣੇ ਨੂੰ ਮੰਨ ਕੇ ਕਰਵਾਇਆ ਜਾਂਦਾ ਹੈ ਜਾਂ ਭਾਣੇ ਦੇ ਵਿਰੁੱਧ? ਜ਼ਿੰਦਗੀ ਵਿੱਚ ਹਰ ਦੁੱਖ-ਸੁੱਖ ਮੌਕੇ ਸਿਰਫ਼ ਤਾਂ ਸਿਰਫ਼ ਆਪਣੇ ਅਨੁਸਾਰ ਹੀ ਚੱਲਿਆ ਜਾਂਦਾ ਹੈ। ਕਿਸੇ ਸਮੇਂ ਵੀ ਅਸਲ 'ਚ ਰੱਬ ਦਾ ਭਾਣਾ ਮੰਨਣ ਦੀ ਗੱਲ ਨੂੰ ਸਵੀਕਾਰਿਆਂ ਨਹੀਂ ਜਾਂਦਾ। ਜਿਹੜੇ ਭਾਣਾ ਮੰਨਣ ਦੀ ਗੱਲ ਕਰਦੇ ਹਨ। ਉਹ ਸਾਰੇ ਅਯੋਗ ਹਨ। ਨਲਾਇਕ ਹਨ, ਅਪਾਹਜ ਹਨ, ਖੜ੍ਹੇ ਪਾਣੀ ਵਰਗੇ ਹਨ। ਝੂਠੇ ਹਨ। ਜਿਨ੍ਹਾਂ ਨੇ ਭਾਣੇ ਨੂੰ ਨਹੀਂ ਮੰਨਿਆ, ਉਨ੍ਹਾਂ ਨੇ ਆਪਣੀ ਯੋਗਤਾ ਨਾਲ ਜਨਮ-ਮੌਤ ਦੇ ਕਾਰਨਾਂ ਨੂੰ ਜਾਣ ਲਿਆ ਹੈ। ਉਨ੍ਹਾਂ ਕਾਰਨਾਂ ਦਾ ਹੱਲ ਲੱਭਿਆ ਹੈ। ਜਿਸ ਦਾ ਸਿੱਟਾ ਹੈ ਕਿ ਮਨੁੱਖ ਦੀ ਔਸਤ ਉਮਰ ਹੁਣ 60 ਸਾਲ ਤੋਂ ਵੱਧ ਹੋ ਗਈ ਹੈ। ਹੋਰ ਕੰਮਾਂ ਵਿੱਚ ਵੀ ਵਾਰ-ਵਾਰ ਅਸਫ਼ਲ ਰਹਿਣ ਵਾਲਿਆਂ ਦੀ ਸਫ਼ਲਤਾ ਦਾ ਰਾਜ ਇਹ ਹੀ ਹੈ ਕਿ ਉਹ ਕਿਸੇ ਰੱਬ ਦੇ ਭਾਣੇ ਨੂੰ ਮੰਨ ਕੇ ਬੈਠੇ ਨਹੀਂ, ਹਾਰੇ ਨਹੀਂ।

ਜੇਕਰ ਸਾਡੇ ਵਿਗਿਆਨੀ ਵੀ ਭਾਣੇ ਨੂੰ ਮੰਨਣ ਵਾਲੇ ਹੁੰਦੇ ਤਾਂ ਅੱਧੀ ਤੋਂ ਵੱਧ ਦੁਨੀਆਂ ਅਪਾਹਜ ਹੋਣੀ ਸੀ। ਪੋਲੀਓ ਅਤੇ ਚੇਚਕ ਵਰਗੀਆਂ ਬਿਮਾਰੀਆਂ ਦਾ ਇਲਾਜ ਨਹੀਂ ਲੱਭਿਆ ਜਾ ਸਕਣਾ ਸੀ।

ਹੁਣ ਮਨੁੱਖੀ ਸਰੀਰ ਦੇ ਵੱਖ-ਵੱਖ ਅੰਗ ਇੱਕ ਮਸ਼ੀਨ ਦੇ ਪੁਰਜ਼ਿਆਂ ਵਾਂਗ ਬਦਲਣੇ ਸੰਭਵ ਹਨ। ਇਹ ਸਭ ਜੀਵਨ ਮਰਨ ਦੇ ਭੇਦ ਜਾਨਣ ਦਾ ਸਿੱਟਾ ਹੈ ਅਤੇ ਮਨੁੱਖ ਦੇ ਹੱਥ ਵੱਸ ਹੈ। ਅਜੋਕੇ ਮਨੁੱਖ ਦੀ ਹੋਂਦ ਤੇ ਰੂਪ ਅਤੇ ਜਿਸ ਨੂੰ ਤਰੱਕੀ ਕਿਹਾ ਜਾ ਰਿਹਾ ਹੈ। ਇਹ ਸਭ ਭਾਣਾ ਨਾ ਮੰਨਣ ਦਾ ਪ੍ਰਤੱਖ ਪ੍ਰਮਾਣ ਹੈ।

✲ ਕੀ ਸਿਰਫ਼ ਪੈਸੇ ਨਾਲ ਹੀ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ?

ਉਮੀਦ ਹੈ ਜਵਾਬ ਨਾਂਹ ਵਿੱਚ ਹੀ ਹੋਵੇਗਾ। ਖੁਸ਼ੀ ਤੇ ਤਸੱਲੀ ਪੈਸੇ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਪ੍ਰੰਤੂ ਅਜੋਕੇ ਦੌਰ ਵਿੱਚ ਪੈਸੇ ਖ਼ਰਚ ਕਰਕੇ ਖੁਸ਼ੀਆਂ ਪ੍ਰਾਪਤ

ਕਰਨ ਦੇ ਚੱਕਰ ਵਿੱਚ ਬਹੁਤੇ ਲੋਕ ਬਰਬਾਦ ਹੋ ਰਹੇ ਹਨ। ਇਹ ਦੂਜਿਆਂ ਨੂੰ ਵੀ ਮਜ਼ਬੂਰ ਕਰ ਰਹੇ ਹਨ। ਐਸੇ ਭਰਮ ਦਾ ਸ਼ਿਕਾਰ ਲੋਕ ਬੇਲੋੜੀਆਂ, ਮਹਿੰਗੀਆਂ, ਸਮਾਜਿਕ, ਧਾਰਮਿਕ ਰਸਮਾਂ ਨਿਭਾਉਂਦਿਆਂ ਮਨਾਉਂਦਿਆਂ ਸਾਰਾ ਜੀਵਨ ਹੀ ਇਨ੍ਹਾਂ ਦੇ ਲੇਖੇ ਲਾ ਦਿੰਦੇ ਹਨ। ਮਹਿੰਗੇ ਵਿਆਹ ਕਾਰਜ, ਜਨਮ ਦਿਨ, ਪਾਰਟੀਆਂ, ਵਿਆਹ ਵਰ੍ਹੇਗੰਢ, ਮਰਨੇ, ਕੋਠੀਆਂ, ਬੇਲੋੜਾਂ ਘਰੇਲੂ ਸਮਾਨ, ਗਹਿਣੇ ਆਦਿ ਦੇ ਖ਼ਰਚਿਆਂ ਕਾਰਨ ਆਪਣਾ ਤੇ ਹੋਰਨਾਂ ਦਾ ਜੀਣਾ ਹਰਾਮ ਕਰ ਰਹੇ ਹਨ। ਵੱਧ ਖ਼ਰਚ ਕਰਕੇ ਵੱਧ ਖੁਸ਼ੀ ਪ੍ਰਾਪਤ ਕਰਨ ਦਾ ਭੁਲੇਖਾ ਪਾਲਿਆ ਜਾ ਰਿਹਾ ਹੈ। ਜਦੋਂ ਕਿ ਸਿੱਟਾ ਇਸੇ ਦੇ ਉਲਟ ਹੀ ਨਿਕਲਦਾ ਹੈ। ਅਜਿਹੀ ਖੁਸ਼ੀ ਪ੍ਰਾਪਤ ਕਰਨ ਮਗਰੋਂ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਹਵਾ 'ਚ ਉਲਾਰੀ ਗੇਂਦ ਜਿੰਨਾ ਚਿਰ ਉਪਰ ਰਹਿ ਸਕਦੀ ਹੈ ਐਨਾ ਕੁ ਸਮਾਂ ਅਜਿਹੀ ਖੁਸ਼ੀ ਦਾ ਹੁੰਦਾ ਹੈ। ਜ਼ਿੰਦਗੀ ਦੀ ਦੌੜ ਖੇਡ ਮੈਦਾਨ ਦੇ ਚੱਕਰ ਲਾਉਣ ਵਾਂਗ ਭਾਵ ਸਮਾਜਿਕ, ਧਾਰਮਿਕ ਬੰਧਨਾਂ ਵਿਚ ਰਹਿ ਕੇ ਕੀਤੇ ਕਾਰਜ ਕਿਸੇ ਮੰਜ਼ਲ ਤੇ ਪਹੁੰਚਣ ਤੋਂ ਅਸਮਰੱਥ ਰਹਿੰਦੇ ਹਨ। ਸਗੋਂ ਵੱਧ ਖਰਚ ਕਰਨ ਕਾਰਨ ਚਿੰਤਾਵਾਂ ਫਿਕਰਾਂ 'ਚ ਮਨੁੱਖ ਹੋਰ ਤੇਜ਼ ਤੁਰਨ ਦੀ ਕੋਸ਼ਿਸ਼ (ਵੱਡਾ ਬਣਨ) ਕਰਦਾ-ਕਰਦਾ ਪਿੱਛੇ ਨੂੰ ਤਿਲ੍ਹਕ ਜਾਂਦਾ ਹੈ। ਅਜਿਹੇ ਬੇਲੋੜੇ ਖਰਚਿਆਂ ਦੀ ਪੂਰਤੀ ਲਈ ਪੈਸੇ ਦੀ ਦੌੜ ਵਿੱਚ ਸ਼ਾਮਲ ਹੋਣ ਵਾਲਾ ਮਨੁੱਖ ਕਦੇ ਵੀ ਖੁਸ਼ ਨਹੀਂ ਰਹਿ ਸਕਦਾ ਤੇ ਨਾ ਹੀ ਹੋਰ ਕਿਸੇ ਨੂੰ ਕਰ ਸਕਦਾ ਹੈ ਤੇ ਫਿਰ ਅਜਿਹੇ ਵਿਅਕਤੀ ਦਾ ਜਿਉਂਦੇ ਰਹਿਣਾ ਜ਼ਰੂਰੀ ਹੈ?

ਉਪਰੋਕਤ ਵਿਚਾਰ ਚਰਚਾ ਤੋਂ ਸਮਝਿਆ, ਜਾਣਿਆ ਜਾ ਸਕਦਾ ਹੈ ਕਿ ਕਿਵੇਂ ਪੜ੍ਹੇ-ਲਿਖੇ ਬੁੱਕਲ 'ਚ ਬੈਟਰੀ ਲੈ ਕੇ ਹਨੇਰੇ 'ਚ ਟੱਕਰਾਂ ਮਾਰ ਰਹੇ ਹਨ। ਠੋਕਰਾਂ ਖਾ ਰਹੇ ਹਨ। ਵਿਗਿਆਨ ਪੜ੍ਹ ਕੇ ਵੀ ਵਿਗਿਆਨਕ ਸੋਚ ਅਪਣਾਉਣ ਤੋਂ ਟਾਲਾ ਵੱਟ ਰਹੇ ਹਨ। ਬੇਲੋੜੀਆਂ, ਗੈਰ-ਵਿਗਿਆਨਕ ਰਸਮਾਂ-ਰੀਤਾਂ, ਮਨੌਤਾਂ, ਮਿੱਥਾਂ, ਵਿਚਾਰਾਂ-ਤਿਉਹਾਰਾਂ ਨੂੰ ਪੈੜ ਤੇ ਪੈਰ ਰੱਖ ਕੇ ਤੁਰਨ ਵਾਂਗ ਮੰਨ ਰਹੇ ਹਨ।

ਪਰ ਸਮੇਂ ਦੀ ਮੰਗ ਹੈ ਕਿ ਵਿਗਿਆਨ ਦੇ ਯੁੱਗ ਅੰਦਰ ਵਿਗਿਆਨਕ ਸੋਚ ਸਮਝ ਵਰਤਦੇ ਹੋਏ ਕੀ, ਕਿਉਂ, ਕਿਵੇਂ, ਕਦੋਂ, ਕਿੱਥੇ ਸਵਾਲ ਖੜ੍ਹੇ ਕਰਕੇ, ਇਨ੍ਹਾਂ ਦਾ ਸੱਚ ਜਾਣਨਾ ਹੀ ਪੈਣਾ ਹੈ। ਆਪਣੀ ਸਿੱਖਿਆ ਨੂੰ ਅਮਲ ਵਿਚ ਲਿਆ ਕੇ ਸੋਚ ਸਮਝ ਵਿੱਚ ਵਾਧਾ ਕਰਨਾ ਹੋਵੇਗਾ ਤਾਂ ਕਿ ਦਿਮਾਗੀ ਦਿਵਾਲੀਆਪਣ ਦੂਰ ਹੋ ਸਕੇ। ਫਿਰ ਹੀ ਮਾਨਵੀ ਵਿਹਾਰ ਦੀ ਸ਼ੁਰੂਆਤ ਹੋਵੇਗੀ ਤੇ ਇੰਝ ਪੜ੍ਹੇ-ਲਿਖੇ ਹੋਣ, ਚੰਗੀ ਸਿੱਖਿਆ, ਸੋਚ, ਸਮਝ ਦਾ ਸੱਚ ਸਾਹਮਣੇ ਆਵੇਗਾ।

***

ਅਜ਼ਾਦੀ 'ਤੇ ਅਫ਼ਵਾਹ

ਅਫ਼ਵਾਹ ਦਾ ਮੂਲ ਅਗਿਆਨ ਹੈ। ਇਹ ਕੂੜ-ਪ੍ਰਚਾਰ ਦੀ ਕਿਰਿਆ ਹੈ। ਅਫ਼ਵਾਹ ਸ਼ੈਤਾਨ ਲੋਕਾਂ ਦਾ ਸੰਦ ਹੈ। ਉਹ ਆਪਣੇ ਹਿੱਤ ਬਾਬਤ ਇਸ ਦੀ ਵਰਤੋਂ ਕਰਦੇ ਹਨ। ਇਸ ਨਾਲ ਕਿਸੇ ਦਾ ਕਿੰਨਾ ਨੁਕਸਾਨ ਹੁੰਦਾ ਹੈ। ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੁੰਦੀ। ਸਮੇਂ-ਸਮੇਂ ਤੇ ਲੋਕਾਈ ਅਫ਼ਵਾਹਾਂ ਦੀ ਮਾਰ ਹੇਠ ਆਉਂਦੀ ਰਹਿੰਦੀ ਹੈ। ਜਿਵੇਂ-ਜਿਵੇਂ ਸੰਚਾਰ ਸਾਧਨਾਂ ਦੀ ਤਰੱਕੀ ਹੋਈ ਹੈ। ਇਸੇ ਆਧਾਰ 'ਤੇ ਅਫ਼ਵਾਹ ਦਾ ਘੇਰਾ ਵਿਸ਼ਾਲ ਅਤੇ ਚਾਲ ਤੇਜ਼ ਹੋਈ ਹੈ। ਜਿਸ ਕਾਰਨ ਇਹ ਦੀ ਮਾਰ ਹੇਠ ਸੈਂਕੜੇ ਹੀ ਨਹੀਂ ਸਗੋਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਲੋਕ ਵੀ ਆ ਜਾਂਦੇ ਹਨ। ਕਿਸੇ ਵੀ ਤਰ੍ਹਾਂ ਦੀਆਂ ਫ਼ੈਲਾਈਆਂ ਜਾਂਦੀਆਂ ਅਫ਼ਵਾਹਾਂ ਲੋਕ ਹਿੱਤ ਵਿੱਚ ਨਹੀਂ ਹੁੰਦੀਆਂ।

ਛੋਟੇ ਪੱਧਰ ਤੇ ਫ਼ੈਲਾਈ ਕਿਸੇ ਅਫ਼ਵਾਹ ਪ੍ਰਤੀ ਜਾਣਕਾਰੀ ਪ੍ਰਾਪਤ ਕਰਕੇ ਉਸ ਦਾ ਅੰਤ ਛੇਤੀ ਕੀਤਾ ਜਾ ਸਕਦਾ ਹੈ, ਕਰ ਦਿੱਤਾ ਜਾਂਦਾ ਹੈ। ਪ੍ਰੰਤੂ ਵੱਡੇ ਪੱਧਰ 'ਤੇ ਯੋਜਨਾਬੱਧ ਫੈਲਾਈਆਂ ਜਾਂਦੀਆਂ ਅਫ਼ਵਾਹਾਂ ਛੇਤੀ ਕਾਬੂ ਵਿੱਚ ਨਹੀਂ ਆਉਂਦੀਆਂ। ਲੋਕਾਂ ਦਾ ਨੁਕਸਾਨ ਕਰ ਹੀ ਜਾਂਦੀਆਂ ਹਨ। ਕੁਝ ਅਫ਼ਵਾਹਾਂ ਦਾ ਪ੍ਰਚਾਰ ਐਨਾ ਜ਼ੋਰਦਾਰ ਹੁੰਦਾ ਹੈ ਕਿ ਵਰ੍ਹਿਆਬੱਧੀ ਕਾਇਮ ਰਹਿੰਦੀਆਂ ਹਨ। ਅਜਿਹੀ ਅਫ਼ਵਾਹ ਦਾ ਝੂਠ ਸੱਚ ਵਰਗਾ ਹੀ ਜਾਪਣ ਲੱਗ ਜਾਂਦਾ ਹੈ। ਕਈਆਂ ਦਾ ਅਸਰ ਕੁਝ ਮਿੰਟਾਂ ਜਾਂ ਘੰਟਿਆਂ ਤੱਕ ਤੇ ਕੁਝ ਦਾ ਕਈ ਦਿਨਾਂ ਤੱਕ ਕਾਇਮ ਰਹਿੰਦਾ ਹੈ। ਕੁਝ ਅਫਵਾਹਾਂ ਦਾ ਪਰਦਾ ਸਾਲਾਂਬੱਧੀ ਬਣਿਆ ਰਹਿੰਦਾ ਹੈ। ਜਿਵੇਂ ਰੱਸੀ ਨੂੰ ਸੱਪ ਕਹਿਣ ਦੀ ਅਫ਼ਵਾਹ ਥੋੜ੍ਹ ਚਿਰੀ ਹੁੰਦੀ ਹੈ। ਰੱਖੜੀਆਂ ਨਾ ਖੋਲ੍ਹਣ ਤੇ ਨੁਕਸਾਨ ਹੋਣ ਅਤੇ ਭੂਚਾਲ ਬਾਰੇ ਅਫ਼ਵਾਹ ਇੱਕ-ਦੋ ਦਿਨਾਂ ਤੱਕ ਹੀ ਸੀਮਤ ਰਹੀਆਂ। ਧਰਤੀ ਤੇ ਜੀਵਨ ਖ਼ਤਮ ਹੋਣ ਦੀ ਅਫ਼ਵਾਹ ਹਰ ਚਾਰ-ਪੰਜ ਸਾਲ ਦੇ ਵਕਫ਼ੇ ਤੋਂ ਬਾਅਦ ਮੁੜ-ਮੁੜ ਪੈਦਾ ਕੀਤੀ ਜਾਂਦੀ ਹੈ। ਜੋ ਲੋਕਾਂ ਦਾ ਆਰਥਿਕ ਤੇ ਮਾਨਸਿਕ ਨੁਕਸਾਨ ਕਰ ਹੀ ਜਾਂਦੀ ਹੈ।

ਪ੍ਰੰਤੂ ਭਾਰਤ ਦੇਸ਼ ਦੇ ਅਜ਼ਾਦ ਹੋਣ ਦੀ ਅਫ਼ਵਾਹ ਪਿਛਲੇ 62 ਸਾਲ ਤੋਂ ਉਂਝ ਦੀ ਉਂਝ ਕਾਇਮ ਹੈ। ਇਸ ਦਾ ਪ੍ਰਚਾਰ ਯੋਜਨਾ-ਬੱਧ ਲਗਾਤਾਰ ਕੀਤਾ ਜਾ ਰਿਹਾ ਹੈ। ਜਿਸ ਕਾਰਨ ਅਜੇ ਤੱਕ ਇਹਦਾ ਪਰਦਾਫਾਸ਼ ਨਹੀਂ ਹੋ ਸਕਿਆ। ਅਸਲ 'ਚ ਦੇਸ਼ ਅਜ਼ਾਦ ਹੋਇਆ ਹੀ ਨਹੀਂ। ਐਪਰ ਫਿਰ ਵੀ ਹਰ ਸਾਲ 15 ਅਗਸਤ ਨੂੰ ਅਜ਼ਾਦੀ ਦਾ ਦਿਨ ਦੱਸਿਆ ਤੇ ਮਨਾਇਆ ਜਾਂਦਾ ਹੈ। ਸਾਰੇ ਦੇਸ਼ ਦੇ ਲੋਕਾਂ ਨੂੰ ਸਫ਼ਲਤਾ ਪੂਰਵਕ ਮੂਰਖ ਬਣਾਇਆ ਹੋਇਆ ਹੈ। ਸਾਰੇ ਸੰਸਾਰ ਸਾਹਮਣੇ ਦਿੱਲੀ ਦੇ ਲਾਲ ਕਿਲ੍ਹੇ ਤੇ ਖੜ੍ਹਕੇ ਝੂਠ ਬੋਲਿਆਂ ਜਾਂਦਾ ਹੈ। ਕਦੇ ਕਿਸੇ ਨੇ ਸਵਾਲ ਹੀ ਨਹੀਂ ਕੀਤਾ ਅਜ਼ਾਦੀ ਬਾਰੇ। ਇਹ

ਕਿਧਰੋਂ ਆਈ ਤੇ ਕਿੱਧਰ ਗਈ, "ਕੌਣ ਗੁਲਾਮ ਸੀ ਤੇ ਅਜ਼ਾਦ ਕਿਵੇਂ ਹੋਇਆ? ਕਹਿਣ ਦਾ ਭਾਵ ਜੋ ਗੁਲਾਮੀ ਵੇਲੇ ਮੁਸ਼ਕਲਾਂ ਸਨ ਕੀ ਹੁਣ ਅਜ਼ਾਦੀ ਮਿਲਣ ਤੇ ਖ਼ਤਮ ਹੋ ਗਈਆਂ ਹਨ ਜੇ ਨਹੀਂ ਤਾਂ ਅਜ਼ਾਦੀ ਦਾ ਅਰਥ ਕੀ ਹੈ? ਤੇ ਕਿਸ ਲਈ ਹੋ ਰਿਹਾ ਹੈ ਇਹ ਕੂੜ-ਪ੍ਰਚਾਰ। ਕੀ ਇਹ ਇੰਝ ਨਹੀਂ ਲੱਗ ਰਿਹਾ ਜਿਵੇਂ ਧਰਮ ਸਵਰਗ ਦਾ ਲਾਰਾ ਲਾ ਕੇ, ਰੌਲਾ ਪਾ ਕੇ ਸ਼ਰਧਾਲੂਆਂ ਦੀ ਲੁੱਟ ਕਰ ਰਿਹਾ ਹੈ। ਉਨ੍ਹਾਂ ਨੂੰ ਧਿਆਨ/ਸਮਾਧੀ (ਮੈਡੀਟੇਸ਼ਨ) ਰਾਹੀਂ ਸਵਰਗ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਤੇ ਸ਼ਰਧਾਲੂ ਸੰਮੋਹਤ ਹੋ ਸਵਰਗ ਦੀ ਪ੍ਰਾਪਤੀ ਦੇ ਰਾਗ ਗਾਈ ਜਾਂਦੇ ਹਨ। ਇੰਜ ਹੀ ਦੇਸੀ ਹਾਕਮ ਆਜ਼ਾਦੀ ਦੇ ਭਰਮ 'ਚ ਫਸਾ ਕੇ ਲੁੱਟ ਕਰੀ ਜਾ ਰਹੇ ਹਨ। ਆਪ ਹਰ ਤਰ੍ਹਾਂ ਦੀ ਮੌਜ (ਆਜ਼ਾਦੀ) ਮਾਣ ਰਹੇ ਹਨ। ਪ੍ਰੰਤੂ ਲੋਕਾਈ ਗਰੀਬੀ, ਅਨਪੜ੍ਹਤਾ, ਮਹਿੰਗਾਈ, ਬੇਕਾਰੀ, ਜਾਤੀਵਾਦ, ਫਿਰਕਾਪ੍ਰਸਤੀ, ਖੇਤਰੀਵਾਦ, ਹਿੰਸਾ ਵਰਗੀਆਂ ਜ਼ੰਜ਼ੀਰਾਂ 'ਚ ਜਕੜੀ ਹੋਈ ਹੈ। ਜਿਹੜੀ ਗੁਲਾਮ ਹੋ ਕੇ ਵੀ ਆਪਣੇ ਆਪ ਨੂੰ ਅਜ਼ਾਦ ਹੋਣ ਦਾ ਭਰਮ ਪਾਲ ਰਹੀ ਹੈ। ਭੁਲੇਖੇ ਦਾ ਸ਼ਿਕਾਰ ਹੈ। ਅਜ਼ਾਦੀ ਦੀ ਅਫ਼ਵਾਹ ਦੇ ਸਿਕੰਜ਼ੇ 'ਚ ਫਸੀ ਹੋਈ ਹੈ। ਅਫ਼ਵਾਹ ਦੇ ਸੰਦ/ਹਥਿਆਰ ਨੂੰ ਦੇਸ਼ ਦੇ ਸ਼ੈਤਾਨ ਹੁਕਮਰਾਨ ਅੱਜ ਤੱਕ ਸਫਲਤਾ ਪੂਰਵਕ ਵਰਤ ਰਹੇ ਹਨ।

ਐਪਰ ਕੀ ਦੇਸ਼ ਮਹਿਜ਼ ਕਿਸੇ ਭੂਗੋਲਿਕ ਖਿੱਤੇ ਦਾ ਨਾਂ ਹੁੰਦਾ ਹੈ? ਦੇਸ਼ ਦੀ ਆਜ਼ਾਦੀ ਤੋਂ ਭਾਵ ਉੱਥੇ ਵਸਣ ਵਾਲੇ ਲੋਕਾਂ ਨਾਲ ਸੰਬੰਧਤ ਸਵਾਲ ਹੈ। ਕੀ ਅੰਗਰੇਜ਼ ਦੀ ਹਕੂਮਤ ਤੋਂ ਮੁਕਤੀ ਪਾਉਣਾ ਹੀ ਆਜ਼ਾਦੀ ਦਾ ਦੂਜਾ ਨਾਂ ਸੀ? ਕੀ ਕੇਵਲ ਅੰਗਰੇਜ਼ ਸ਼ਾਸ਼ਨ ਹੀ ਗੁਲਾਮੀ ਦਾ ਬਿੰਬ ਜਾਂ ਕਾਰਨ ਸਨ? ਇਨ੍ਹਾਂ ਨੂੰ ਹੁਣ ਤੱਕ ਇੰਜ ਹੀ ਕਿਉਂ ਪ੍ਰਚਾਰਿਆ ਜਾ ਰਿਹਾ ਹੈ ਕਿ ਅੰਗਰੇਜ਼ਾਂ ਨੇ ਦੇਸ਼ ਨੂੰ ਗੁਲਾਮ ਬਣਾਇਆ ਹੋਇਆ ਸੀ ਤਾਂ ਫਿਰ 1947 ਤੋਂ ਪਹਿਲਾਂ ਤੇ ਬਾਅਦ ਦੇ ਰਾਜ ਪ੍ਰਬੰਧ ਨੇ ਗੁਲਾਮੀ ਤੋਂ ਆਜ਼ਾਦੀ ਨੂੰ ਕਿਨ੍ਹਾਂ ਅਰਥਾਂ ਵਿੱਚ ਤਬਦੀਲ ਕੀਤਾ ਹੈ? ਇਹ ਸਵਾਲ ਪੁੱਛਣੇ ਬਣਦੇ ਹਨ, ਜਾਨਣੇ ਬਣਦੇ ਹਨ, ਦੇਸੀ ਹੁਕਮਰਾਨਾਂ ਤੋਂ।

ਅਸਲ ਵਿੱਚ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗਿਆਂ ਹੋਰਨਾਂ ਆਗੂਆਂ ਨੇ ਵੀ ਦੇਸ਼ ਦੇ ਲੋਕਾਂ ਨੂੰ ਵਿਦੇਸ਼ੀ ਹਕੂਮਤ ਤੋਂ ਮੁਕਤੀ, ਭਾਰਤ ਦੀ ਧਰਤੀ ਤੋਂ ਅੰਗਰੇਜ਼ ਭਜਾਉਣ ਨੂੰ ਆਜ਼ਾਦੀ ਦੇ ਅਰਥਾਂ ਵਿੱਚ ਪ੍ਰਚਾਰ ਕੀਤਾ। ਪ੍ਰੰਤੂ ਉਨ੍ਹਾਂ ਦਾ ਆਪਣਾ ਉਦੇਸ਼ ਦੇਸ਼ ਦੇ ਹਾਕਮ ਬਣਨਾ ਸੀ। ਭਾਰਤੀ ਲੋਕਾਂ ਨੂੰ ਉਨ੍ਹਾਂ ਦੀਆਂ ਮੁਸੀਬਤਾਂ ਤੋਂ ਛੁਟਕਾਰਾ ਦਿਵਾਉਣਾ ਨਹੀਂ ਸੀ। ਇਸ ਲਈ ਉਨ੍ਹਾਂ ਨੇ ਭੁੱਖ ਨਾਲ ਰੋ ਰਹੇ ਬੱਚੇ ਨੂੰ ਦੁੱਧ ਪਿਲਾਉਣ ਦਾ ਪ੍ਰਬੰਧ ਕਰਨ ਦੀ ਬਜਾਏ ਹੱਥ ਵਿੱਚ ਛੁਣਛੁਣਾ ਦੇਣ ਵਰਗੇ ਕਾਰਜ ਨੂੰ ਵਿਉਂਤ ਕੇ ਸਿਰੇ ਚੜ੍ਹਾਇਆ। ਉਨ੍ਹਾਂ ਨੇ ਮਸਲਿਆਂ ਪ੍ਰਤੀ ਨਾ ਤਾਂ ਉਸ ਸਮੇਂ ਤੇ ਨਾ ਹੀ ਡੰਮੀ ਅਜ਼ਾਦੀ ਤੋਂ ਬਾਅਦ ਹੀ ਗੰਭੀਰ ਯਤਨ ਕੀਤੇ। ਜਿਸ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਜਿਉਂ ਦੀਆਂ ਤਿਉਂ ਹੀ ਖੜ੍ਹੀਆਂ ਰਹੀਆਂ। ਪ੍ਰੰਤੂ ਉਹ ਆਪ ਰਾਜ

ਗੱਦੀ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਏ।

ਆਜ਼ਾਦੀ ਤੋਂ ਪਹਿਲਾਂ ਦੇਸ਼ ਨੂੰ ਜਿੰਨੀਆਂ ਮੁਸ਼ਕਲਾਂ ਸਨ। ਹੁਣ ਉਸ ਤੋਂ ਵੀ ਵੱਧ ਤੇ ਵਿਸ਼ਾਲ ਰੂਪ ਧਾਰ ਗਈਆਂ ਹਨ। ਇਹ ਅਜ਼ਾਦ ਦੇਸ਼ ਦੇ ਰਾਜ ਕਰਤਾ ਲੋਕਾਂ ਦੀ ਅਣਗਹਿਲੀ ਤੇ ਅਯੋਗਤਾ ਦਾ ਸਿੱਟਾ ਹਨ। ਭਾਵੇਂ ਦੇਸੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ, ਫੈਸਲਿਆਂ ਦੇ ਖਿਲਾਫ਼, ਅਖੌਤੀ ਵਿਰੋਧੀ ਪਾਰਟੀਆਂ ਹੋ ਹੱਲਾ ਮਚਾਉਂਦੀਆਂ ਰਹਿੰਦੀਆਂ ਹਨ। ਅਸਲ 'ਚ ਡਰਾਮੇ ਕਰਦੀਆਂ ਹਨ। ਕਿਉਂਕਿ ਜਦੋਂ ਆਪ ਉਸੇ ਕੁਰਸੀ ਤੇ ਜਨਤਾ ਨੂੰ ਗੁੰਮਰਾਹ ਕਰਕੇ ਬਿਰਾਜਮਾਨ ਹੋ ਜਾਂਦੀਆਂ ਹਨ। ਫਿਰ ਉਹੀ ਲੋਕ ਵਿਰੋਧੀ ਨੀਤੀਆਂ ਸਗੋਂ ਹੋਰ ਤੇਜ਼ੀ ਨਾਲ ਲਾਗੂ ਕਰਨ ਲੱਗ ਜਾਂਦੀਆਂ ਹਨ। ਰਾਜਸੀ ਆਗੂਆਂ, ਪਾਰਟੀਆਂ ਵੱਲੋਂ ਲੋਕ ਮੁੱਦਿਆਂ ਪ੍ਰਤੀ ਰੌਲਾ ਪਾਉਣਾ, ਸਿਰਫ਼ ਕੁਰਸੀ ਤੇ ਪਹੁੰਚਣ ਲਈ ਪੌੜੀ ਵਾਂਗ ਵਰਤਣ ਤੋਂ ਵੱਧ ਕੁਝ ਵੀ ਨਹੀਂ ਹੈ। ਜਿਵੇਂ ਨਹਿਰੂ-ਗਾਂਧੀ ਵਰਗਿਆਂ ਨੇ ਅੰਗਰੇਜ਼ਾਂ ਦੀ ਹਕੂਮਤ ਦੇ ਛੁਟਕਾਰੇ ਨੂੰ ਹੀ ਸਭ ਮਸਲਿਆਂ ਦਾ ਹੱਲ ਭਾਵ ਮੁਕਤੀ ਭਾਵ ਆਜ਼ਾਦੀ ਪ੍ਰਚਾਰ ਕੇ ਰਾਜਗੱਦੀ ਪ੍ਰਾਪਤ ਕਰਨ ਦਾ ਪੱਤਾ ਖੇਡਿਆ ਸੀ। ਐਪਰ ਦੇਸ਼ ਦੇ ਲੋਕ ਦੁੱਧ ਦੀ ਬੋਤਲ ਅੱਜ ਤੱਕ ਉਡੀਕ ਰਹੇ ਹਨ ਕਿਉਂਕਿ ਆਜ਼ਾਦੀ ਦੇ ਛੁਣਛੁਣੇ ਨੇ ਉਨ੍ਹਾਂ ਦੀ ਭੁੱਖ ਦਾ ਇਲਾਜ ਭਾਵ ਮਸਲਿਆਂ ਨੂੰ ਹੱਲ ਨਹੀਂ ਕੀਤਾ। ਜੇਕਰ ਉਨ੍ਹਾਂ ਨੂੰ ਦੇਸ਼ ਨਾਲ ਹਿੱਤ ਹੁੰਦਾ, ਲੋਕਾਂ ਨਾਲ ਪਿਆਰ ਹੁੰਦਾ ਤਾਂ ਮਹਿੰਗਾਈ, ਗਰੀਬੀ, ਬੇਕਾਰੀ, ਅਨਪੜ੍ਹਤਾ ਵਰਗੇ ਮਸਲੇ ਕਦੋਂ ਦੇ ਹੱਲ ਹੋ ਜਾਣੇ ਸੀ।

ਐਪਰ ਲੋਕਾਂ ਦੇ ਹਿੱਤਾਂ ਦੀ ਸਿਰਫ਼ ਗੱਲ ਕਰਨ ਵਾਲੇ ਦੇਸੀ ਹਾਕਮ ਅੱਜ ਵੀ ਲੋਕਾਂ ਨਾਲ ਗੁਲਾਮਾਂ ਵਰਗਾ ਹੀ ਵਿਹਾਰ ਕਰ ਰਹੇ ਹਨ। ਗੁਲਾਮਾਂ ਨੂੰ ਸਿੱਖਿਆ/ਵਿੱਦਿਆ ਤੋਂ ਦੂਰ ਰੱਖਿਆ ਜਾਂਦਾ ਹੈ। ਅੱਜ ਵੀ ਸਕੂਲੀ ਸਿੱਖਿਆ ਦੇਸ਼ ਦੀ ਵੱਡੀ ਆਬਾਦੀ ਦੀ ਪਹੁੰਚ ਤੋਂ ਬਾਹਰ ਹੈ। ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋ ਜਾਣ ਨਾਲ ਇਸ ਗਿਣਤੀ ਵਿਚ ਹੋਰ ਵਾਧਾ ਹੋ ਰਿਹਾ ਹੈ। ਗੁਲਾਮਾਂ ਦੀਆਂ ਸਿਹਤ ਸਹੂਲਤਾਂ ਪ੍ਰਤੀ ਵੀ ਬਹੁਤੀ ਚਿੰਤਾ ਨਹੀਂ ਕੀਤੀ ਜਾਂਦੀ। ਆਜ਼ਾਦ ਭਾਰਤ ਅੰਦਰ ਲੋਕ ਇਲਾਜ ਨਾ ਕਰਵਾ ਸਕਣ ਕਾਰਨ ਮਰ ਰਹੇ ਹਨ। ਉਨ੍ਹਾਂ ਦੇ ਪਰਿਵਾਰਕ ਰਿਸ਼ਤੇਦਾਰ ਮਰੀਜ਼ਾਂ ਦਾ ਦੁੱਖ ਨਾ ਦੇਖ, ਇਲਾਜ ਨਾ ਕਰਵਾ ਸਕਣ ਕਾਰਨ ਆਪ ਵੀ ਖੁਦਕੁਸ਼ੀਆਂ ਲਈ ਮਜ਼ਬੂਰ ਹੋ ਰਹੇ ਹਨ। ਗੁਲਾਮਾਂ ਨੂੰ ਪੂਰੀ ਖੁਰਾਕ ਨਹੀਂ ਦਿੱਤੀ ਜਾਂਦੀ। ਆਜ਼ਾਦ ਭਾਰਤ ਅੰਦਰ ਲੋਕ ਭੁੱਖ ਨਾਲ ਮਰ ਰਹੇ ਹਨ। ਇੱਥੋਂ ਤੱਕ ਕਿ ਰੋਟੀ ਖਾਤਰ ਆਪਣੇ ਬੱਚੇ ਵੇਚਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੇ 63 ਫੀਸਦੀ ਬੱਚੇ ਭੁੱਖੇ ਢਿੱਡ ਸੌਣ ਲਈ ਮਜ਼ਬੂਰ ਹਨ। ਗੁਲਾਮਾਂ ਵਾਂਗ ਸਰਕਾਰੀ ਕਾਮਿਆਂ ਤੋਂ ਇੱਕ ਨਹੀਂ ਤਿੰਨ-ਤਿੰਨ, ਚਾਰ-ਚਾਰ ਕੰਮ ਲਏ ਜਾ ਰਹੇ ਹਨ। ਚਾਰ ਵਿਅਕਤੀਆਂ ਦਾ ਕੰਮ ਇੱਕ ਨੂੰ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਅਜਿਹੀ

ਹਾਲਤ ਵਿੱਚ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ। ਆਪਣਾ ਦੁੱਖ ਦਰਦ ਸੁਣਾਉਣ, ਹੱਕ ਮੰਗਣ ਵਾਲਿਆਂ ਤੇ ਗੁਲਾਮਾਂ ਵਾਂਗ ਮਾਰਕੁੱਟ ਕੀਤੀ ਜਾ ਰਹੀ ਹੈ। ਉਦਾਹਰਣ ਦਿੱਤੀ ਜਾ ਸਕਦੀ ਹੈ ਕਿ ਬਠਿੰਡਾ ਵਿਖੇ ਆਂਗਣਵਾੜੀ ਵਰਕਰਾਂ ਦੀਆਂ ਗੁੱਤਾਂ ਪੁੱਟੀਆਂ ਗਈਆਂ, ਵਾਲਾਂ ਤੋਂ ਫੜ ਕੇ ਘੜੀਸਿਆਂ ਗਿਆ, ਮਾਰਕੁੱਟ ਕੀਤੀ ਗਈ। ਜਦੋਂ ਕਿ ਮੌਕੇ ਤੇ ਆਜ਼ਾਦ ਦੇਸ਼ ਦੇ ਸੂਬੇ ਦਾ ਮੁੱਖ ਮੰਤਰੀ ਅਤੇ ਇੱਕ ਔਰਤ ਮੰਤਰੀ ਵੀ ਮੌਜੂਦ ਸੀ। ਜਿਨ੍ਹਾਂ ਦੀ ਹਾਜ਼ਰੀ ਵਿਚ ਮਰਦ ਪੁਲਿਸ ਕਰਮੀਆਂ ਵਲੋਂ ਔਰਤਾਂ 'ਤੇ ਤਸ਼ੱਦਦ ਕੀਤਾ ਗਿਆ ਤੇ ਫਿਰ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ। ਇੰਜ ਹੀ ਪ੍ਰਾਈਵੇਟ ਸੈਕਟਰ ਦੇ ਵਰਕਰਾਂ ਨਾਲ ਸਲੂਕ ਕੀਤਾ ਜਾ ਰਿਹਾ ਹੈ। ਹਾਂਡਾ ਕੰਪਨੀ ਦੇ ਵਰਕਰਾਂ ਤੇ ਕੀਤੇ ਗਏ ਤਸ਼ੱਦਦ ਨੂੰ ਜਲ੍ਹਿਆਂ ਵਾਲੇ ਬਾਗ਼ ਵਿੱਚ ਕੀਤੇ ਗਏ ਕਾਰੇ ਨਾਲ ਤੁਲਨਾ ਕੀਤੀ ਗਈ ਸੀ। ਕੀ ਆਜ਼ਾਦ ਦੇਸ਼ ਦੇ ਲੋਕਾਂ ਨਾਲ ਆਜ਼ਾਦ ਸਰਕਾਰ ਨੇ ਇੰਝ ਵਿਹਾਰ ਕਰਨਾ ਹੁੰਦਾ ਹੈ?

ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਵਧ ਰਹੇ ਕੰਮ ਅਤੇ ਘੱਟ ਰਹਿ ਗਏ ਵਰਕਰਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਵੱਧ ਸਮਾਂ ਕੰਮ ਕਰਨਾ ਪੈ ਰਿਹਾ ਹੈ। ਸ਼ਿਕਾਗੋ ਦੇ ਸ਼ਹੀਦਾਂ ਵੱਲੋਂ ਕੰਮ ਕਰਨ ਲਈ ਅੱਠ ਘੰਟੇ ਦੀ ਦਿਹਾੜੀ ਦਾ ਲੈ ਕੇ ਦਿੱਤਾ ਹੱਕ, ਇੱਕ ਤਰ੍ਹਾਂ ਖੋਹ ਹੀ ਲਿਆ ਹੈ। ਲੋਕਤੰਤਰ ਕਹਿ ਕੇ ਪ੍ਰਕੋਪਤੰਤਰ, ਗੁਲਾਮਤੰਤਰ ਲਾਗੂ ਕੀਤਾ ਜਾ ਰਿਹਾ ਹੈ। ਕੀ ਇਹ ਆਜ਼ਾਦੀ ਦਾ ਨਮੂਨਾ ਹੈ?

ਹਾਂ, ਇਹ ਹੋ ਸਕਦਾ ਹੈ ਜਿਹੜੇ ਲੋਕਾਂ ਨੇ ਅੰਗਰੇਜ਼ਾਂ ਤੋਂ ਹਕੂਮਤ ਖੋਹਣ, ਦੇਸ਼ 'ਚੋਂ ਭਜਾਉਣ ਨੂੰ ਆਜ਼ਾਦੀ ਦਾ ਨਾਂ ਦੇ ਕੇ ਪ੍ਰਚਾਰਿਆ ਉਨ੍ਹਾਂ ਲਈ ਤਾਂ ਸੱਚਮੁੱਚ ਉਸ ਦਿਨ ਹੀ ਆਜ਼ਾਦੀ ਆ ਗਈ ਹੋਵੇਗੀ। ਜਦੋਂ ਅੰਗਰੇਜ਼ ਉਨ੍ਹਾਂ ਹੱਥ ਦੇਸ਼ ਦੀ ਵਾਂਗਡੋਰ ਸੰਭਾਲ ਗਏ, ਰਾਜ ਸੱਤ੍ਹਾ ਤਬਦੀਲ ਕਰ ਗਏ। ਪ੍ਰੰਤੂ ਮੰਨਣਾ ਪਵੇਗਾ ਸਿਰਫ਼ ਤਾਂ ਸਿਰਫ਼ ਸੱਤ੍ਹਾ ਤਬਦੀਲ ਹੀ ਹੋਈ, ਆਜ਼ਾਦੀ ਨਹੀਂ ਆਈ। ਜਿਸ ਕਰਕੇ ਦੇਸ਼ ਦੇ ਲੋਕਾਂ ਨੂੰ ਕੋਈ ਵੱਖਰਾ ਅਹਿਸਾਸ ਅੱਜ ਤੱਕ ਵੀ ਨਹੀਂ ਹੋਇਆ। ਹੈਟ ਗਿਆ, ਟੋਪੀ ਆਈ, ਪੱਗ ਖੜ੍ਹੀ ਹੈ ਪ੍ਰੰਤੂ ਨੀਤੀਆਂ ਤੇ ਨੀਤ ਉਸੇ ਰੂਪ 'ਚ ਬਰਕਰਾਰ ਹੈ। ਕਿਸੇ ਲਈ ਭਾਰਤ ਸੋਨੇ ਦੀ ਚਿੜੀ ਅੱਜ ਵੀ ਹੈ ਕਿਸੇ ਲਈ ਕਦੇ ਵੀ ਨਹੀਂ ਸੀ। ਕਿਸੇ ਲਈ ਦੁੱਧ ਦੀਆਂ ਨਦੀਆਂ ਇਥੇ ਵਹਿੰਦੀਆਂ ਹਨ ਤੇ ਸਨ। ਕੋਈ ਪਾਣੀ ਲਈ ਵੀ ਤਰਸ ਰਿਹਾ ਹੈ। ਇੱਕ ਦੇ ਪੱਲੇ ਧੇਲਾ ਨਹੀਂ ਹੈ ਦੂਜੇ ਬੰਨੇ ਅਰਬਪਤੀਆਂ ਦੀ ਕਤਾਰ ਲੰਬੀ ਹੋ ਰਹੀ ਹੈ। ਇਹ ਦੇਸੀ ਹਾਕਮਾਂ ਦੇ ਰਾਜ ਪ੍ਰਬੰਧ, ਆਜ਼ਾਦੀ ਦੀਆਂ ਬਰਕਤਾਂ ਦਾ ਸਿੱਟਾ ਹੈ, ਅੰਗਰੇਜ਼ਾਂ ਦਾ ਨਹੀਂ।

ਇੱਥੇ ਅੰਗਰੇਜ਼ਾਂ ਨੇ ਲਗਭਗ ਦੋ ਸੌ ਸਾਲ ਤੋਂ ਵੱਧ ਰਾਜ ਕੀਤਾ ਪ੍ਰੰਤੂ ਦੇਸ਼ ਦੀ ਆਬਾਦੀ ਦੇ ਵੱਡੇ ਹਿੱਸੇ ਨੇ ਕਦੇ ਅੰਗਰੇਜ਼ ਦੇ ਦਰਸ਼ਨ ਤੱਕ ਨਹੀਂ ਕੀਤੇ। ਜਿਸ ਢੰਗ ਨਾਲ ਪ੍ਰਚਾਰ ਉਸ ਸਮੇਂ ਦੇ ਆਗੂ ਅੰਗਰੇਜ਼ਾਂ ਦੇ ਵਿਰੋਧ ਵਿੱਚ ਕਰ ਰਹੇ ਸਨ। ਅੱਜ ਦੇ

ਆਗੂ ਵੀ ਉਸੇ ਤਰਜ਼ ਤੇ ਪ੍ਰਚਾਰ ਕਰ ਰਹੇ ਹਨ। ਨੀਤੀਆਂ, ਪ੍ਰੋਗਰਾਮਾਂ ਤੇ ਚਰਚਾ ਨਹੀਂ ਕੀਤੀ ਜਾਂਦੀ, ਸਿਰਫ਼ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਦੀਆਂ ਨਿੱਜੀ ਜ਼ਿੰਦਗੀ ਦੀਆਂ ਊਣਤਾਈਆਂ ਨੂੰ ਉਭਾਰਿਆਂ ਜਾ ਰਿਹਾ ਹੈ। ਜਿਨ੍ਹਾਂ ਪ੍ਰੋਗਰਾਮਾਂ ਦੇ ਨਾਲ ਲੋਕਾਂ ਦੇ ਹਿੱਤ ਜੁੜੇ ਹੋਏ ਹੁੰਦੇ ਹਨ। ਉਨ੍ਹਾਂ ਪ੍ਰਤੀ ਚੁੱਪ ਵੱਟ ਲਈ ਜਾਂਦੀ ਹੈ। ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਇੰਝ ਹੀ ਸਿਰਫ਼ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਨਹਿਰੂ-ਗਾਂਧੀ ਵਰਗਿਆਂ ਦਾ ਉਨ੍ਹਾਂ ਦੀਆਂ ਗਲਤ ਨੀਤੀਆਂ ਨਾਲ ਕੋਈ ਸਰੋਕਾਰ ਨਹੀਂ ਸੀ। ਉਨ੍ਹਾਂ ਨੂੰ ਤਾਂ ਸਿਰਫ਼ ਸੱਤ੍ਹਾ ਆਪਣੇ ਹੱਥ ਤਬਦੀਲ ਕਰਨ ਲਈ ਅੰਗਰੇਜ਼ਾਂ ਵਿਰੁੱਧ ਲੋਕਾਂ ਦੀ ਤਾਕਤ ਦੀ ਲੋੜ ਸੀ। ਜਿਸ ਨੂੰ ਉਨ੍ਹਾਂ ਨੇ ਹਰ ਹੀਲਾ-ਵਸੀਲਾ ਵਰਤ ਕੇ ਪ੍ਰਾਪਤ ਕੀਤਾ। ਰਾਜ ਸੱਤ੍ਹਾ ਦੀ ਪ੍ਰਾਪਤੀ ਲਈ ਲੋਕਾਂ ਦੀ ਤਾਕਤ ਨੂੰ ਧੋਖੇ ਨਾਲ ਬਾਖ਼ੂਬੀ ਵਰਤਿਆ ਤੇ ਰਾਜ ਸੱਤ੍ਹਾ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਏ। ਜਿਸ ਨੂੰ ਆਜ਼ਾਦੀ ਦਾ ਨਾਂ ਦੇ ਦਿੱਤਾ ਗਿਆ।

ਮੰਨ ਲਈਏ ਜੇਕਰ ਅੰਗਰੇਜ਼ਾਂ ਦਾ ਰਾਜ ਪ੍ਰਬੰਧ ਬਹੁਤ ਮਾੜਾ ਸੀ। ਲੋਕ ਵਿਰੋਧੀ ਸੀ ਇਸ ਲਈ ਉਨ੍ਹਾਂ ਨੂੰ ਇਥੋਂ ਭਜਾਉਣਾ ਜ਼ਰੂਰੀ ਸੀ। ਕੀ ਫਿਰ ਇੱਥੋਂ ਦੇ ਦੇਸੀ ਆਗੂਆਂ ਨੇ ਹੁਣ ਉਨ੍ਹਾਂ ਤੋਂ ਵਧੀਆ ਪ੍ਰਬੰਧ ਸਿਰਜ ਲਿਆ ਹੈ। ਜਿਸ ਪ੍ਰਬੰਧ ਦੇ ਲਾਗੂ ਕਰਨ ਨਾਲ ਲੋਕਾਂ ਨੂੰ ਆਜ਼ਾਦੀ ਦਾ ਅਹਿਸਾਸ ਹੋਣ ਲੱਗ ਪਿਆ ਹੋਵੇ। ਪਰ ਅਜੇ ਤੱਕ ਅਜਿਹਾ ਸਿਰਜਿਆ ਨਹੀਂ ਗਿਆ। ਇੱਥੇ ਤਾਂ ਅਜੇ ਤੱਕ ਜਨਤਾ ਮਹਿੰਗਾਈ, ਗਰੀਬੀ, ਬੇਕਾਰੀ, ਅਨਪੜ੍ਹਤਾ ਆਦਿ ਦੀ ਚੱਕੀ ਵਿੱਚ ਪਿਸ ਰਹੀ ਹੈ। ਇਨ੍ਹਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਜਿਹੜੇ ਅੱਜ ਵੀ ਲੜ ਰਹੇ ਹਨ। ਉਨ੍ਹਾਂ ਤੇ ਲਾਠੀਆਂ ਗੋਲੀਆਂ ਨਾਲ ਜੁਰਮ ਕਰਕੇ ਪਤਾ ਨਹੀਂ ਕਿਹੜੀ ਅਜ਼ਾਦੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਸਵਾਲ ਉੱਠਦਾ ਹੈ ਕਿ ਆਜ਼ਾਦੀ ਕਿੱਥੇ ਹੈ? ਕਿਸਨੂੰ ਹੈ? ਪਹਿਲਾਂ ਕੌਣ ਗੁਲਾਮ ਸੀ? ਅੱਜ ਕੌਣ ਤੇ ਕਿਵੇਂ ਅਜ਼ਾਦ ਹੈ? ਜੋ ਇਹ ਪ੍ਰਚਾਰਦੇ ਰਹੇ ਕਿ ਅੰਗਰੇਜ਼ ਦੇਸ਼ ਦਾ ਸਰਮਾਇਆ ਲੁੱਟ ਕੇ ਲੈ ਜਾ ਰਹੇ ਸਨ। ਪ੍ਰੰਤੂ ਅੱਜ ਉਹ ਆਪ ਵੀ ਦੇਸ਼ ਦਾ ਸਰਮਾਇਆ ਲੁੱਟ ਕੇ ਵਿਦੇਸ਼ਾਂ (ਸਵਿੱਟਜਰਲੈਂਡ, ਦੁਬਈ, ਅਮਰੀਕਾ ਆਦਿ) ਵੱਲ ਲਿਜਾ ਰਹੇ ਹਨ। ਅਜਿਹੀ ਆਜ਼ਾਦੀ ਹੀ ਉਹ ਚਾਹੁੰਦੇ ਸਨ। ਫਿਰ ਅੰਗਰੇਜ਼ਾਂ ਤੇ ਦੇਸੀ ਹਾਕਮਾਂ 'ਚ ਕਿਹੜਾ ਫਰਕ ਹੈ? ਤੇ ਕਿਹੜਾ ਆਜ਼ਾਦੀ ਤੇ ਗੁਲਾਮੀ 'ਚ ਕਿਸ ਲਈ ਤੇ ਕੇਹੀ ਆਜ਼ਾਦੀ? ਸਰਾਸਰ ਝੂਠ ਹੈ, ਅਫ਼ਵਾਹ ਹੈ ਆਜ਼ਾਦੀ।

ਪ੍ਰੰਤੂ ਕੀ ਦੇਸ਼ ਦੀ ਅਸਲ ਆਜ਼ਾਦੀ ਲਈ ਲੜ ਰਹੇ ਲੋਕਾਂ ਦੇ ਸੰਘਰਸ਼ ਨੂੰ ਦਬਾਉਣ ਲਈ ਦੇਸੀ ਹਾਕਮਾਂ ਨੇ ਐਸਮਾ, ਮੀਸ਼ਾ, ਟਾਂਡਾ, ਪੋਟਾ ਵਰਗੇ ਕਾਲੇ ਕਾਨੂੰਨ ਨਹੀਂ ਬਣਾਏ? ਕੀ ਲੋਕ ਆਗੂਆਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨਹੀਂ ਮਾਰਿਆ? ਫਿਰ ਗੁਲਾਮੀ ਤੇ ਆਜ਼ਾਦੀ ਦਾ ਅਰਥ ਕਿਵੇਂ ਸਮਝ ਪਵੇ। ਸਵਾਲ ਤਾਂ ਇਹ ਵੀ ਹੈ ਕਿ ਜੇਕਰ ਅੰਗਰੇਜ਼ ਦਾ ਰਾਜ ਪ੍ਰਬੰਧ ਘਟੀਆ ਹੈ, ਲੋਕ ਵਿਰੋਧੀ ਹੈ ਫਿਰ ਭਾਰਤ ਦੀ ਜਨਤਾ

ਆਪਣੀ ਆਨ, ਸ਼ਾਨ, ਜਾਨ ਦੀ ਹਰ ਕੁਰਬਾਨੀ ਕਰਕੇ ਇੰਗਲੈਂਡ ਜਾਣ ਨੂੰ ਕਿਉਂ ਤਰਜੀਹ ਦੇ ਰਹੀ ਹੈ? ਇਸ ਲਈ ਸਾਡੀ ਗੁਲਾਮੀ ਜ਼ਹਿਨੀਅਤ ਅਜੇ ਤੱਕ ਨਹੀਂ ਬਦਲੀ? ਕੀ ਅੰਗਰੇਜ਼ ਦਾ ਗੁਲਾਮ ਹੋਣਾ ਵੀ ਮਾਣ ਵਾਲੀ ਗੱਲ ਹੈ? ਜਾਂ ਦੇਸੀ ਹਾਕਮਾਂ ਦਾ ਪ੍ਰਬੰਧ ਹੀ ਐਨਾ ਮਾੜਾ ਹੈ ਕਿ ਅੰਗਰੇਜ਼ਾਂ ਦੀ ਗੁਲਾਮੀ ਵੀ ਉਸ ਤੋਂ ਚੰਗੀ ਹੈ? ਪ੍ਰੰਤੂ ਬਜ਼ੁਰਗਾਂ ਨੂੰ ਕਈ ਵਾਰ ਕਹਿੰਦੇ ਸੁਣਿਆ ਹੈ ਕਿ ਅੱਜ ਨਾਲੋਂ ਤਾਂ ਅੰਗਰੇਜ਼ ਦਾ ਰਾਜ ਚੰਗਾ ਸੀ। ਸ਼ਾਇਦ ਹੈ ਵੀ। ਇਹ ਗੱਲ ਉਨ੍ਹਾਂ ਨੂੰ ਕਿਉਂ ਕਹਿਣੀ ਪੈ ਰਹੀ ਹੈ? ਅੰਗਰੇਜ਼ ਰਾਜ ਵਿੱਚ ਮਜ਼ਦੂਰੀ ਕਰਨ ਵਾਲਾ ਵੀ ਮਸਤੀ ਮਨਾ ਰਿਹਾ ਹੈ। ਇੱਥੇ ਯੋਗਤਾ ਪ੍ਰਾਪਤ ਕਾਰੀਗਰ ਵੀ ਰੋ ਰਿਹਾ ਹੈ। ਇਸੇ ਕਰਕੇ ਕਿ ਅਸੀਂ ਆਜ਼ਾਦ ਹਾਂ।

ਦੇਸ਼ ਦੇ ਹੁਕਮਰਾਨਾਂ ਦੇ ਅਖ਼ਬਾਰੀ ਬਿਆਨ ਲੱਗਦੇ ਹਨ ਕਿ ਅਸੀਂ ਸਿੱਖਿਆ ਨੂੰ ਕਿੱਤਾਮੁਖੀ ਬਣਾ ਰਹੇ ਹਾਂ ਤਾਂ ਕਿ ਨੌਜਵਾਨ ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਪ੍ਰਾਪਤ ਕਰ ਸਕਣ। ਕੀ ਇਸ ਦੇਸ਼ ਵਿੱਚ ਰੁਜ਼ਗਾਰ ਨਹੀਂ ਪੈਦਾ ਕੀਤਾ ਜਾ ਸਕਦਾ। ਜਿਸ ਨੂੰ ਉਪ-ਮਹਾਂਦੀਪ ਕਿਹਾ ਜਾਂਦਾ ਹੈ। ਕਹਾਵਤ ਹੈ "ਜੋ ਸੁੱਖ ਛੱਜੂ ਦੇ ਚੁਬਾਰੇ ਨਾ ਉਹ ਬਲਖ ਨਾ ਬੁਖਾਰੇ।" ਪਰ ਕਾਰੀਗਰ ਬਣਾ ਕੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਕਿਉਂ ਭੇਜਿਆ ਜਾਣਾ ਹੈ। ਜਦੋਂ ਦੁਨੀਆਂ ਭਰ ਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਆਪਣਾ ਬੋਰੀਆਂ ਬਿਸਤਰ ਬੰਨ੍ਹ ਭਾਰਤ ਵਿੱਚ ਆਪਣਾ ਕਾਰੋਬਾਰ ਸਥਾਪਤ ਕਰਨ ਆ ਰਹੀਆਂ ਹਨ। ਅਜਿਹੀ ਹਾਲਾਤ ਵਿੱਚ ਵਿਦੇਸ਼ਾਂ ਵੱਲ ਜਾਣ ਲਈ ਨੌਜਵਾਨਾਂ ਨੂੰ ਉਤਸ਼ਾਹਤ ਕਰਨਾ, ਆਗੂਆਂ ਦੇ ਮਨ ਦੇ ਖੋਟ ਅਤੇ ਅਯੋਗਤਾ ਨੂੰ ਜੱਗ ਜ਼ਾਹਰ ਕਰਦਾ ਹੈ। ਜੇਕਰ ਕਿੱਤਾ ਮੁੱਖੀ ਸਿੱਖਿਆ ਦੇ ਕੇ ਕਾਰੀਗਰ ਕਾਮੇ ਤਿਆਰ ਕਰਨੇ ਹਨ ਤਾਂ ਉਨ੍ਹਾਂ ਤੋਂ ਇੱਥੇ ਉਦਯੋਗ ਲਗਾ ਕੇ ਕੰਮ ਲਿਆ ਜਾ ਸਕਦਾ ਹੈ। ਪ੍ਰੰਤੂ ਨਾ ਤਾਂ ਇਥੇ ਕਿੱਤਾ ਮੁੱਖੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਨਾ ਹੀ ਉਦਯੋਗ ਲਗਾਏ ਜਾਣ ਬਾਰੇ ਸਹੀ ਤੇ ਸੁਹਿਰਦ ਕਾਰਵਾਈ ਕੀਤੀ ਜਾ ਰਹੀ ਹੈ। ਸਿਰਫ਼ ਅਖ਼ਬਾਰਾਂ ਵਿੱਚ ਬਿਆਨ ਹੀ ਲੱਗੇ ਤੇ ਲੱਗਦੇ ਰਹਿਣੇ ਹਨ। ਆਜ਼ਾਦੀ ਦੀ ਅਫ਼ਵਾਹ ਵਾਂਗ ਇਹ ਵੀ ਝੂਠੇ ਸਿੱਧ ਹੋਏ ਹਨ। ਜਿਵੇਂ ਬਠਿੰਡਾ ਵਿਖੇ ਤੇਲ ਸੋਧਕ ਕਾਰਖਾਨੇ ਵਿਚ 25000 ਪੰਜਾਬੀ ਕਾਮਿਆਂ ਨੂੰ ਰੁਜ਼ਗਾਰ ਦੇਣ ਦਾ ਬਿਆਨ 9-10 ਸਾਲ ਤੋਂ ਹਵਾ 'ਚ ਹੀ ਲਟਕ ਰਿਹਾ ਹੈ।

ਇਸ ਲਈ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਹੜੇ ਲੋਕਾਂ ਮੁਤਾਬਕ ਸਿਰਫ਼ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕਰਨ, ਉਨ੍ਹਾਂ ਤੋਂ ਹਕੂਮਤ ਪ੍ਰਾਪਤ ਕਰਨ ਦਾ ਨਾਂ ਆਜ਼ਾਦੀ ਸੀ। ਉਹ ਆਜ਼ਾਦੀ ਤਾਂ ਸੱਚਮੁੱਚ 15 ਅਗਸਤ 1947 ਨੂੰ ਆ ਗਈ ਸੀ। ਜਿਨ੍ਹਾਂ ਦੇ ਮੁਤਾਬਕ ਲੋਕਾਂ ਨੂੰ ਗਰੀਬੀ, ਮਹਿੰਗਾਈ, ਅਨਪੜ੍ਹਤਾ, ਜਾਤੀਵਾਦ, ਖੇਤਰੀਵਾਦ, ਫਿਰਕਾਪ੍ਰਸਤੀ ਆਦਿ ਗੁਲਾਮੀ ਦੇ ਜਾਲ ਤੋਂ ਮੁਕਤ ਕਰਾਉਣ ਦਾ ਨਾਂ ਆਜ਼ਾਦੀ ਸੀ। ਉਹ ਸੁਪਨਾ ਅਜੇ ਅਧੂਰਾ ਹੈ। ਉਹ ਆਜ਼ਾਦੀ ਨਹੀਂ ਆਈ। ਜਿਸ ਲਈ ਅਜੇ ਸੰਘਰਸ਼ ਜਾਰੀ ਰੱਖਣਾ ਪੈਣਾ ਹੈ।

ਆਜ਼ਾਦੀ ਦੀ ਅਫ਼ਵਾਹ ਸ਼ੈਤਾਨ ਲੋਕਾਂ ਵੱਲੋਂ ਫੈਲਾਈ ਗਈ ਸੀ ਤੇ ਉਸਦਾ ਪਰਦਾ ਕਾਇਮ ਰੱਖਿਆ ਜਾ ਰਿਹਾ ਹੈ। ਲੋਕਾਂ ਨਾਲ ਠੱਗੀ ਮਾਰੀ ਜਾ ਰਹੀ ਹੈ। ਭਾਵੇਂ ਅਫ਼ਵਾਹ ਫੈਲਾਉਣਾ ਸੰਵਿਧਾਨਕ ਤੌਰ 'ਤੇ ਗੁਨਾਹ ਹੈ, ਅਪਰਾਧ ਹੈ। ਪ੍ਰੰਤੂ ਕਿਸੇ ਗੁਨਾਹਗਾਰ ਨੂੰ ਅਜੇ ਤੱਕ ਪੁੱਛਿਆ ਨਹੀਂ ਗਿਆ, ਕਿਉ? ਸ਼ਾਇਦ ਇਸੇ ਲਈ ਕਿ ਦੇਸ਼ ਆਜ਼ਾਦ ਹੈ?

ਜਿਹੜੇ ਲੋਕ 1947 ਦੀ ਡੰਮੀ ਆਜ਼ਾਦੀ ਨਾਲ ਅਸਲ ਅਜ਼ਾਦੀ ਲਈ ਸੰਘਰਸ਼ ਕਰਦੇ ਰਹੇ, ਸ਼ਹੀਦ ਹੋ ਗਏ ਲੋਕਾਂ ਦਾ ਨਾਂ ਜੋੜ ਦਿੰਦੇ ਹਨ। ਭਾਵ ਕਹਿ ਦਿੰਦੇ ਹਨ ਕਿ ਉਨ੍ਹਾਂ ਨੇ ਦੇਸ਼ ਆਜ਼ਾਦ ਕਰਵਾ ਦਿੱਤਾ ਹੈ। ਉਹ ਸਭ ਗੁਨਾਹਗਾਰ ਹਨ, ਕਿਉਂਕਿ ਜੇਕਰ ਉਨ੍ਹਾਂ ਦਾ ਸੁਪਨਾ 1947 ਵਾਲੀ ਆਜ਼ਾਦੀ ਸੀ ਫਿਰ ਹੁਣ ਲੜਾਈ ਕਾਹਦੀ ਰਹਿ ਗਈ ਹੈ। ਫਿਰ ਹੁਣ ਕਿਉਂ ਕਿਹਾ ਜਾ ਰਿਹਾ ਹੈ। "ਸ਼ਹੀਦਾਂ ਦਾ ਸੁਪਨਾ ਅਜੇ ਪੂਰਾ ਨਹੀਂ ਹੋਇਆ?" ਜੇ ਸੁਪਨਾ ਪੂਰਾ ਨਹੀਂ ਹੋਇਆ ਤਾਂ 1947 ਦੀ ਆਜ਼ਾਦੀ ਨੂੰ ਆਜ਼ਾਦੀ ਕਹਿਣਾ ਗਦਾਰੀ ਵਾਲੀ ਗੱਲ ਨਹੀਂ। ਇਹ ਵਿਚਾਰ ਅਸਲ ਆਜ਼ਾਦੀ ਦੇ ਸੰਘਰਸ਼ ਦੇ ਰਾਹ ਵਿੱਚ ਰੋੜਾ ਬਣ ਰਹੇ ਹਨ। ਮੰਜ਼ਿਲ ਪ੍ਰਾਪਤੀ ਦਾ ਭੁਲੇਖਾ ਖੜ੍ਹਾ ਹੋ ਗਿਆ, ਕਰ ਦਿੱਤਾ ਹੈ। ਪ੍ਰੰਤੂ ਦੇਸ਼ ਅੰਦਰ ਨਾ ਸਮਾਜਿਕ ਆਜ਼ਾਦੀ ਹੈ, ਨਾ ਆਰਥਿਕ ਆਜ਼ਾਦੀ ਹੈ, ਨਾ ਮਾਨਸਿਕ ਆਜ਼ਾਦੀ ਭਾਵ ਅਜੇ ਅਸੀਂ ਸਭ ਗੁਲਾਮ ਹਾਂ। ਆਜ਼ਾਦੀ ਇੱਕ ਅਫ਼ਵਾਹ ਹੈ। ਇਹ ਕੂੜ-ਪ੍ਰਚਾਰ ਤੋਂ ਵੱਧ ਕੁਝ ਨਹੀਂ।

ਇਸ ਅਫ਼ਵਾਹ ਨੂੰ ਚੁਰਾਹੇ ਵਿਚ ਨੰਗਾ ਕਰਨਾ ਹੀ ਪੈਣਾ ਹੈ। ਦੇਸ਼ ਦੀ ਅਸਲ ਆਜ਼ਾਦੀ, ਲੋਕ ਮਸਲਿਆਂ ਲਈ ਸਾਨੂੰ ਖੁਦ ਹੀ ਲੜਨਾ ਪੈਣਾ ਹੈ। ਜਿਵੇਂ ਡਾ.ਅੰਬੇਡਕਰ ਨੇ ਕਿਹਾ, "ਤੁਹਾਨੂੰ ਆਪਣੀ ਗੁਲਾਮੀ ਖ਼ੁਦ ਖਤਮ ਕਰਨੀ ਪਵੇਗੀ। ਇਸ ਨੂੰ ਖਤਮ ਕਰਨ ਲਈ ਕਿਸੇ ਰੱਬ ਜਾਂ ਦੇਵ ਪੁਰਸ਼ ਤੇ ਟੇਕ ਰੱਖਣਾ ਵਿਅਰਥ ਹੈ।" ਬਣਾਉਟੀ ਆਜ਼ਾਦ ਭਾਰਤ ਦੇ ਗੁਲਾਮ ਲੋਕੋ!

ਆਓ ਰਲ ਮਿਲ ਸਾਰੇ ਭਿੰਨ-ਭੇਦ ਮਿਟਾ ਕੇ ਗੁਲਾਮੀ ਤੋਂ ਮੁਕਤੀ ਪਾਉਣ ਲਈ ਅੱਗੇ ਵਧੀਏ। ਦੇਸ਼-ਭਗਤਾਂ, ਸ਼ਹੀਦਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਵਿੱਚ ਆਪਣਾ ਯੋਗਦਾਨ ਪਾਈਏ ਤਾਂ ਕਿ ਸਾਡਾ ਸਭ ਦਾ ਸੁਪਨਾ ਸਾਕਾਰ ਹੋ ਸਕੇ।

✲✲✲

ਵੱਡੇ ਪ੍ਰਬੰਧਕ, ਪਰ ਨਲਾਇਕ

ਕਿਸੇ ਮਨੁੱਖ ਦੀ ਯੋਗਤਾ ਉਹਦੇ ਚਿਹਰੇ ਤੇ ਨਹੀਂ ਲਿਖੀ ਹੁੰਦੀ। ਇਹ ਵੀ ਨਹੀਂ ਹੁੰਦਾ ਕਿ ਹੱਥ ਵਿੱਚ ਫੜ੍ਹੀਆਂ ਡਿਗਰੀਆਂ ਉਸਦੀ ਨਿਪੁੰਨਤਾ ਦਾ ਸਬੂਤ ਹੁੰਦੀਆਂ ਹਨ। ਯੋਗਤਾ ਦੀ ਪਰਖ ਤਾਂ ਕਾਰਜ ਵਿਉਂਤ ਉਲੀਕਣ ਉਪਰੰਤ ਉਸਤੇ ਅਮਲ ਕਰਕੇ ਜਾਂ ਕਰਵਾ ਕੇ ਮਿੱਥੇ ਨਤੀਜੇ ਪ੍ਰਾਪਤ ਕਰਨ ਨਾਲ ਹੀ ਜੱਗ ਜਾਹਰ ਹੁੰਦੀ ਹੈ। ਜੇਕਰ ਸਹੀ ਕਾਰਜ ਵਿਉਂਤ ਨਹੀਂ ਬਣਾਈ ਜਾਂਦੀ ਜਾਂ ਉਸਨੂੰ ਸਹੀ ਰੂਪ 'ਚ ਲਾਗੂ ਨਹੀਂ ਕਰਵਾਇਆ ਜਾਂਦਾ ਤਾਂ ਲੋੜੀਂਦੇ ਸਿੱਟੇ ਪ੍ਰਾਪਤ ਨਹੀਂ ਹੋਣਗੇ। ਕਿਸੇ ਵਿਅਕਤੀ ਦੀ ਯੋਗਤਾ ਬਾਰੇ ਪਰਖ ਅਮਲ ਰਾਹੀ ਹੀ ਸਾਹਮਣੇ ਆਉਂਦੀ ਹੈ। ਜਿਸ ਤੋਂ ਉਹਦੇ ਲਾਇਕ ਜਾਂ ਨਲਾਇਕ ਹੋਣ ਦੇ ਸਿੱਟੇ 'ਤੇ ਪਹੁੰਚਾਇਆ ਜਾਂਦਾ ਹੈ।

ਦੇਸ਼ ਦੇ ਅਦਾਰਿਆਂ ਦੀਆਂ ਪ੍ਰਸ਼ਾਸਨਕ ਸੇਵਾਵਾਂ ਨਿਭਾਉਣ ਲਈ ਵਿਸ਼ੇਸ਼ ਪ੍ਰਬੰਧਕੀ ਅਧਿਕਾਰੀਆਂ ਦੀ ਚੋਣ ਕੀਤੀ ਜਾਂਦੀ ਹੈ। ਜੋ ਕਿ ਰਾਜ ਸਰਕਾਰਾਂ ਅਤੇ ਕੇਂਦਰੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਹੋਰ ਅਦਾਰਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਿਯੁਕਤ ਕੀਤੇ ਜਾਂਦੇ ਹਨ। ਇਨ੍ਹਾਂ ਵਿਸ਼ੇਸ਼ ਪ੍ਰਬੰਧਕਾਂ ਨੂੰ ਅਸਲੀ ਤੇ ਸਥਾਈ ਸਰਕਾਰ ਦਾ ਨਾਂ ਵੀ ਦਿੱਤਾ ਜਾਂਦਾ ਹੈਂ। ਕਿਉਂਕਿ ਵਿਧਾਨਕ ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ। ਜਦੋਂਕਿ ਇਹਨਾਂ ਨੇ ਆਪਣੇ ਅਹੁਦੇ 'ਤੇ ਬਰਕਰਾਰ ਰਹਿਣਾ ਹੁੰਦਾ ਹੈ। ਇਹ ਸਥਾਈ ਹੋਣ ਕਾਰਨ ਆਪਣੀਆਂ ਮਨਮਰਜ਼ੀਆਂ ਵੀ ਕਰਦੇ ਰਹਿੰਦੇ ਹਨ। ਕਈ ਵਾਰ ਤਾਂ ਇਹ ਵਿਧਾਇਕਾਂ ਜਾਂ ਮੰਤਰੀਆਂ ਤੱਕ ਦੀ ਪ੍ਰਵਾਹ/ ਸੁਣਵਾਈ ਤੱਕ ਨਹੀਂ ਕਰਦੇ। ਪਿਛਲੇ ਸਮੇਂ ਮੰਤਰੀਆਂ ਅਤੇ ਵਿਧਾਇਕਾਂ ਦੀ ਸੁਣਵਾਈ ਨਾ ਕਰਨ ਵਾਲੀਆਂ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਵੀ ਬਣਦੀਆਂ ਰਹੀਆਂ ਹਨ। ਅਜਿਹੇ ਕੇਸਾਂ ਵਿਚ ਮੁੱਖ ਮੰਤਰੀ ਤੱਕ ਨੂੰ ਦਖ਼ਲ ਦੇਣਾ ਪੈਂਦਾ ਰਿਹਾ ਹੈ। ਅਜਿਹੀ ਅਫ਼ਸਰਸ਼ਾਹੀ/ਪ੍ਰਬੰਧਕ ਆਮ ਲੋਕਾਂ ਦੀ ਕਿੰਨੀ ਕੁ ਪ੍ਰਵਾਹ ਕਰਦੇ ਹੋਣਗੇ ਸਮਝਿਆ ਜਾ ਸਕਦਾ ਹੈ।

ਇਨ੍ਹਾਂ ਸੰਬੰਧੀ ਹੋਰ ਚਰਚਾ ਕਰਨ ਤੋਂ ਪਹਿਲਾਂ ਇਕ ਘਟਨਾ ਦਾ ਜ਼ਿਕਰ ਕਰਦੇ ਹਾਂ। ਇਕ ਆਦਮੀ ਕਹਿੰਦਾ ਕਿ "ਸਾਡਾ ਮੁੰਡਾ ਮੂਰਖ਼ ਹੈ। ਉਹ ਲੋਕਾਂ ਦੇ ਭਾਂਡੇ ਆਪਣੇ ਘਰ ਨੂੰ ਚੁੱਕ ਲਿਆਉਂਦਾ ਹੈ।" ਸੁਣਨ ਵਾਲਾ ਕਹਿੰਦਾ, "ਮੂਰਖ ਤਾਂ ਉਹ ਲੋਕਾਂ ਲਈ ਹੋਵੇਗਾ; ਤੁਹਾਡੇ ਲਈ ਕਾਹਦਾ।" ਤੁਹਾਡਾ ਤਾਂ ਫ਼ਾਇਦਾ ਕਰ ਰਿਹਾ ਹੈ।

ਪ੍ਰੰਤੂ ਅਜਿਹਾ ਹਾਲ ਹੀ ਇਨ੍ਹਾਂ ਪ੍ਰਸ਼ਾਸਨਕ ਪ੍ਰਬੰਧਕਾਂ ਦਾ ਹੈ। ਇਹ ਆਪਣੇ ਆਪ ਲਈ ਬਹੁਤ ਸਿਆਣੇ ਹਨ। ਪਰ ਦੂਸਰਿਆਂ (ਆਮ ਲੋਕਾਂ) ਲਈ ਨਹੀਂ।

ਐਪਰ ਇਨ੍ਹਾਂ (ਆਈ.ਏ.ਐਸ.) ਅਧਿਕਾਰੀਆਂ ਨੂੰ ਵਧੀਆ, ਵਿਸ਼ੇਸ਼, ਲਾਇਕ ਪ੍ਰਬੰਧਕ ਮੰਨਿਆ ਜਾਂਦਾ ਹੈ। ਪਰ ਇਹ ਸੱਚਮੁੱਚ ਚੰਗੇ ਪ੍ਰਬੰਧਕ ਹਨ? ਉਂਝ ਅਜਿਹਾ ਪ੍ਰਤੀਤ ਨਹੀਂ ਹੁੰਦਾ। ਜੇਕਰ ਇੰਝ ਹੁੰਦਾ ਤਾਂ ਇਨ੍ਹਾਂ ਦੀ ਯੋਗ ਅਗਵਾਈ 'ਚ ਸੂਬਾਈ ਅਤੇ ਕੇਂਦਰੀ ਸਰਕਾਰਾਂ ਦੀ ਲੋਕਾਂ ਵਿੱਚ ਚੰਗੀ ਦਿੱਖ ਬਣਨੀ ਚਾਹੀਦੀ ਸੀ। ਪ੍ਰੰਤੂ ਇੰਜ ਨਹੀਂ ਹੈ। ਖ਼ਾਸ ਤੌਰ 'ਤੇ ਇਨ੍ਹਾਂ ਦੇ ਪ੍ਰਬੰਧਕੀ ਕਾਰਨਾਂ ਅਤੇ ਸਥਾਨਕ ਸਰਕਾਰਾਂ ਦੇ ਬਿਨਾਂ ਸੋਚੇ ਸਮਝੇ ਲਏ ਜਾ ਰਹੇ ਮੂਰਖਤਾ ਭਰੇ ਲੋਕ ਲੁਭਾਊ; ਉਜਾੜੂ ਫੈਸਲਿਆਂ ਨਾਲ ਸੂਬੇ ਅਤੇ ਦੇਸ਼ ਦਾ ਬੇੜਾ ਗਰਕ ਕਰਨ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਅਸਲ ਵਿਚ ਨਾਮ ਦੇ ਹੀ ਲਾਇਕ ਪ੍ਰਬੰਧਕ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਇਨ੍ਹਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਬਾਬਤ ਪੂਰੀ ਜਾਣਕਾਰੀ ਹੀ ਨਹੀਂ ਹੈ। ਜੇ ਜਾਣਕਾਰੀ ਹੋਵੇ ਤਾਂ ਸਮੱਸਿਆ ਦਾ ਹੱਲ ਕਰਨਾ ਬਣਦਾ ਹੈ। ਜੇ ਹੱਲ ਨਹੀਂ ਕਰ ਰਹੇ ਤਾਂ ਸਮਝਿਆ ਜਾ ਸਕਦਾ ਹੈ, ਇਨ੍ਹਾਂ ਦੇ ਮਨ ਵਿੱਚ ਕਪਟ ਹੈ ਜਾਂ ਕੰਮਚੋਰ ਹਨ। ਜੇਕਰ ਹੱਲ ਨਹੀਂ ਹੋ ਰਹੀਆਂ ਤਾਂ ਇਨ੍ਹਾਂ ਦੀ ਅਯੋਗਤਾ ਹੈ ਭਾਵ ਨਲਾਇਕ ਹਨ। ਪ੍ਰੰਤੂ ਜਦੋਂ ਵੀ ਕਿਤੇ ਵੱਡੇ ਤੇ ਵਿਸ਼ੇਸ਼ ਪ੍ਰਬੰਧਕਾਂ/ਅਫਸਰਾਂ ਦਾ ਜ਼ਿਕਰ ਹੁੰਦਾ ਹੈ ਤਾਂ ਇਨ੍ਹਾਂ (ਆਈ.ਏ.ਐਸ) ਨੂੰ ਸਭ ਤੋਂ ਸਿਆਣੇ ਪ੍ਰਬੰਧਕੀ ਸੇਵਾਵਾਂ ਵਾਲੇ ਅਫ਼ਸਰ ਗਿਣਿਆ, ਮੰਨਿਆ, ਕਿਹਾ ਜਾਂਦਾ ਹੈ। ਜੇਕਰ ਇਨ੍ਹਾਂ ਅਕਲਮੰਦਾਂ ਦੀ ਅਕਲ ਤੇ ਅਮਲ ਕਰਨ ਨਾਲ ਸੂਬਿਆਂ ਅੰਦਰ, ਦੇਸ਼ ਵਿਚ ਬੇਕਾਰੀ, ਮਹਿੰਗਾਈ, ਅਨਪੜ੍ਹਤਾ, ਹਿੰਸਾ ਵਰਗੀਆਂ ਹੋਰ ਅਲਾਮਤਾਂ ਲਗਾਤਾਰ ਵਧ ਰਹੀਆਂ ਹਨ ਤਾਂ ਇਨ੍ਹਾਂ ਦੀ ਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗਣਾ ਹੀ ਲੱਗਣਾ ਹੈ। ਸਗੋਂ ਇਨ੍ਹਾਂ ਦੇ ਨਾਲ ਹੀ ਵਿਧਾਨ ਸਭਾ ਅਤੇ ਲੋਕ ਸਭਾ ਮੈਂਬਰਾਂ ਦੀ ਅਯੋਗਤਾ ਵੀ ਸਿੱਧ ਹੋ ਰਹੀ ਹੈ। ਮਹਿੰਗਾਈ, ਅਨਪੜ੍ਹਤਾ, ਦਹਿਸ਼ਤਗਰਦੀ, ਆਰਥਿਕ ਮੰਦਹਾਲੀ ਆਦਿ ਬਾਰੇ ਸਿਰਫ਼ ਸੰਸਾਰਕ ਵਰਤਾਰਾ ਵਰਗੇ ਗੋਲ-ਮੋਲ ਬਿਆਨ ਦੇ ਕੇ ਬਹੁਤਾ ਚਿਰ ਲੋਕਾਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ। ਦਿਨ ਕਟੀ ਨਹੀਂ ਕੀਤੀ ਜਾ ਸਕਦੀ। ਸਮਝਣਾ ਹੀ ਪਵੇਗਾ।

ਪਰ ਕਈ ਵਾਰ ਤਾਂ ਇੰਝ ਵੀ ਮਹਿਸੂਸ ਹੋਣ ਲੱਗਦਾ ਹੈ ਕਿ ਜਿਵੇਂ ਸਾਡੇ ਵਿਸ਼ੇਸ਼ ਪ੍ਰਬੰਧਕ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ ਹੋਣ। ਜੇਕਰ ਸੱਚਮੁੱਚ ਅਜਿਹਾ ਹੈ ਤਾਂ ਇਨ੍ਹਾਂ ਦਾ ਤੁਰੰਤ ਇਲਾਜ ਕਰਵਾਇਆ ਜਾਣਾ ਚਾਹੀਦਾ ਹੈ। ਇਸ ਕਰਕੇ ਕਿ ਸੂਬੇ ਦੀਆਂ ਸਮੱਸਿਆਵਾਂ ਸੁਲਝਾਉਣ ਦੇ ਯੋਗ ਹੋ ਸਕਣ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਕਿਤੇ ਸੂਬੇ ਦੇ ਖਾਲੀ ਖਜ਼ਾਨੇ ਅਤੇ ਕਰਜ਼ੇ ਦੇ ਲਗਾਤਾਰ ਵਧਦੇ ਜਾਣ ਕਾਰਨ ਸਰਕਾਰ ਦੇ ਵਿਸ਼ੇਸ਼ ਪ੍ਰਬੰਧਕ ਵੀ ਕਿਸਾਨਾਂ ਵਾਂਗ ਖੁਦਕੁਸ਼ੀਆਂ ਕਰਨ ਵੱਲ ਨਾ ਤੁਰ ਪੈਣ ਤੇ ਹੋਰ ਲੋਕ ਵੀ ਇਨ੍ਹਾਂ ਦੇ ਰਾਹ ਦੀ ਪੈੜ ਨਾ ਨੱਪ ਲੈਣ ਕਿਉਂਕਿ ਆਮ ਜਨਤਾ ਵੱਡਿਆਂ ਦੀ ਹੀ ਰੀਸ ਕਰਦੀ ਹੁੰਦੀ ਹੈ। ਮਾਨਸਿਕ ਸਿਹਤ ਤੇ ਸੰਸਾਰ ਸੰਗਠਨ ਨੇ ਜੋ ਤੰਦਰੁਸਤ ਵਿਅਕਤੀ ਦੀ ਪ੍ਰੀਭਾਸ਼ਾ ਬਾਰੇ ਤਿੰਨ ਨੁਕਾਤੀ ਸੁਝਾਅ ਪੇਸ਼ ਕੀਤੇ

ਹਨ। ਉਹ ਇਸ ਤਰ੍ਹਾਂ ਹਨ:-

- ਕੀ ਤੁਸੀਂ ਆਪਣੇ ਆਪ ਨਾਲ ਠੀਕ ਹੁੰਦੇ ਹੋ?
- ਕੀ ਤੁਸੀਂ ਹੋਰ ਲੋਕਾਂ ਨਾਲ ਠੀਕ-ਠਾਕ ਹੁੰਦੇ ਹੋ?
- ਕੀ ਤੁਸੀਂ ਜ਼ਿੰਦਗੀ ਦੀਆਂ ਤੁਹਾਥੋਂ ਮੰਗਾਂ ਉੱਤੇ ਠੀਕ-ਠਾਕ ਉਤਰਦੇ ਹੋ?

ਇਸ ਅਨੁਸਾਰ ਜਾਪਦਾ ਹੈ ਕਿ ਇਹ ਪ੍ਰਬੰਧਕ ਸ਼ਾਇਦ ਆਪਣੇ-ਆਪ ਨਾਲ ਤਾਂ ਠੀਕ ਹਨ। ਪ੍ਰੰਤੂ ਦੂਸਰੇ ਲੋਕਾਂ ਪ੍ਰਤੀ ਇਨ੍ਹਾਂ ਦੀ ਪਹੁੰਚ ਠੀਕ ਨਹੀਂ ਹੈ। ਤੀਜੇ ਨੁਕਤੇ ਮੁਤਾਬਕ ਇਹ ਜਨ ਜੀਵਨ ਵਿੱਚ ਲੋਕਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉੱਤਰ ਰਹੇ। ਇਸ ਲਈ ਮੰਨਣਾ ਪਵੇਗਾ, ਇਹ ਮਾਨਸਿਕ ਤੌਰ 'ਤੇ ਬਿਮਾਰ ਲੋਕ ਹਨ। ਸ਼ਾਇਦ ਇਨ੍ਹਾਂ ਦੀ ਨਲਾਇਕੀ ਦਾ ਇਹੋ ਹੀ ਕਾਰਨ ਹੋਵੇ। ਜੇ ਇਹ ਕਾਰਨ ਹੈ ਤਾਂ ਇਨ੍ਹਾਂ ਦਾ ਮਾਨਸਿਕ ਰੋਗਾਂ ਵਾਲੇ ਡਾਕਟਰ ਤੋਂ ਜਾਂਚ-ਪੜਤਾਲ ਤੇ ਇਲਾਜ ਕਰਵਾਉਣਾ ਬਹੁਤ ਜਲਦੀ ਤੇ ਜ਼ਰੂਰੀ ਹੈ। ਇਸ ਦਾ ਫ਼ੈਸਲਾ ਕੌਣ ਤੇ ਕਦੋਂ ਕਰੇਗਾ? ਇਹ ਸਵਾਲ ਤੁਹਾਡੇ ਵੱਲ ਹੈ।

ਇੱਕ ਵਾਰ ਮੁਲਾਜ਼ਮ ਜਥੇਬੰਦੀਆਂ ਦਾ ਸਾਂਝਾ ਵਫ਼ਦ ਸੂਬੇ ਦੇ ਮੁੱਖ ਪ੍ਰਬੰਧਕ ਅਤੇ ਵੱਖ-ਵੱਖ ਵਿਭਾਗਾਂ ਦੇ ਵਿਸ਼ੇਸ਼ ਪ੍ਰਬੰਧਕਾਂ ਦੀ ਕਮੇਟੀ ਨੂੰ ਮਿਲਣ ਗਿਆ। ਵਫ਼ਦ ਨੇ ਆਪਣੀਆਂ ਮੰਗਾਂ ਬਾਰੇ ਵਿਸਥਾਰ ਸਹਿਤ ਉਨ੍ਹਾਂ ਨੂੰ ਦੱਸਿਆ। ਪ੍ਰੰਤੂ ਅੱਗੇ ਤੋਂ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਮੁੱਖ ਪ੍ਰਬੰਧਕ ਨੇ ਕਿਹਾ ਕਿ ਸੂਬੇ ਦੀ ਆਮਦਨ ਦਾ 85% ਤਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਹੀ ਖਰਚ ਹੋ ਜਾਂਦਾ ਹੈ। ਪ੍ਰਾਂਤ ਦੇ ਵਿਕਾਸ ਲਈ ਤਾਂ ਸਿਰਫ਼ 15% ਹੀ ਬਚਦਾ ਹੈ। ਇਸ ਲਈ ਹੋਰ ਆਰਥਿਕ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਜਥੇਬੰਦੀਆਂ ਦੇ ਵਫ਼ਦ ਵਿਚ ਗਏ ਆਗੂਆਂ ਨੇ ਉਸ ਅਧਿਕਾਰੀ ਨੂੰ ਕਿਹਾ "ਅਸੀਂ ਮੰਨ ਲੈਂਦੇ ਹਾਂ ਕਿ ਤੁਹਾਡੇ ਮੁਤਾਬਕ ਜੋ ਕਿਹਾ ਗਿਆ ਇਹ ਸਹੀ ਹੈ।" ਪ੍ਰੰਤੂ ਸਮੱਸਿਆ ਤਾਂ ਹੈ ਜੇਕਰ 100 ਰੁਪਏ ਕਮਾਈ ਹੈ ਤੇ 85 ਰੁਪਏ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਖਰਚ ਹੋ ਜਾਂਦੇ ਹਨ। ਐਪਰ ਮੁੱਖ ਪ੍ਰਬੰਧਕ ਜੀ ਤੁਸੀਂ ਇਸ ਤਰ੍ਹਾਂ ਕਿਉਂ ਨਹੀਂ ਕਰਦੇ, ਸੋਚਦੇ ਕਿ ਕਮਾਈ 150 ਰੁਪਏ ਕੀਤੀ ਜਾਵੇ। ਜੇਕਰ ਕਮਾਈ ਵੱਧ ਹੋ ਜਾਵੇਗੀ ਫਿਰ ਵਿਕਾਸ ਵੀ ਹੋਵੇਗਾ ਤੇ ਹੋਰ ਆਰਥਿਕ ਮਸਲੇ ਵੀ ਹੱਲ ਹੋ ਜਾਣਗੇ। ਜੇਕਰ ਤੁਹਾਨੂੰ ਨਹੀਂ ਪਤਾ ਲੱਗਦਾ ਅਸੀਂ ਦੱਸਦੇ ਹਾਂ ਕਿ ਕਿਵੇਂ ਆਮਦਨ ਵਿੱਚ ਵਾਧਾ ਹੋ ਸਕਦਾ ਹੈ। ਇਸ ਗੱਲ ਅੱਗੇ ਮੁੱਖ-ਪ੍ਰਬੰਧਕ ਨਿਰਉੱਤਰ ਸੀ। ਕੁਝ ਸੋਚਣ ਤੋਂ ਬਾਅਦ ਕਹਿਣ ਲੱਗਾ ਕਿ ਚਲੋ ਆਪਾਂ ਫਿਰ ਮੀਟਿੰਗ ਮੁੱਖ ਮੰਤਰੀ ਦੀ ਹਾਜ਼ਰੀ 'ਚ ਕਰਾਂਗੇ ਤੇ ਇਹ ਵੀ ਵਿਚਾਰ ਲਵਾਂਗੇ। ਕਿਸ ਨੇ ਮੀਟਿੰਗ ਕਰਨੀ ਤੇ ਕਿਸ ਨੇ ਵਿਚਾਰਨਾ। ਜਦੋਂ ਕਿ ਪੰਜਾਬ ਸਿਰਫ਼ 22% ਹੀ ਆਪਣੇ ਮੁਲਾਜਮਾਂ ਦੀਆਂ ਤਨਖਾਹਾਂ ਤੇ ਖਰਚ ਕਰਦਾ ਹੈ। ਦੇਸ਼ ਦਾ ਕੇਰਲ ਸੂਬਾ ਸਭ ਤੋਂ ਵੱਧ 28% ਆਪਣੇ ਮੁਲਾਜਮਾਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਕਰਦਾ ਹੈ। ਪਰ ਵਿਸ਼ੇਸ਼ ਪ੍ਰਬੰਧਕ ਅਤੇ ਵਿਧਾਇਕਾਂ ਨੂੰ ਆਪਣੇ-ਆਪ ਤੋਂ

ਇਲਾਵਾ ਹੋਰ ਕੋਈ ਦਿਸਦਾ ਹੀ ਨਹੀਂ। ਜੇ ਕੋਈ ਹੋਰ ਦਿਖਾਈ ਦੇਵੇ ਤਾਂ ਗੱਲ ਕੀਤੀ ਜਾ ਸਕਦੀ ਹੈ। ਕਿਸੇ ਮਸਲੇ ਦੇ ਹੱਲ ਹੋਣ ਦੀ ਉਮੀਦ ਰੱਖੀ ਜਾ ਸਕਦੀ ਹੈ। ਵਿਸ਼ੇਸ਼ ਪ੍ਰਬੰਧਕਾਂ ਨੂੰ ਆਪਣੇ ਤਨਖਾਹਾਂ, ਭੱਤਿਆਂ ਤੇ ਗੱਡੀਆਂ ਬਾਰੇ ਹੀ ਚਿੰਤਾ ਰਹਿੰਦੀ ਹੈ। ਵਿਧਾਇਕਾਂ ਨੂੰ ਆਪਣੀ ਕੁਰਸੀ ਕਾਇਮ ਰੱਖਣ ਤੇ ਅਗਲੀ ਚੋਣ ਜਿੱਤਣ ਵਾਸਤੇ ਗਲਤ-ਠੀਕ ਢੰਗ ਨਾਲ ਰੁਪਏ ਇਕੱਠੇ ਕਰਨ ਦੀ। ਪ੍ਰੰਤੂ ਆਮ ਲੋਕ ਤਾਂ ਹਾਸ਼ੀਏ ਤੇ ਹੀ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨ ਵੱਲ ਇਨ੍ਹਾਂ ਦਾ ਧਿਆਨ ਉਦੋਂ ਤੱਕ ਨਹੀਂ ਜਾਂਦਾ। ਜਿੰਨਾ ਚਿਰ ਤੱਕ ਮਜ਼ਦੂਰਾਂ ਦੀ ਕੋਈ ਜਥੇਬੰਦੀ ਇਸ ਵਾਸਤੇ ਸੰਘਰਸ਼ ਦਾ ਐਲਾਨ ਨਹੀਂ ਕਰਦੀ, ਸੰਘਰਸ਼ ਨਹੀਂ ਕਰਦੀ। ਜਦੋਂ ਕਿ ਮਜ਼ਦੂਰੀ ਐਕਟ 1948 ਦੀ ਧਾਰਾ 3-ਬੀ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਮੇਂ-ਸਮੇਂ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਸੋਧ ਕੀਤੀ ਜਾਵੇ। ਪਰ ਇਹ ਸਮਾਂ ਪੰਜ ਸਾਲ ਤੋਂ ਵੱਧ ਨਾ ਹੋਵੇ। ਪ੍ਰੰਤੂ ਕਦੇ ਵੀ ਸਮੇਂ ਅਨੁਸਾਰ ਕਾਰਵਾਈ ਨਹੀਂ ਕੀਤੀ ਜਾਂਦੀ। ਜਨਵਰੀ 2001 ਵਿੱਚ ਵਾਧਾ ਕਰਨ ਤੋਂ ਬਾਅਦ ਹੁਣ ਅੱਠ ਸਾਲ ਬਾਅਦ ਨਿਗੂਣਾ ਜਿਹਾ ਵਾਧਾ ਕੀਤਾ ਗਿਆ। ਇਸ ਨੂੰ ਵਿਸ਼ੇਸ਼ ਪ੍ਰਬੰਧਕਾਂ ਦੀ ਨਲਾਇਕੀ ਕਿਹਾ ਜਾਵੇ ਜਾਂ ਕੁਝ ਹੋਰ। ਇੰਝ ਹੀ ਸੂਬੇ ਦੀ ਆਮਦਨ ਦਾ ਲਗਾਤਾਰ ਘਟਦੇ ਜਾਣਾ ਅਤੇ ਕਰਜ਼ੇ ਦਾ ਵਧਦੇ ਜਾਣਾ ਕੀ ਇਨ੍ਹਾਂ ਵਿਸ਼ੇਸ਼ ਪ੍ਰਬੰਧਕਾਂ ਦੀ ਲਾਇਕੀ ਦਾ ਸਬੂਤ ਹਨ? ਆਮਦਨ ਦੇ ਵਾਧੇ ਬਾਰੇ ਯੋਜਨਾਵਾਂ ਨਾ ਬਣਾਉਣਾ ਜਾਂ ਬਣਾਈਆਂ ਦੇ ਸਾਰਥਿਕ ਨਤੀਜੇ ਨਾ ਪ੍ਰਾਪਤ ਹੋਣੇ ਕੀ ਇਹ ਅਯੋਗਤਾ, ਨਲਾਇਕੀ ਸਿੱਧ ਨਹੀਂ ਕਰਦੇ?

ਉਂਝ ਕਈ ਵਾਰ ਅਖ਼ਬਾਰ ਦੇ ਇਸ਼ਤਿਹਾਰ ਪੜ੍ਹਦਿਆਂ ਇੰਝ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਵਿਸ਼ੇਸ਼ ਪ੍ਰਬੰਧਕਾਂ ਤੋਂ ਵੱਧ ਤਾਂ ਜੋਤਿਸ਼ੀਆਂ/ਤਾਂਤਰਿਕ/ਪੁੱਛਾਂ ਦੇਣ ਵਾਲਿਆਂ ਬਾਬਿਆਂ/ਦੇਵੀਆਂ ਨੂੰ ਲੋਕਾਂ ਦੀਆਂ ਨਿੱਤ ਦੀਆਂ ਮੁਸ਼ਕਿਲਾਂ ਬਾਰੇ ਵਧੇਰੇ ਜਾਣਕਾਰੀ ਹੈ। ਉਨ੍ਹਾਂ ਵੱਲੋਂ ਅਖ਼ਬਾਰਾਂ ਵਿੱਚ ਛਪਵਾਏ ਇਸ਼ਤਿਹਾਰਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ। ਜਿਨ੍ਹਾਂ ਵਿੱਚ ਨੌਕਰੀ, ਕਾਰੋਬਾਰ, ਜ਼ਮੀਨ-ਜਾਇਦਾਦ ਦਾ ਝਗੜਾ, ਵਿਦੇਸ਼ ਯਾਤਰਾ, ਪਿਆਰ-ਵਿਆਹ, ਕੋਰਟ ਕਚਿਹਰੀ ਦਾ ਮੁਕੱਦਮਾ, ਔਲਾਦ ਪ੍ਰਾਪਤੀ, ਜਾਦੂ-ਟੂਣਾ, ਰੁੱਸੇ ਨੂੰ ਮਨਾਉਣਾ, ਵਿਆਹ 'ਚ ਰੁਕਾਵਟ, ਕੰਮ 'ਚ ਬਰਕਤ ਨਾ ਹੋਣਾ, ਪਤੀ-ਪਤਨੀ ਦਾ ਘਰੇਲੂ ਝਗੜਾ, ਸੌਤਨ ਤੋਂ ਮੁਕਤੀ, ਮੁੱਠੀਕਰਨ, ਦੁਸ਼ਮਣ ਤੋਂ ਛੁਟਕਾਰਾ ਆਦਿ ਸਮੱਸਿਆ ਦਾ ਜ਼ਿਕਰ ਕੀਤਾ ਹੁੰਦਾ ਹੈ। ਇਨ੍ਹਾਂ ਦਾ ਪੱਕਾ ਤੇ ਸ਼ਰਤੀਆ ਇਲਾਜ, ਸਮਾਂਬੱਧ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਵਿਚ ਕਰ ਦੇਣ ਬਾਰੇ ਲਿਖਿਆ ਹੁੰਦਾ ਹੈ। ਪਰ ਕਈਆਂ ਨੇ ਤਾਂ ਇੱਕ ਫ਼ੋਨ ਕਰਨ ਦੇ ਨਾਲ ਹੀ ਉਪਰੋਕਤ ਸਮੱਸਿਆ ਨੂੰ ਹੱਲ ਕਰਨ ਦਾ ਦਾਅਵਾ ਕੀਤਾ ਹੁੰਦਾ ਹੈ। ਭਾਵੇਂ ਉਨ੍ਹਾਂ ਕੋਲ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ। ਫਿਰ ਵੀ ਉਹ ਲੋਕਾਂ ਨੂੰ ਗੁੰਮਰਾਹ ਕਰਕੇ ਸ਼ਰੇਆਮ

ਆਪਣੀ ਲੁੱਟ ਦੀ ਦੁਕਾਨ ਚਲਾ ਰਹੇ ਹਨ। ਪੱਕਾ ਤੇ ਸ਼ਰਤੀਆਂ ਇਲਾਜ/ਹੱਲ ਕਰਨ ਦਾ ਦਾਅਵਾ ਵਿਅਕਤੀ ਨੂੰ ਵਿਸ਼ਵਾਸ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਐਪਰ ਲੁੱਟ ਕਰਾ ਲੈਣ ਉਪਰੰਤ ਬਹੁਤੇ ਚੁੱਪ ਹੀ ਰਹਿੰਦੇ ਹਨ। ਪਿੱਛੋਂ ਸਿਰਫ਼ ਆਪਣੀ ਕਿਸਮਤ ਨੂੰ ਕੋਸਦੇ ਹਨ। ਉਸ ਨੂੰ ਕਸੂਰਵਾਰ ਮੰਨ ਕੇ ਕੋਈ ਦਾਹਵਾ ਨਹੀਂ ਕਰਦੇ। ਸ਼ਾਇਦ ਸਾਡੇ ਵਿਸ਼ੇਸ਼ ਪ੍ਰਬੰਧਕਾਂ ਵਿਚੋਂ ਵੀ ਕੁਝ ਇਨ੍ਹਾਂ ਦੀਆਂ ਸੇਵਾਵਾਂ ਦੇ ਚੱਕਰਾਂ 'ਚ ਜ਼ਰੂਰ ਪਏ ਹੋਣਗੇ।

ਪ੍ਰੰਤੂ ਜੇਕਰ ਸਾਡੇ ਵਿਸ਼ੇਸ਼ ਪ੍ਰਬੰਧਕਾਂ ਅਧਿਕਾਰੀਆਂ ਨੂੰ ਸਮੱਸਿਆਵਾਂ ਬਾਰੇ ਜਾਣਕਾਰੀ ਨਹੀਂ ਹੈ ਤਾਂ ਇਨ੍ਹਾਂ ਨੂੰ ਜੋਤਿਸ਼ੀਆਂ ਦੇ ਇਸ਼ਤਿਹਾਰ ਜ਼ਰੂਰ ਪੜ੍ਹ ਲੈਣੇ ਚਾਹੀਦੇ ਹਨ। ਐਪਰ ਇਨ੍ਹਾਂ ਵਿਚ ਬਿਜਲੀ, ਪਾਣੀ, ਵਾਤਾਵਰਣ, ਪ੍ਰਦੂਸ਼ਣ, ਆਲਮੀ ਤਪਸ਼ ਦੇ ਵਧਣ ਵਰਗੀਆਂ ਸਮੱਸਿਆਵਾਂ ਦਾ ਜ਼ਿਕਰ ਨਹੀਂ ਹੁੰਦਾ। ਕਿਉਂਕਿ ਇਹ ਸਾਂਝੀ ਸਮੱਸਿਆ ਨੂੰ ਵੀ ਪ੍ਰਤੀ ਵਿਅਕਤੀ ਦੀ ਸਮੱਸਿਆ ਬਣਾ ਕੇ ਪੇਸ਼ ਕਰਦੇ ਹਨ। ਫਿਰ ਉਸਦੇ ਹੱਲ ਬਾਬਤ ਪਾਠ-ਪੂਜਾ ਰਾਹੀਂ ਹੱਲ ਕਰਨ ਬਹਾਨੇ ਮਾਇਆ ਠੱਗ ਲੈਂਦੇ ਹਨ। ਪ੍ਰੰਤੂ ਅਧਿਕਾਰੀਆਂ ਨੇ ਪ੍ਰਤੀ ਵਿਅਕਤੀ ਦੀ ਸਮੱਸਿਆ ਨੂੰ ਵੀ ਸਾਂਝੀ ਸਮੱਸਿਆ ਦੇ ਪੱਖ ਤੋਂ ਵਿਚਾਰਨਾ ਹੁੰਦਾ ਹੈ। ਐਪਰ ਸਮੱਸਿਆ ਦੀ ਜਾਣਕਾਰੀ ਹੋਣੀ ਤਾਂ ਜ਼ਰੂਰੀ ਹੈ। ਇਹ ਅਖ਼ਬਾਰਾਂ ਦੇ ਇਸ਼ਤਿਹਾਰਾਂ ਤੋਂ ਪ੍ਰਾਪਤ ਕਰ ਸਕਦੇ ਹਨ। ਪ੍ਰੰਤੂ ਹੱਲ ਬਾਬਤ ਯਤਨ ਆਪਣੇ ਤੌਰ 'ਤੇ ਕਰਨੇ ਪੈਣਗੇ ਤਾਂ ਹੀ ਫਿਰ ਲੋਕ ਕਚਿਹਰੀ ਵਿਚ ਲਾਇਕ ਪ੍ਰਬੰਧਕ ਹੋਣ ਦੀ ਦਿੱਖ ਦਾ ਪ੍ਰਭਾਵ ਜਾਵੇਗਾ। ਇਹ ਨਾ ਹੋਵੇ ਬਾਕੀ ਲੋਕਾਂ ਵਾਂਗ ਤੁਸੀਂ ਵੀ ਜੋਤਸ਼ੀਆਂ/ਤਾਂਤਰਿਕਾਂ/ਪੁੱਛਾਂ ਦੇਣ ਵਾਲਿਆਂ/ਸੰਤਾਂ/ਬਾਬਿਆਂ/ਡੇਰੇਦਾਰਾਂ ਤੋਂ ਇਨ੍ਹਾਂ ਦਾ ਹੱਲ ਕਰਵਾਉਣ ਲਈ ਪਾਠ-ਪੂਜਾ, ਹਵਨ, ਜੱਗ ਕਰਵਾਉਣ ਦੇ ਚੱਕਰਾਂ ਵਿੱਚ ਪੈ ਜਾਇਓ। ਉਂਝ ਤੁਹਾਡੇ ਤਾਂ ਕਦੇ ਇਹ ਵੀ ਧਿਆਨ 'ਚ ਨਹੀਂ ਆਇਆ। ਨਾ ਹੀ ਤੁਸੀਂ ਇਸ ਦੀ ਲੋੜ ਸਮਝੀ ਹੈ। ਸੂਬੇ ਦੇ ਹਰ ਪਿੰਡ-ਸ਼ਹਿਰ ਦੇ ਲਗਭਗ ਹਰੇਕ ਮੋੜ ਤੇ ਦੁਕਾਨਾਂ ਖੋਲ੍ਹ ਕੇ ਜੋਤਿਸ਼ੀ/ਤਾਂਤਰਿਕ/ਬਾਬੇ ਜਿਹੜੇ ਅਖ਼ਬਾਰਾਂ/ਟੀ.ਵੀ. ਰਾਹੀਂ ਜਾਦੂਈ ਪ੍ਰਚਾਰ ਕਰਕੇ ਸ਼ਰੇਆਮ ਡਰੱਗਜ਼ ਐਂਡ ਮੈਜਿਕ ਰੈਮਿਡੀ ਕਾਨੂੰਨ 1954 (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਦੀ ਉਲੰਘਣਾ ਕਰਕੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਲੋਕਾਂ ਨੂੰ ਲੁੱਟ ਰਹੇ ਹਨ। ਇਨ੍ਹਾਂ ਵਿਰੁੱਧ ਕੋਈ ਕਾਰਵਾਈ ਕੀਤੀ ਜਾਵੇ। ਪਰ ਕਾਰਵਾਈ ਤਾਂ ਤਦ ਕਰੋਗੇ ਜੇਕਰ ਆਮ ਲੋਕਾਈ ਦੀ ਕੋਈ ਚਿੰਤਾ ਹੋਵੇਗੀ। ਜੇਕਰ ਜਨਤਾ ਨੂੰ ਰਾਹਤ ਪਹੁੰਚਾਣ ਦੀ ਕੋਈ ਤਮੰਨਾ ਹੋਵੇਗੀ। ਅਜਿਹੇ ਟੀਚੇ ਦਾ ਕੋਈ ਸਿਰਾ ਦਿਖਾਈ ਨਹੀਂ ਦੇ ਰਿਹਾ। ਪ੍ਰੰਤੂ ਬਿਨਾਂ ਮਕਸਦ ਤੋਂ ਕਾਰਜ ਵਿਉਂਤ ਨਹੀਂ ਉਲੀਕੀ ਜਾਂਦੀ। ਉਦੇਸ਼ ਬਾਝੋਂ ਯੋਜਨਾ ਤੇ ਅਮਲ ਨਹੀਂ ਕੀਤਾ ਜਾਂਦਾ। ਬਿਨਾਂ ਅਮਲ ਤੋਂ ਕਿਸੇ ਨਤੀਜੇ ਤੇ ਨਹੀਂ ਪਹੁੰਚਿਆ ਜਾ ਸਕਦਾ। ਜਦੋਂ ਤੱਕ ਜਨਤਾ ਦੇ ਮਸਲਿਆ ਪ੍ਰਤੀ ਸਾਰਥਿਕ ਪਹੁੰਚ ਨਹੀਂ ਅਪਣਾਈ ਜਾਂਦੀ। ਆਪਣੀ ਯੋਗਤਾ, ਯੋਜਨਾ ਤੇ ਕਾਰਜ ਵਿਧੀ ਰਾਹੀਂ

ਸਹੀ ਨਤੀਜੇ ਸਾਹਮਣੇ ਨਹੀਂ ਲਿਆਏ ਜਾਂਦੇ। ਉਨਾਂ ਚਿਰ ਤੱਕ ਵਿਸ਼ੇਸ਼ ਪ੍ਰਬੰਧਕਾਂ ਦੀ ਸਿਆਣਪ, ਨਿਪੁੰਨਤਾ ਤੇ ਪ੍ਰਸ਼ਨ ਚਿੰਨ੍ਹ ਲੱਗਾ ਹੀ ਰਹਿਣਾ ਹੈ। ਭਾਵ ਨਲਾਇਕ ਹੋਣ ਦਾ ਤਮਗ਼ਾ ਹਿੱਕ ਤੇ ਲਟਕਦਾ ਹੀ ਰਹੇਗਾ।

ਪਰ ਵਿਸ਼ੇਸ਼ ਪ੍ਰਬੰਧਕਾਂ ਦੀ ਨਲਾਇਕੀ ਸਰਕਾਰੀ ਅੰਕੜਿਆਂ ਦੇ ਆਧਾਰ 'ਤੇ ਵੀ ਜੱਗ ਜ਼ਾਹਰ ਹੋ ਰਹੀ ਹੈ। ਸਾਲ 1997 ਤੱਕ ਪੰਜਾਬ ਦੀ ਪ੍ਰਤੀ ਜੀਅ ਆਮਦਨ ਦੇਸ਼ ਭਰ ਵਿਚੋਂ ਪਹਿਲੇ ਨੰਬਰ ਤੇ ਰਹੀ ਹੈ। ਹੁਣ ਇਹ ਲਗਾਤਾਰ ਪਿੱਛੇ ਵੱਲ ਖਿਸਕ ਰਹੀ ਹੈ। ਸਾਡੇ ਗੁਆਂਢੀ ਪ੍ਰਾਂਤ ਹਿਮਾਚਲ ਤੇ ਹਰਿਆਣਾ ਅੱਗੇ ਨਿਕਲ ਗਏ ਹਨ। ਸਿਰਫ਼ ਪ੍ਰਤੀ ਵਿਅਕਤੀ ਆਮਦਨ ਵਿੱਚ ਹੀ ਨਹੀਂ ਸਗੋਂ ਸਮਾਜਿਕ ਵਿਕਾਸ ਤੇ ਹੋਰ ਖੇਤਰਾਂ ਵਿੱਚ ਵੀ। ਪੰਜਾਬ ਦੀ ਪ੍ਰਤੀ ਜੀਅ ਆਮਦਨ ਇਸ ਦਹਾਕੇ ਦੇ ਅੰਤ ਤੱਕ 10ਵੇਂ ਨੰਬਰ ਤੇ ਚਲੇ ਜਾਵੇਗੀ। ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਆਦਿ ਬੁਨਿਆਦੀ ਖੇਤਰਾਂ ਦਾ ਨਿਘਾਰ ਵੀ ਜਾਰੀ ਹੈ। ਸਿੱਖਿਆ ਦੇ ਖੇਤਰ ਵਿੱਚ ਪੰਜਾਬ 20ਵੇਂ ਨੰਬਰ ਤੇ ਚਲਾ ਗਿਆ ਹੈ। ਸਰਬ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਪੰਜਾਬ ਦੇ ਡੇਢ ਲੱਖ ਬੱਚਿਆਂ ਨੂੰ ਅਜੇ ਵੀ ਸਕੂਲ ਨਸੀਬ ਨਹੀਂ ਹੋਇਆ। ਪ੍ਰੰਤੂ ਫਿਰ ਵੀ 17 ਮਾਰਚ 08 ਨੂੰ ਪੇਸ਼ ਕੀਤੇ ਗਏ ਸਕੂਲੀ ਸਿੱਖਿਆ ਦੇ ਬਜਟ ਵਿੱਚ 53 ਕਰੋੜ ਦੀ ਕਟੌਤੀ ਕਰ ਦਿੱਤੀ ਹੈ। ਪ੍ਰੰਤੂ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਸਕੂਲ ਸਿੱਖਿਆ ਨੂੰ ਅੱਗੇ ਲਿਜਾਇਆ ਜਾ ਰਿਹਾ ਹੈ। ਕੀ ਇਸ ਤਰ੍ਹਾਂ ਅੱਗੇ ਜਾਵੇਗੀ ਜਾਂ ਪਿੱਛੇ? ਅਸਲ ਵਿੱਚ ਸਰਕਾਰ ਦੇ ਸਲਾਹਕਾਰਾਂ ਵਿਸ਼ੇਸ਼ ਪ੍ਰਬੰਧਕਾਂ ਅਧਿਕਾਰੀਆਂ ਵੱਲੋਂ ਸਿੱਖਿਆ ਦੇ ਪ੍ਰਬੰਧ ਨੂੰ ਤਬਾਹ ਕਰਨ ਦਾ ਮਨ ਬਣਾਇਆ ਹੋਇਆ ਹੈ। ਉਹ ਐਨਾ ਕੁ ਜ਼ਰੂਰ ਸਮਝਦੇ ਹਨ। "ਵਿੱਦਿਆਹੀਨ ਮਨੁੱਖ ਪਸ਼ੂ ਸਮਾਨ।" ਇਸ ਲਈ ਸਕੂਲੀ ਸਿੱਖਿਆ ਵਲੋਂ ਹੱਥ ਪਿੱਛੇ ਖਿੱਚਿਆ ਜਾ ਰਿਹਾ ਹੈ। ਅਨਪੜ੍ਹ ਪਸ਼ੂਆਂ ਵਰਗੇ ਲੋਕਾਂ ਨੂੰ ਜਿੱਧਰ ਮਰਜ਼ੀ ਹੱਕਿਆ ਜਾ ਸਕਦਾ ਹੈ। ਗੁਲਾਮ ਬਣਾਇਆ ਜਾ ਸਕਦਾ ਹੈ। ਹੋਰ ਮਨਮਰਜ਼ੀਆਂ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਸ਼ੇਸ਼ ਪ੍ਰਬੰਧਕਾਂ ਦੀ ਜੇਕਰ ਯੋਗਤਾ ਹੈ ਤਾਂ ਸਿਰਫ਼ ਆਪਣੇ ਲਈ ਹੈ। ਲੋਕਾਈ ਦੇ ਮਸਲਿਆਂ ਵਾਸਤੇ ਨਹੀਂ। ਇਸ ਲਈ ਕਿਹਾ ਜਾ ਸਕਦਾ ਹੈ "ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ।"

ਪੰਜਾਬ ਬਹੁਤੇ ਸੂਬਿਆਂ ਤੋਂ ਪੱਛੜ ਗਿਆ ਹੈ। ਸਿਹਤ, ਸਿੱਖਿਆ, ਬਿਜਲੀ, ਆਵਾਜਾਈ ਤੇ ਹੋਰਨਾਂ ਦਰਜਨਾਂ ਵਿਭਾਗਾਂ ਅੰਦਰ ਨਵੀਂ ਭਰਤੀ ਬੰਦ ਹੈ। ਨਵੀਆਂ ਸਨਅਤਾਂ ਨਾ ਲੱਗਣ ਕਾਰਨ ਵੀ ਬੇ-ਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਬੇਕਾਰੀ ਵਧਣ ਦੇ ਕਾਰਨ ਅਪਰਾਧੀਆਂ, ਨਸ਼ੇੜੀਆਂ, ਮਾਨਸਿਕ ਰੋਗੀਆਂ ਅਤੇ ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ।

ਪੰਜਾਬ ਨੂੰ ਖੇਤੀ ਪ੍ਰਧਾਨ ਸੂਬਾ ਕਿਹਾ ਜਾਂਦਾ ਹੈ। ਪ੍ਰੰਤੂ ਵਿੱਤੀ ਸਾਲ 2005-06 ਦੇ ਅਨੁਮਾਨਾਂ ਅਨੁਸਾਰ ਪੰਜਾਬ ਦੇ ਖੇਤਰ ਦੀ ਵਿਕਾਸ ਦਰ ਕੇਵਲ 1.86% ਸੀ।

ਜਦੋਂ ਕਿ ਕੌਮੀ ਪੱਧਰ ਤੇ ਇਹ 5.78% ਸੀ। ਇਸ ਤਰ੍ਹਾਂ ਪੰਜਾਬ ਦੀ ਔਸਤ ਵਿਕਾਸ ਦਰ ਭਾਰਤ ਦੀ ਔਸਤ ਵਿਕਾਸ ਦਰ ਦੇ ਅੱਧ ਤੋਂ ਵੀ ਘੱਟ ਰਹਿ ਗਈ ਸੀ। ਪੂੰਜੀ ਨਿਰਮਾਣ ਲਈ ਕੁੱਲ ਪੈਦਾਵਾਰ ਦੇ ਅਨੁਪਾਤ ਦੇ ਤੌਰ 'ਤੇ ਸਰਕਾਰ ਦਾ ਖ਼ਰਚ ਕੇਵਲ 0.7% ਹੈ ਜੋ ਹੇਠਲੇ ਪਾਸਿਓ ਦੂਜੇ ਨੰਬਰ ਤੇ ਹੈ। ਪੂੰਜੀ ਨਿਵੇਸ਼ ਅਕਾਰਸ਼ਿਤ ਕਰਨ ਦੇ ਮਾਮਲੇ ਵਿਚ ਪੰਜਾਬ ਦਾ 2006 ਵਿਚ ਛੇਵਾਂ ਨੰਬਰ ਸੀ। ਪਰ 2007 ਦੇ ਅੰਤ ਤੱਕ ਇਹ ਖਿਸਕ ਕੇ ਅੱਠਵੇਂ ਨੰਬਰ ਤੇ ਚਲੇ ਗਿਆ ਹੈ। ਟੀਚੇ ਮਿੱਥਣ ਦੇ ਮਾਮਲੇ ਵਿਚ ਵੀ ਪੰਜਾਬ ਪਿੱਛੇ ਚਲਾ ਗਿਆ ਹੈ। ਗਿਆਰਵੀਂ ਪੰਜ ਸਾਲਾਂ ਯੋਜਨਾ ਵਿੱਚ ਕੌਮੀ ਵਿਕਾਸ ਦਰ ਦਾ ਟੀਚਾ 8.5% ਸਲਾਨਾ ਰੱਖਿਆ ਗਿਆ ਹੈ। ਪਰ ਪੰਜਾਬ ਨੇ 5.8% ਰੱਖਿਆ ਹੈ। 11ਵੀਂ ਪੰਜ ਸਾਲਾਂ ਯੋਜਨਾ ਦੌਰਾਨ ਪੰਜਾਬ ਦੇਸ਼ ਦਾ ਸਭ ਤੋਂ ਘੱਟ ਵਿਕਾਸ ਕਰ ਰਿਹਾ ਪ੍ਰਾਂਤ ਹੋਵੇਗਾ। ਇਥੋਂ ਦੇ ਲਾਇਕ ਵਿਸ਼ੇਸ਼ ਪ੍ਰਬੰਧਕਾਂ ਦਾ ਹਾਲ ਇਹ ਹੈ ਕਿ ਕਈ ਵਾਰ ਕੇਂਦਰੀ ਗ੍ਰਾਂਟਾਂ ਅਣਵਰਤੀਆਂ ਹੀ ਵਾਪਸ ਚਲੇ ਜਾਂਦੀਆਂ ਹਨ। ਪ੍ਰੰਤੂ ਕੌਣ ਸਾਹਿਬਾਂ ਨੂੰ ਆਖੇ?

ਇਸ ਵਿਚਾਰ ਚਰਚਾ ਤੋਂ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਵਿਸ਼ੇਸ਼ ਪ੍ਰਸ਼ਾਸਨਕ ਪ੍ਰਬੰਧਕ ਸਿਰਫ਼ ਨਾਂ ਦੇ ਹੀ ਪ੍ਰਬੰਧਕ ਹਨ। ਇਨ੍ਹਾਂ ਪ੍ਰਤੀ ਲੋਕਾਂ ਦਾ ਭੁਲੇਖਾ ਹੈ ਕਿ ਇਹ ਬਹੁਤ ਸਿਆਣੇ, ਸਮਝਦਾਰ; ਲਾਇਕ ਹਨ। ਪ੍ਰੰਤੂ ਅਜਿਹਾ ਸਿੱਧ ਨਹੀਂ ਹੁੰਦਾ। ਵੱਖਰੇ-ਵੱਖਰੇ ਅੰਕੜੇ ਸੂਬੇ ਦੇ ਹਾਲਾਤ ਅਤੇ ਇਨ੍ਹਾਂ ਦੇ ਕਾਰਜ ਹੁਣ ਕਿਸੇ ਤੋਂ ਲੁਕੇ ਹੋਏ ਨਹੀਂ। ਉਨ੍ਹਾਂ ਦੇ ਨਤੀਜੇ ਵੀ ਸਭ ਦੇ ਸਾਹਮਣੇ ਹਨ। ਹੋਰ ਤਾਂ ਹੋਰ ਇਹ ਸੂਬੇ ਦੀ ਮਾਤ ਭਾਸ਼ਾ ਪੰਜਾਬੀ ਤੱਕ ਵੀ ਲਾਗੂ ਨਹੀਂ ਕਰਵਾ ਸਕੇ। ਇਸ ਲਈ ਕਹਿਣਾ ਪਵੇਗਾ, ਇਹ ਲਾਇਕ ਨਹੀਂ, ਨਲਾਇਕ ਪ੍ਰਬੰਧਕ ਹਨ। ਸ਼ਾਇਦ ਹੋ ਸਕਦਾ ਹੈ, ਆਪਣੇ ਕੁਝ ਲਾਇਕ ਸਾਥੀਆਂ ਵਾਂਗ ਬਾਕੀ ਵੀ ਆਪਣੇ 'ਚ ਸੁਧਾਰ ਕਰਕੇ ਪ੍ਰਾਂਤ ਦੀ ਦਸ਼ਾ ਸੁਧਾਰਨ ਦੇ ਰਾਹ ਤੁਰ ਪੈਣਗੇ। ਕਹਿੰਦੇ ਹਨ "ਸਵੇਰ ਦਾ ਭੁੱਲਿਆ, ਸ਼ਾਮ ਨੂੰ ਘਰ ਆ ਜਾਵੇ। ਉਹਨੂੰ ਭੁੱਲਿਆ ਨਹੀਂ ਕਹਿੰਦੇ।" ਉਮੀਦ ਹੈ ਸੂਬੇ ਦੇ ਪ੍ਰਸਾਸ਼ਨਕ ਪ੍ਰਬੰਧਕ ਆਪਣੀ ਜ਼ਿੰਮੇਵਾਰੀ ਸਮਝ ਜ਼ਰੂਰ ਅਜਿਹਾ ਕੁਝ ਕਰਨਗੇ ਕਿ ਪੰਜਾਬ ਬੇਕਾਰੀ, ਅਨਪੜ੍ਹਤਾ, ਨਸ਼ੇਖੋਰੀ, ਅਪਰਾਧ, ਭ੍ਰਿਸ਼ਟਾਚਾਰ, ਕਾਲਾਬਜ਼ਾਰੀ ਵਰਗੀਆਂ ਹੋਰ ਅਲਾਮਤਾਂ ਤੋਂ ਵੀ ਛੁਟਕਾਰਾਂ ਪਾ ਲਵੇ ਤੇ ਬੁਲੰਦੀਆਂ ਵੱਲ ਵਧੇ। ਇਹ ਮੁੜ ਕੇ ਦੇਸ਼ ਦਾ ਨੰਬਰ ਇੱਕ ਸੂਬਾ ਬਣੇ। ਦੂਜੇ ਸੂਬਿਆਂ ਦੇ ਅਧਿਕਾਰੀ ਵੀ ਤੁਹਾਡੇ ਤੋਂ ਸਬਕ ਲੈਣ ਤੇ ਦੇਸ਼ ਵਿਕਾਸ਼ਸੀਲ ਤੋਂ ਵਿਕਸਤ ਦੇਸ਼ ਬਣਨ ਵੱਲ ਵਧੇ। ਤੁਹਾਡੀ ਯੋਗਤਾ, ਯੋਜਨਾ ਤੇ ਸਹੀ ਅਮਲ ਕਰਨ ਤੇ ਕਰਵਾਉਣ ਨਾਲ ਹੀ ਚੰਗੇ ਨਤੀਜੇ ਸਾਹਮਣੇ ਆਉਣਗੇ। ਜੋ ਲਾਇਕ ਹੋਣ ਦਾ ਸਬੂਤ ਹੋਵੇਗਾ।

***

ਦਹਿਸ਼ਤਗਰਦ ਤੇ ਦਹਿਸ਼ਤਗਰਦੀ

ਭਾਰਤ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਵੱਲੋਂ ਦਹਿਸ਼ਤਗਰਦਾਂ ਅਤੇ ਦਹਿਸ਼ਤਗਰਦੀ ਦੀ ਸਮੱਸਿਆ ਦੇ ਹੱਲ ਬਾਬਤ ਅਖ਼ਬਾਰੀ ਬਿਆਨ ਛਪ ਰਹੇ ਹਨ। ਜਿਨ੍ਹਾਂ ਰਾਹੀਂ ਕਿਹਾ ਜਾ ਰਿਹਾ ਹੈ ਕਿ ਸਾਨੂੰ ਦਹਿਸ਼ਤਗਰਦੀ ਦੇ ਖਿਲਾਫ਼ ਇਕਮੁੱਠ ਹੋ ਕੇ ਲੜਨਾ ਚਾਹੀਦਾ ਹੈ। ਦਹਿਸ਼ਤਗਰਦੀ ਨੂੰ ਠੱਲ੍ਹ ਪਾਉਣ ਲਈ ਪੋਟਾ ਵਰਗੇ ਸਖ਼ਤ ਕਾਨੂੰਨ ਦੀ ਲੋੜ ਹੈ। ਕੀ ਇਹ ਸਾਰੇ ਇਸ ਮਸਲੇ ਤੇ ਇਕੱਠੇ ਹੋ ਸਕਦੇ ਹਨ? ਕੀ ਇਸ ਦਾ ਹੱਲ ਕਰਨ ਲਈ ਸੁਹਿਰਦ ਹਨ? ਕੀ ਕੋਈ ਸਖ਼ਤ ਕਾਨੂੰਨ ਹੀ ਇਸ ਸਮੱਸਿਆ ਦਾ ਹੱਲ ਹੈ? ਇਸ ਨੂੰ ਵਿਚਾਰਨਾ ਪਵੇਗਾ।

ਸਭ ਤੋਂ ਪਹਿਲਾਂ ਦਹਿਸ਼ਤ ਫੈਲਾਉਣ ਵਾਲੇ ਦਹਿਸ਼ਤਗਰਦਾਂ ਦੀ ਪਛਾਣ ਕਰਨੀ ਪਵੇਗੀ। ਸਹੀ ਪਹਿਚਾਣ ਕਰਕੇ ਹੀ ਕੋਈ ਯੋਜਨਾ ਉਲੀਕੀ ਜਾ ਸਕਦੀ ਹੈ। ਜਿਵੇਂ ਕਿਸੇ ਘਰ ਜਾਂ ਅਦਾਰੇ 'ਚ ਡਕੈਤੀ ਦੀ ਘਟਨਾ ਹੋ ਜਾਂਦੀ ਹੈ। ਪੁਲਿਸ ਮੌਕੇ 'ਤੇ ਮੌਜੂਦ ਰਹੇ ਲੋਕਾਂ ਤੋਂ ਡਾਕਾ ਮਾਰਨ ਵਾਲੇ ਵਿਅਕਤੀਆਂ ਦੇ ਚਿਹਰਿਆਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਕੇ ਉਨ੍ਹਾਂ ਦੇ ਸਕੈੱਚ (ਫ਼ੋਟੋ) ਜਾਰੀ ਕਰਦੀ ਹੈ। ਉਨ੍ਹਾਂ ਬਾਰੇ ਸੂਚਨਾ ਦੇਣ ਵਾਲਿਆਂ ਲਈ ਇਨਾਮ ਰੱਖਦੀ ਹੈ। ਇਸ ਲਈ ਕਿ ਲੋਕਾਂ ਦੇ ਸਹਿਯੋਗ ਨਾਲ ਜਲਦੀ ਤੋਂ ਜਲਦੀ ਫੜ੍ਹੇ ਜਾ ਸਕਣ। ਜੇਕਰ ਕਿਸੇ ਨੂੰ ਡਾਕਾ ਮਾਰਨ ਵਾਲਿਆਂ ਦੇ ਚਿਹਰਿਆਂ ਬਾਰੇ ਕੋਈ ਜਾਣਕਾਰੀ ਹੀ ਨਹੀਂ, ਉਹ ਪੁਲਿਸ ਦੀ ਸਹਾਇਤਾ ਨਹੀਂ ਕਰ ਸਕੇਗਾ। ਵਾਰਦਾਤ ਕਰਨ ਵਾਲਾ ਤਾਂ ਭਾਵੇਂ ਪੁਲਿਸ ਵਾਲੇ ਦੇ ਸਾਹਮਣੇ ਹੀ ਖੜ੍ਹਾ ਹੋਵੇ। ਜਿਸ ਨੇ ਮੌਕੇ 'ਤੇ ਡਕੈਤ ਨੂੰ ਦੇਖਿਆ ਹੀ ਨਹੀਂ, ਜਿਸ ਨੂੰ ਉਸਦੀ ਪਛਾਣ ਹੀ ਨਹੀਂ। ਉਹ ਉਸ ਨੂੰ ਫੜ੍ਹਨ ਲਈ ਕੋਈ ਯਤਨ ਨਹੀ ਕਰੇਗਾ। ਭਾਵੇਂ ਉਹ ਉਸਦੇ ਕਿੰਨਾ ਵੀ ਯੋਗ ਹੋਵੇ।

ਇਸ ਕਰਕੇ ਸਭ ਤੋਂ ਪਹਿਲਾਂ ਤਾਂ ਦਹਿਸ਼ਤਗਰਦਾਂ ਦੀ ਪਛਾਣ ਕਰਨ ਦੀ ਜ਼ਰੂਰਤ ਹੈ। ਫਿਰ ਹੀ ਉਨ੍ਹਾਂ ਪ੍ਰਤੀ ਇਕੱਲੇ ਤੌਰ 'ਤੇ ਜਾਂ ਸਾਂਝੇ ਤੌਰ 'ਤੇ ਕੋਈ ਲੜਾਈ ਦਿੱਤੀ ਜਾ ਸਕਦੀ ਹੈ। ਕੀ ਦਹਿਸ਼ਤਗਰਦ ਸਿਰਫ਼ ਉਨ੍ਹਾਂ ਨੂੰ ਸਮਝਿਆ ਜਾਵੇ। ਜਿਹੜੇ ਤਲਵਾਰ, ਪਿਸਤੌਲ, ਬੰਦੂਕ ਜਾਂ ਬੰਬ ਆਦਿ ਨਾਲ ਲੋਕਾਂ ਨੂੰ ਜਾਨੋਂ ਮਾਰ ਦਿੰਦੇ ਹਨ ਜਾਂ ਸਿਰਫ਼ ਧਮਕੀਆਂ ਦਿੰਦੇ ਹਨ? ਕੀ ਉਨ੍ਹਾਂ ਨੂੰ ਵੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਨਹੀਂ ਰੱਖਣਾ ਬਣਦਾ, ਜੋ ਆਪਣੇ ਨਾਂਹ-ਪੱਖੀ ਵਿਚਾਰਾਂ ਨਾਲ ਮਾਨਸਿਕ ਤੌਰ 'ਤੇ ਵਿਅਕਤੀਆਂ ਨੂੰ ਮਰਿਆ ਵਰਗਾ ਕਰ ਦਿੰਦੇ ਹਨ? ਦਹਿਸ਼ਤਗਰਦਾਂ ਦਾ ਮਕਸਦ ਕੀ ਹੁੰਦਾ ਹੈ? ਦਹਿਸ਼ਤਗਰਦੀ ਦਾ ਮਤਲਬ ਕੀ ਹੁੰਦਾ ਹੈ? ਇਸ ਦੀ ਪ੍ਰੀਭਾਸ਼ਾ ਦੇਣੀ ਪਵੇਗੀ। ਜਿਹੜੀ ਆਮ ਲੋਕਾਂ ਦੇ ਪੱਧਰ ਦੀ ਹੋਣੀ ਚਾਹੀਦੀ ਹੈ। ਜਿਸ ਨਾਲ ਉਹ ਵੀ

ਦਹਿਸ਼ਤਗਰਦਾਂ ਨੂੰ ਪਛਾਣ ਸਕਣ। ਜਦੋਂ ਉਹ ਉਨ੍ਹਾਂ ਦੀ ਨਜ਼ਰ ਵਿੱਚ ਆ ਜਾਣਗੇ ਫਿਰ ਕਿਤੇ ਵੀ ਭੱਜ ਨਹੀਂ ਸਕਣਗੇ। ਭਾਵੇਂ ਰਾਕਟ 'ਤੇ ਵੀ ਸਵਾਰ ਹੋ ਜ਼ਾਣ। ਕੀ ਹਥਿਆਰਾਂ ਨਾਲ ਮਾਰਨ ਵਾਲੇ ਹੀ ਦਹਿਸ਼ਤਗਰਦ ਹੁੰਦੇ ਹਨ ਜਾਂ ਵਿਚਾਰਾਂ ਨਾਲ ਮਾਰਨ ਵਾਲੇ ਵੀ ਦਹਿਸ਼ਤਗਰਦ ਮੰਨੇ ਜਾ ਸਕਦੇ ਹਨ? ਜੇਕਰ ਇਨ੍ਹਾਂ ਬਾਰੇ ਸਹੀ ਸਕੌਂਚ/ਪਰਿਭਾਸ਼ਾ ਪੇਸ਼ ਨਹੀਂ ਕੀਤੀ ਜਾਂਦੀ ਤਾਂ ਪਹਿਚਾਣ ਦਾ ਮਸਲਾ ਖੜ੍ਹਾ ਹੀ ਰਹੇਗਾ ਤੇ ਦਹਿਸ਼ਤਗਰਦੀ ਦਾ ਮਸਲਾ ਹੱਲ ਨਹੀਂ ਹੋ ਸਕੇਗਾ।

ਸਵਾਲ ਤਾਂ ਇਹ ਵੀ ਹੈ ਜੋ ਲੋਕ ਦਹਿਸ਼ਤਗਰਦੀ ਦੇ ਖਿਲਾਫ਼ ਲੜਾਈ ਲੜਨ ਦੀ ਗੱਲ ਕਰਦੇ ਹਨ। ਉਹ ਇਸ ਦੇ ਲਈ ਸੁਹਿਰਦ ਵੀ ਹਨ। ਲੜਾਈ ਲੜਨ ਦਾ ਢੌਂਗ ਤਾਂ ਨਹੀਂ ਕਰ ਰਹੇ। ਜਾਂ ਕੂੜ-ਪ੍ਰਚਾਰ ਸਿਰਫ਼ ਆਪਣੀ ਖੱਲ ਬਚਾਉਣ ਲਈ ਹੀ ਕਰ ਰਹੇ ਹਨ। ਇਹ ਵੀ ਜਾਣਨਾ ਜ਼ਰੂਰੀ ਹੈ।

ਅਸਲ ਵਿੱਚ ਉਹ ਦਹਿਸ਼ਤਗਰਦਾਂ ਦੇ ਖਿਲਾਫ਼ ਲੜਾਈ ਨਹੀਂ ਦੇਣਾ ਚਾਹੁੰਦੇ। ਉਹ ਨਹੀਂ ਚਾਹੁੰਦੇ ਕਿ ਦਹਿਸ਼ਤ ਦਾ ਦੌਰ ਖ਼ਤਮ ਹੋਵੇ। ਉਹ ਤਾਂ ਸਿਰਫ਼ ਡਰਾਮੇ ਕਰ ਰਹੇ ਹਨ। ਸਗੋਂ ਲੋਕਾਂ ਦੀ ਅਜਿਹੀ ਹਾਲਤ ਤੇ ਖੁਸ਼ ਹੋ ਰਹੇ ਹਨ। ਕਿਉਂਕਿ ਜੇਕਰ ਲੋਕ ਦਹਿਸ਼ਤ ਦੇ ਸਾਏ ਤੋਂ ਬਾਹਰ ਨਿਕਲਣਗੇ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਹੋਰ ਮਸਲਿਆਂ ਤੇ ਵਿਚਾਰ ਕਰਨ ਬਾਰੇ ਸੋਚ ਪੈਦਾ ਹੋ ਸਕਦੀ ਹੈ। ਹਾਕਮਾਂ ਦੇ ਹਿੱਤ ਇਸ ਨਾਲ ਜੁੜੇ ਹੋਏ ਹੁੰਦੇ ਹਨ। ਇੰਜ ਹੀ ਧਾਰਮਿਕ ਆਗੂ ਲੋਕਾਂ ਨੂੰ ਧਰਮ ਗ੍ਰੰਥਾਂ ਦੇ ਅਧਾਰਤ ਸਵਰਗ-ਨਰਕ, ਜਨਮ-ਕਰਮ, ਪਾਪ-ਪੁੰਨ ਤੇ ਰੱਬ ਦੇ ਨਾਂ ਦੀ ਦਹਿਸ਼ਤ ਹੇਠ ਦਬਾਈ ਰੱਖਦੇ ਹਨ। ਉਹ ਵੀ ਨਹੀਂ ਚਾਹੁੰਦੇ ਇਸ ਦਾ ਭੇਦ ਆਮ ਲੋਕਾਂ ਨੂੰ ਪਤਾ ਲੱਗੇ। ਕਿਉਂਕਿ ਅਜਿਹਾ ਹੋ ਜਾਣ ਤੇ ਉਨ੍ਹਾਂ ਦੇ ਹਿੱਤ ਸੁਰੱਖਿਅਤ ਨਹੀਂ ਰਹਿਣੇ। ਇੰਝ ਹੀ ਹਾਕਮਾਂ ਦੇ ਹਿੱਤ ਦਹਿਸ਼ਤ ਦਾ ਦੌਰ ਖਤਮ ਹੋਣ ਤੇ ਸਲਾਮਤ ਨਹੀਂ ਰਹਿਣੇ। ਇਹ ਵੀ ਤੇ ਉਹ ਸਭ ਜਾਣਦੇ ਹਨ। ਐਪਰ ਦਹਿਸ਼ਤਗਰਦੀ ਪ੍ਰਤੀ ਹਾਕਮ ਕੂੜ-ਪ੍ਰਚਾਰ ਕਰਦੇ ਹਨ ਤੇ ਕਰਦੇ ਹੀ ਰਹਿਣਗੇ। ਭਾਰਤ ਦੇ ਇਕ ਸਾਬਕਾ ਮਰਹੂਮ ਪ੍ਰਧਾਨ ਮੰਤਰੀ ਆਪਣੇ ਭਾਸ਼ਣਾਂ ਵਿਚ ਕਿਹਾ ਕਰਦੇ ਸਨ, "ਹਮ ਦੇਖੇਂਗੇ, ਹਮ ਸੋਚੇਂਗੇ।" ਮੌਜੂਦਾ ਵੀ ਦੇਖਦੇ, ਸੋਚਦੇ ਰਹਿਣਗੇ। ਪ੍ਰੰਤੂ ਇਸ ਦੇ ਅਸਲ ਹੱਲ ਬਾਬਤ ਕੁਝ ਵੀ ਨਹੀਂ ਕਰਨਗੇ। ਕੁਰਸੀ ਤੇ ਬੈਠੇ ਆਗੂ ਆਪਣੇ ਖਤਰੇ ਨੂੰ ਦੇਸ਼, ਧਰਮ, ਕੌਮ, ਸਭਿਆਚਾਰ ਆਦਿ ਨੂੰ ਖਤਰਾ/ਸੰਕਟ ਬਣਾ ਕੇ ਬਾਖੂਬੀ ਪੇਸ਼ ਕਰਦੇ ਹਨ। ਆਮ ਲੋਕ ਇਸ ਝੂਠ-ਕਪਟ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ। ਜਦੋਂ ਕਦੇ ਵੀ ਲੋਕ ਮਹਿੰਗਾਈ, ਬੇਕਾਰੀ, ਅਨਪੜ੍ਹਤਾ, ਬਿਜਲੀ, ਪਾਣੀ ਵਰਗੀਆਂ ਹੋਰ ਮੁਸ਼ਕਲਾਂ ਪ੍ਰਤੀ ਇਕੱਠੇ ਹੋ ਵਿਚਾਰ ਚਰਚਾ ਕਰਨ ਲੱਗਦੇ ਹਨ, ਉਸ ਸਮੇਂ ਹੀ ਕੋਈ ਨਾ ਕੋਈ ਧਾਰਮਿਕ, ਜਾਤੀਵਾਦ, ਖੇਤਰੀਵਾਦ ਜਾਂ ਦਹਿਸ਼ਤਗਰਦੀ ਦਾ ਵਾਵੇਲਾ ਜਾਣ-ਬੁੱਝ ਕੇ ਖੜ੍ਹਾ ਕਰ ਦਿੱਤਾ ਜਾਂਦਾ ਹੈ। ਖ਼ਾਸ ਤੌਰ 'ਤੇ ਜਦੋਂ ਚੋਣਾਂ ਦਾ ਸਮਾਂ ਹੋਵੇ, ਕਿਉਂਕਿ ਉਹ ਜਨਤਾ ਦੇ ਮਸਲਿਆਂ ਪ੍ਰਤੀ ਸੁਹਿਰਦ ਨਹੀਂ। ਉਹ ਸਮਝਦੇ ਹਨ ਕਿ

ਜੇਕਰ ਲੋਕਾਂ ਨੂੰ ਰੋਟੀ, ਰੋਜ਼ੀ ਦਾ ਪ੍ਰਬੰਧ ਕਰ ਦਿੱਤਾ ਗਿਆ ਤਾਂ ਸਾਡੀ ਪੁੱਛ-ਪ੍ਰਤੀਤ ਕੌਣ ਕਰੇਗਾ। ਇਸ ਲਈ ਉਹ ਮੌਕੇ ਮੁਤਾਬਕ ਅਜਿਹਾ ਅਲਾਪ ਲਾਉਂਦੇ ਰਹਿੰਦੇ ਹਨ ਤੇ ਲਾਉਂਦੇ ਰਹਿਣਗੇ। ਲੋਕਾਈ ਦੇ ਮਰਨ ਮਾਰਨ ਅਤੇ ਆਪਣੇ ਹਿੱਤ ਵਾਸਤੇ, ਯੋਜਨਾ-ਬੱਧ ਤਰੀਕੇ ਨਾਲ। ਜਿਸ ਦੀ ਲੋਕਾਂ ਨੂੰ ਭਾਵੇਂ ਕਿੰਨੀ ਵੀ ਕੀਮਤ ਤਾਰਨੀ ਪਵੇ। ਇਹ ਉਨ੍ਹਾਂ ਦੀ ਚਿੰਤਾ ਦਾ ਹਿੱਸਾ ਨਹੀਂ। ਉਨ੍ਹਾਂ ਦੀ ਕੁਰਸੀ ਸਲਾਮਤ ਰਹਿਣੀ ਚਾਹੀਦੀ ਹੈ।

ਇੱਕ ਵਿਗਿਆਨਕ ਰਿਪੋਰਟ ਦਾ ਜ਼ਿਕਰ ਕਰਦੇ ਹਾਂ, ਜਿਸ ਵਿਚ ਕਿਹਾ ਗਿਆ ਹੈ ਕਿ ਰੱਜੇ ਢਿੱਡ ਨਾਲ ਦਿਮਾਗ਼ ਬਿਹਤਰ ਫ਼ੈਸਲੇ ਕਰਦਾ ਹੈ। ਕੈਂਬਰਿਜ ਯੂਨੀਵਰਸਿਟੀ ਦੇ ਖੋਜਾਰਥੀਆਂ ਦਾ ਕਹਿਣਾ ਹੈ ਕਿ ਭੋਜਨ ਦਿਮਾਗ਼ 'ਚ ਸਿਰੋਟੋਨਿਨ ਦਾ ਪੱਧਰ ਵਧਾ ਦਿੰਦਾ ਹੈ ਤੇ ਜਿਨ੍ਹਾਂ ਲੋਕਾਂ 'ਚ ਇਸ ਦੇ ਹਾਰਮੋਨਾਂ ਦੀ ਬਹੁਤਾਤ ਹੁੰਦੀ ਹੈ, ਉਹ ਖਾਲੀ ਪੇਟ ਫ਼ੈਸਲੇ ਲੈਣ ਵਾਲਿਆਂ ਨਾਲੋਂ ਕਿਤੇ ਚੰਗੇ ਫੈਸਲੇ ਕਰਨ ਦੇ ਸਮਰੱਥ ਹੁੰਦੇ ਹਨ। ਸਰੀਰ 'ਚ ਸਿਰੋਟੋਨਿਨ, ਇਕ ਅਮੀਨੋ ਐਸਿਡ ਟ੍ਰਿਪਟੋਫੇਨ ਤੋਂ ਬਣਦਾ ਹੈ। ਇਹ ਐਸਿਡ ਚਾਕਲੇਟ, ਲਾਲ ਮੀਟ, ਬੀਜਾਂ ਮੇਵਿਆਂ ਤੇ ਦਹੀਂ ਜਿਹੀਆਂ ਖ਼ੁਰਾਕੀ ਵਸਤਾਂ 'ਚ ਮਿਲਦਾ ਹੈ। ਇਸ ਦੇ ਉਲਟ ਭੋਜਨ ਨਾ ਖਾਣ ਨਾਲ ਦਿਮਾਗੀ ਰਸਾਇਣ ਦਾ ਪੱਧਰ ਘੱਟ ਜਾਂਦਾ ਹੈ। ਜਿਸ ਨਾਲ ਕੋਈ ਵੀ ਲਾ-ਪ੍ਰਵਾਹੀ ਤੇ ਅਮੋੜ ਵਰਤਾਓ ਕਰਨ ਲੱਗ ਜਾਂਦਾ ਹੈ। ਸਿੱਟੇ ਵਜੋਂ ਦਿਲ ਦਿਮਾਗ ਤੇ ਹਾਵੀ ਹੋ ਜਾਂਦਾ ਹੈ। ਜੋ ਗਲਤ ਫੈਸਲੇ ਕਰਵਾਉਂਦਾ ਹੈ। ਬਰਤਾਨਵੀ ਖੋਜਾਰਥੀਆਂ ਦੀ ਖੋਜੀ ਟੀਮ ਦੇ ਮੋਹਰੀ ਮੌਲੀ ਕੌਂਕਿਟ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਕੀਤੀ ਗਈ ਰਿਸਰਚ ਤਾਂ ਏਹੀ ਸਿੱਧ ਕਰਦੀ ਹੈ ਕਿ ਸਿਰੋਟੋਨਿਨ ਸਮਾਜਿਕ ਫ਼ੈਸਲੇ ਲੈਣ ਦੀ ਸਮਰੱਥਾ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ ਤੇ ਹਿੰਸਕ ਜਾਂ ਉਲਾਰ ਵਰਤਾਰੇ ਨੂੰ ਠੱਲ੍ਹ ਪਾ ਕੇ ਰੱਖਦਾ ਹੈ। ਖੋਜਾਰਥੀ ਟੋਲੀ ਨੇ ਇਸ ਸੰਬੰਧੀ ਵਲੰਟੀਅਰਾਂ ਤੇ ਤਜਰਬੇ ਕੀਤੇ ਸਨ। ਇਨ੍ਹਾਂ ਵਿਗਿਆਨੀਆਂ ਨੇ ਵਲੰਟੀਅਰਾਂ ਦੀ ਖ਼ੁਰਾਕ ਤੇ ਆਪਣਾ ਕੰਟਰੋਲ ਰੱਖ ਕੇ ਇਨ੍ਹਾਂ 'ਚ ਸਿਰੋਟੋਨਿਨ ਦੇ ਪੱਧਰਾਂ 'ਚ ਫ਼ਰਕ ਲਿਆਂਦਾ ਸੀ ਤੇ ਫਿਰ ਉਨ੍ਹਾਂ ਨੂੰ ਖੇਡ ਖਿਡਾ ਕੇ ਉਨ੍ਹਾਂ ਦਾ ਫ਼ੈਸਲੇ ਲੈਣ ਦਾ ਪੱਧਰ ਜਾਣਿਆ ਸੀ। ਉਪਰੋਕਤ ਰਿਪੋਰਟ ਮੁਤਾਬਕ ਮੰਨਣਾ ਹੀ ਪਵੇਗਾ ਕਿ ਭੁੱਖੇ ਪੇਟ ਹੀ ਬੰਬ ਬਣਦੇ ਹਨ ਜਾਂ ਬੰਬ ਚਲਾਉਣ ਵਾਲੇ ਭਾਵ ਦਹਿਸ਼ਤਗਰਦ ਬਣਦੇ ਹਨ। ਕਿਉਂਕਿ ਦੱਸਿਆ ਗਿਆ ਹੈ ਕਿ ਸਿਰੋਟੋਨਿਨ ਸਹੀ ਮਾਤਰਾ ਵਿੱਚ ਨਾ ਪੈਦਾ ਹੋਣ ਕਾਰਨ ਸਮਾਜ ਵਿਰੋਧੀ, ਹਿੰਸਕ, ਦਹਿਸ਼ਤਗਰਦੀ ਵਾਲੇ ਫੈਸਲੇ ਕਰਨ ਵੱਲ ਵਿਅਕਤੀ ਸਵੈ-ਪ੍ਰਵਰਤਿਤ ਹੋ ਜਾਂਦਾ ਹੈ। ਜੇਕਰ ਸੱਚਮੁੱਚ ਦਹਿਸ਼ਤਗਰਦੀ ਨੂੰ ਖ਼ਤਮ ਕਰਨਾ ਹੈ ਤਾਂ ਉਪਰੋਕਤ ਮੁਤਾਬਕ ਭੁੱਖਮਰੀ ਦਾ ਸ਼ਿਕਾਰ ਹੋ ਰਹੀ ਲੋਕਾਈ ਦਾ ਖਿਆਲ ਕਰਨਾ ਹੀ ਪਵੇਗਾ। ਜੇਕਰ ਦੇਸ਼ ਦੀ ਆਬਾਦੀ ਲਈ ਅੰਨ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਦਹਿਸ਼ਤਗਰਦੀ ਨੂੰ ਖ਼ਤਮ ਕਰਨ ਦੀਆਂ ਸਿਰਫ਼ ਟਾਹਰਾਂ ਹੀ ਮਾਰੀਆਂ ਜਾ ਸਕਦੀਆਂ ਹਨ। ਜਦੋਂ ਵਾਤਾਵਰਨ ਦਹਿਸ਼ਤਗਰਦ ਪੈਦਾ ਕਰਨ ਵਾਲਾ ਸਰਮਾਏਦਾਰੀ ਬਨਾਮ ਲੋਕਤੰਤਰ ਨੇ

ਪੈਦਾ ਕੀਤਾ ਹੋਇਆ ਹੈ। ਫਿਰ ਕਿਵੇਂ ਮੰਨਿਆ ਜਾਵੇ ਕਿ ਦਹਿਸ਼ਤਗਰਦੀ ਖ਼ਤਮ ਕਰਨ ਬਾਰੇ ਦੇਸ਼ ਦੀ ਸਰਕਾਰ ਸੁਹਿਰਦ ਹੈ। ਜਦੋਂ ਕਿ ਨਵੀਆਂ ਆਰਥਿਕ ਨੀਤੀਆਂ ਨਾਲ ਮਹਿੰਗਾਈ ਅਤੇ ਬੇਕਾਰੀ ਵਧ ਰਹੀ ਹੈ। ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋਈ ਜਾ ਰਿਹਾ ਹੈ। ਜਿਸ ਬਾਰੇ ਉਦਯੋਗਾਂ ਲਈ ਬਣੇ ਰਾਸ਼ਟਰੀ ਅਯੋਗ ਐਨ.ਸੀ.ਈ. ਯੂ.ਐਸ. ਦੇ ਪ੍ਰਧਾਨ ਅਤੇ ਮੈਂਬਰ ਸੰਸਦ ਡਾ. ਅਰਜਨ ਸੈਨ ਗੁਪਤਾ ਨੇ ਕਿਹਾ ਹੈ ਕਿ ਭਾਰਤੀ ਅਰਥ ਵਿਵਸਥਾ ਵਿੱਚ ਬੇਸ਼ੱਕ ਇਜ਼ਾਫਾ ਹੋ ਰਿਹਾ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਦੇਸ਼ ਵਿੱਚ 83 ਕਰੋੜ 60 ਲੱਖ ਲੋਕ ਜਿਹੜੇ ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ ਅਤੇ ਜਾਪਾਨ ਦੀ ਕੁੱਲ ਆਬਾਦੀ ਤੋਂ ਵੀ ਵੱਧ ਹਨ। ਗਰੀਬੀ ਕਾਰਨ ਹਾਲੋਂ ਬੇਹਾਲ ਹਨ। ਯੂਨੀਸੈਫ਼ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੇ ਦੱਖਣੀ ਪ੍ਰਾਂਤਾਂ 'ਚ 48 ਪ੍ਰਤੀਸ਼ਤ ਬੱਚੇ ਭੁੱਖ ਦੇ ਕਾਰਨ ਮੌਤ ਦੇ ਮੂੰਹ ਵਿੱਚ ਜਾ ਪਏ ਹਨ। ਪ੍ਰੰਤੂ ਹੈਰਾਨੀ ਦੀ ਗੱਲ ਹੈ, ਭਾਰਤ ਸਮੇਤ ਕੁੱਲ ਦੁਨੀਆਂ ਦੀਆਂ ਸਰਕਾਰਾਂ ਹਥਿਆਰਾਂ ਦੀ ਦੌੜ ਅਤੇ ਪੁਲਾੜ ਦੇ ਭੇਦ ਜਾਨਣ ਵੱਲ ਵੱਧ ਰੁਚੀ ਲੈ ਰਹੀਆਂ ਹਨ। ਅੰਨ ਅਤੇ ਜਲ ਸੰਕਟ ਨੂੰ ਹੱਲ ਕਰਨ ਵਿੱਚ ਮਿਜ਼ਾਇਲਾਂ ਤੇ ਪ੍ਰਮਾਣੂ ਹਥਿਆਰ ਕਿੰਨਾ ਕੁ ਯੋਗਦਾਨ ਪਾਉਣਗੇ। ਇਹ ਤਾਂ ਉਹੀ ਜਾਨਣ। ਕੀ ਹਥਿਆਰਾਂ ਦੀ ਜ਼ਖੀਰੇਬਾਜ਼ੀ ਕਰਨ ਵਾਲਿਆਂ ਨੂੰ ਵੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ? ਗੁਆਂਢੀ ਮੁਲਕਾਂ ਦੇ ਹਥਿਆਰਾਂ ਤੋਂ ਵੱਧ ਸਮਰੱਥਾ ਵਾਲੇ ਹਥਿਆਰ ਤਿਆਰ ਕਰਨਾ ਜਾਂ ਮੁੱਲ ਲੈਣਾ ਕੀ ਸਿੱਧ ਕਰਦੇ ਹਨ? ਕੀ ਇਹ ਦਹਿਸ਼ਤ ਦਾ ਹੀ ਇਕ ਰੂਪ ਨਹੀਂ ਹੈ।

ਅੰਤਰਰਾਸ਼ਟਰੀ ਮਾਹਿਰਾਂ ਦੀ ਰਾਇ ਹੈ ਕਿ ਜੇਕਰ ਸੰਸਾਰ ਭਰ ਵਿਚ ਅੰਨ ਦਾ ਸੰਕਟ ਹੱਲ ਕਰਨਾ ਹੈ ਤਾਂ ਆਉਂਦੇ ਸਾਲਾਂ ਵਿਚ ਜਲ ਸੰਕਟ ਦਾ ਹੱਲ ਵੀ ਲੱਭਣਾ ਹੀ ਪਵੇਗਾ। ਇੰਟਰਨੈਸ਼ਨਲ ਵਾਟਰ ਮੈਨੇਜਮੈਂਟ ਇਸਟੀਚਿਊਟ ਦੇ ਡਾਇਰੈਕਟਰ ਕੋਲਿਨ ਚਾਰਟਰਸ ਦਾ ਕਹਿਣਾ ਹੈ ਕਿ ਸੰਸਾਰ ਭਰ ਵਿੱਚ ਜਲ ਸੰਕਟ ਕਾਰਨ 2030 ਤੱਕ ਸਾਰੇ ਪਾਸੇ ਅੰਨ ਸੰਕਟ ਆਉਣ ਵਾਲਾ ਹੈ। ਜਿਸ ਲਈ ਹੁਣ ਤੋਂ ਪਹਿਲਕਦਮੀ ਕਰਨੀ ਪਵੇਗੀ। ਜੇਕਰ ਜਲ ਸੰਕਟ ਦਾ ਹੱਲ ਨਾ ਕੱਢਿਆ ਗਿਆ ਤਾਂ ਅੰਨ ਸੰਕਟ ਆਉਣਾ ਹੀ ਆਉਣਾ ਹੈ। ਉਨ੍ਹਾਂ ਕਿਹਾ 2030 ਤੱਕ ਸੰਸਾਰ ਦੀ ਵਸੋਂ 6 ਅਰਬ ਤੋਂ ਵੱਧ ਕੇ 8.5 ਅਰਬ ਹੋਣ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ। ਇੰਨੀ ਵਸੋਂ ਲਈ ਜੇਕਰ ਜਲ ਅਤੇ ਅੰਨ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਹਫੜਾ-ਦਫ਼ੜੀ ਫੈਲਣ ਦਾ ਖਤਰਾ ਹੈ। ਭਾਵ ਇੱਕ ਨਵੀਂ ਤਰ੍ਹਾਂ ਦੀ ਦਹਿਸ਼ਤ ਦਾ ਦੌਰ ਸ਼ੁਰੂ ਹੋ ਜਾਵੇਗਾ। ਹੁਣ ਤੋਂ ਹੀ ਘੱਟ ਪਾਣੀ ਨਾਲ ਤਿਆਰ ਹੋਣ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨਾ ਪਵੇਗਾ। ਇਹ ਸਵਾਲ ਐਨਾ ਸੌਖਾ ਨਹੀਂ ਹੈ। ਜਦੋਂ ਅੱਜ ਮੁਨਾਫ਼ੇ ਦੇ ਦੌਰ ਵਿਚ ਹਰ ਪਾਸੇ ਹੀ ਹਫ਼ੜਾ-ਦਫ਼ੜੀ ਮਚੀ ਹੋਈ ਹੈ ਤਾਂ ਕੋਈ ਵੀ ਪਿੱਛੇ ਮੁੜਨ ਲਈ ਤਿਆਰ ਨਹੀਂ। ਦੁਨੀਆਂ ਭਰ ਦੀਆਂ ਵੱਡੀਆਂ ਕੰਪਨੀਆਂ ਜਿਥੇ ਵਾਤਾਵਰਨ ਖ਼ਰਾਬ ਕਰਨ ਵਿੱਚ ਆਪਣਾ ਘਟੀਆ ਰੋਲ

ਨਿਭਾ ਰਹੀਆਂ ਹਨ। ਉੱਥੇ ਨਾਲ-ਨਾਲ ਛੋਟੀਆਂ ਕੰਪਨੀਆਂ ਨੂੰ ਆਪਣੇ ਵਿੱਚ ਜਜ਼ਬ ਕਰ ਰਹੀਆਂ ਹਨ। ਸੁਲਾਹ ਨਾਲ ਵੀ ਤੇ ਦਹਿਸ਼ਤ ਨਾਲ ਵੀ। ਮੁਨਾਫ਼ੇ ਦੀ ਦੌੜ 'ਚ ਸਾਰੀਆਂ ਜੀਵ ਜਾਤੀਆਂ ਨੂੰ ਬਲੀ ਚੜ੍ਹਾਇਆ ਜਾ ਰਿਹਾ ਹੈ। ਆਲਮੀਤਪਸ਼ ਤੇ ਪ੍ਰਦੂਸ਼ਤ ਵਾਤਾਵਰਣ ਨਾਲ ਇਕ ਨਵੀਂ ਦਹਿਸ਼ਤ ਪੈਦਾ ਹੋ ਗਈ ਹੈ।

ਸਰਮਾਏਦਾਰ ਵੱਡੀਆਂ ਤਾਕਤਾਂ ਵੱਲੋਂ ਸਾਧਨਾਂ ਤੇ ਕਬਜ਼ੇ ਦੀ ਲੜਾਈ ਵਿੱਚੋਂ ਅੱਤਵਾਦ ਪੈਦਾ ਹੋ ਰਿਹਾ ਹੈ। ਜਿਸ ਦਾ ਸਿੱਟਾ ਹੈ ਕਿ ਆਮ ਲੋਕਾਂ ਦੀਆਂ ਮਿਹਨਤ ਕਰਨ ਦੇ ਬਾਵਜੂਦ, ਜਦੋਂ ਬੁਨਿਆਦੀ ਲੋੜਾਂ ਵੀ ਪਹੁੰਚ ਤੋਂ ਦੂਰ ਰਹਿੰਦੀਆਂ ਹਨ। ਨਤੀਜਨ ਉਹ ਲੋਕਤੰਤਰੀ ਢੰਗ ਨਾਲ ਮੁਸ਼ਕਲਾਂ ਹੱਲ ਕਰਨ ਦੀ ਬਜਾਏ ਅੱਤਵਾਦ ਵੱਲ ਮੁੜ ਜਾਂਦੇ ਹਨ। ਆਰਥਿਕਤਾ ਦੇ ਨਾਲ ਖ਼ਾਸ ਤੌਰ 'ਤੇ ਇਸ ਦਾ ਨਾਤਾ ਜੁੜਿਆ ਹੋਇਆ ਹੈ। ਜੇਕਰ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਆਬਾਦੀ ਤੇ ਕੰਟਰੋਲ ਕੀਤਾ ਜਾਵੇ ਤਾਂ ਦਹਿਸ਼ਤਗਰਦੀ ਦਾ ਖਾਤਮਾ ਕੀਤਾ ਜਾ ਸਕਦਾ ਹੈ। ਪ੍ਰੰਤੂ 'ਗੱਲੀ ਬਾਤੀ ਮੈਂ ਵੱਡੀ ਕਰਤੂਤੀ ਵੱਡੀ ਜਠਾਣੀ' ਵਾਲਾ ਹਾਲ ਹੈ। ਕਰਨਾ ਕੁਝ ਵੀ ਨਹੀਂ ਸਿਰਫ਼ ਐਲਾਨਾਂ, ਬਿਆਨਾਂ ਨਾਲ ਹੀ ਝੋਲੀ ਭਰੀ ਜਾਂਦੀ ਹੈ। ਦਹਿਸ਼ਤਗਰਦੀ ਖਿਲਾਫ਼ ਇਕਮੁੱਠ ਹੋ ਕੇ ਲੜਿਆ ਜਾਵੇਗਾ। ਦਹਿਸ਼ਤਗਰਦੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਇਸ ਦੇ ਖਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ। ਕਿਸ ਨੇ ਕੱਠੇ ਹੋਣਾ ਤੇ ਕਿਸ ਨੇ ਲੜਨਾ? ਕਿਹਦੇ ਨਾਲ ਲੜਨਾ? ਕਿਵੇਂ ਲੜਨਾ ਤੇ ਕਦੋਂ ਲੜਨਾ? ਇਹ ਸਵਾਲ ਹਵਾ 'ਚ ਲਟਕਦੇ ਹਨ। ਕੀ ਏਂਦਾ ਲਟਕਦੇ ਹੀ ਰਹਿਣਗੇ?

ਆਪਣੇ ਇਕ ਬਿਆਨ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ, "ਜੇਕਰ ਕੇਂਦਰ ਵੱਲੋਂ ਪੰਜਾਬ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਮਾਹੌਲ ਮੁੜ ਵਿਗੜ ਸਕਦਾ ਹੈ। ਉਨ੍ਹਾਂ ਨੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਮੁਸ਼ਕਲਾਂ ਦੇ ਹੱਲ ਲਈ ਕੌਮੀ ਸਹਿਮਤੀ ਬਣਾਉਣ ਵਾਸਤੇ ਪ੍ਰਧਾਨ ਮੰਤਰੀ ਨੂੰ ਮੁੱਖ ਮੰਤਰੀਆਂ ਦੀ ਕਾਨਫਰੰਸ ਬੁਲਾਉਣ ਤੇ ਜ਼ੋਰ ਦਿੱਤਾ ਹੈ। ਸ੍ਰੀ ਬਾਦਲ ਨੇ ਕਿਹਾ ਹੈ ਕਿ ਇਸ ਵੇਲੇ ਦੇਸ਼ ਹੌਲੀ-ਹੌਲੀ ਹਿੰਸਾ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਲਕ ਵਿਚ ਹਿੰਸਕ ਵਾਰਦਾਤਾਂ, ਨਕਸਲੀ ਲਹਿਰ ਅਤੇ ਫਿਰਕੂ ਟਕਰਾਅ ਦੇ ਪਿਛੋਕੜ ਵਿੱਚ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਵਰਗੇ ਮਾਮਲਿਆਂ 'ਚ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਜ਼ਰੂਰਤ ਹੈ। ਇਸ ਮਸਲੇ ਲਈ ਉਡੀਕ ਕਰਨੀ ਖਤਰਨਾਕ ਹੈ। ਆਜ਼ਾਦੀ ਤੋਂ ਬਾਅਦ ਵੀ ਲੱਖਾਂ ਲੋਕਾਂ ਦੇ ਮਕਾਨ ਅਜੇ ਵੀ ਕੱਚੇ ਹਨ ਅਤੇ ਉਨ੍ਹਾਂ ਦੇ ਰਹਿਣ ਲਈ ਸਹੀ ਪ੍ਰਬੰਧ ਨਹੀਂ ਹੈ। ਜਾਨਵਰ ਅਤੇ ਮਨੁੱਖ ਇਕੋ ਕਮਰੇ ਵਿਚ ਰਹਿੰਦੇ ਹਨ। ਉਨ੍ਹਾਂ ਕਿਹਾ "ਪਿਆਸੇ ਦੇ ਬੁੱਲ੍ਹਾਂ ਨੂੰ ਪਾਣੀ ਲਾਉਣ ਨਾਲ ਪਿਆਸ ਨਹੀਂ ਬੁਝਦੀ।" ਇਸ ਸਵਾਲ ਦੇ ਜਵਾਬ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਪੋਟਾ ਵਰਗੇ ਕਾਨੂੰਨ ਅੱਤਵਾਦ ਦੇ ਮਸਲੇ ਦਾ ਹੱਲ ਨਹੀਂ ਹੈ। ਅਸਲ ਬਿਮਾਰੀ ਦਾ

ਅਸਲ ਇਲਾਜ ਕਰਨ ਦੀ ਲੋੜ ਹੈ। (31 ਜੁਲਾਈ ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸਰਬਜੀਤ ਸਿੰਘ ਵਿਰਕ ਦਾ ਬਿਆਨ ਹੈ ਕਿ "ਵਸੋਂ ਤੇ ਬੇਰੁਜ਼ਗਾਰੀ 'ਚ ਵਾਧੇ ਕਾਰਨ ਅਪਰਾਧਾਂ ਵਿੱਚ ਇਜਾਫ਼ਾ ਹੋ ਰਿਹਾ ਹੈ।"

ਜੇਕਰ ਇਕ ਸੂਬੇ ਦਾ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਅਪਰਾਧਾਂ/ਦਹਿਸ਼ਤਗਰਦੀ ਭਾਵ ਅਪਰਾਧੀ/ਦਹਿਸ਼ਤਗਰਦਾਂ ਦੇ ਪੈਦਾ ਹੋਣ ਦਾ ਕਾਰਨ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਵਧਦੀ ਆਬਾਦੀ ਆਦਿ ਨੂੰ ਸਮਝ ਰਹੇ, ਮੰਨ ਰਹੇ ਹਨ। ਇਸੇ ਤਰ੍ਹਾਂ ਹੀ ਕੈਂਬਰਿਜ਼ ਯੂਨੀਵਰਸਿਟੀ ਦੇ ਖੋਜਾਰਥੀ ਪੇਟ ਦੀ ਭੁੱਖ ਨੂੰ ਦਿਮਾਗ ਦੇ ਸਮਾਜ ਵਿਰੋਧੀ ਹਿੰਸਕ ਫ਼ੈਸਲੇ ਲੈਣ ਦਾ ਕਾਰਨ ਸਿੱਧ ਕਰਦੇ ਹਨ ਤਾਂ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਵਿਰੋਧੀ ਧਿਰ ਦੇ ਨੇਤਾ ਐਲ.ਕੇ. ਅਡਵਾਨੀ ਨੂੰ ਆਪਣੀ ਅਕਲਮੰਦੀ ਤੇ ਅਫ਼ਸੋਸ ਜ਼ਰੂਰ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਸਮਝਣਾ ਹੀ ਪਵੇਗਾ ਕਿ ਦਹਿਸ਼ਤਗਰਦ/ਦਹਿਸ਼ਤਗਰਦੀ ਦਾ ਖਾਤਮਾ ਸਿਰਫ਼ ਸਖ਼ਤ ਕਾਨੂੰਨ ਬਣਾ ਕੇ ਲਾਗੂ ਕਰਨ ਨਾਲ ਨਹੀਂ ਹੋ ਸਕਦਾ। ਜੇਕਰ ਪ੍ਰਧਾਨ ਮੰਤਰੀ ਦਾ ਅਜਿਹਾ ਮੰਨਣਾ ਹੈ ਤਾਂ ਉਨ੍ਹਾਂ ਦੀ ਵੱਡੀ ਭੁੱਲ ਹੋਵੇਗੀ।

ਜੇਕਰ ਸਖ਼ਤ ਕਾਨੂੰਨ ਹੀ ਦਹਿਸ਼ਤਗਰਦੀ ਦਾ ਹੱਲ ਹੁੰਦਾ ਤਾਂ 1960 ਵਿੱਚ ਇਸ ਮਕਸਦ ਲਈ ਬਣਾਏ "ਕੌਮੀ ਸੁਰੱਖਿਆ ਐਕਟ" ਨੇ ਇਹਦਾ ਭੋਗ ਪਾ ਦੇਣਾ ਸੀ। ਪ੍ਰੰਤੂ ਇੰਝ ਹੋਇਆ ਨਹੀਂ। ਉਸ ਤੋਂ ਬਾਅਦ 1985 ਅਤੇ 1987 ਵਿਚ ਟਾਡਾ ਅਤੇ ਸੰਨ 2002 ਵਿੱਚ ਪੋਟਾ ਕਾਨੂੰਨ ਕਿੰਨੇ ਕੁ ਪ੍ਰਭਾਵਸ਼ਾਲੀ ਰਹੇ। ਸਭ ਜਾਣਦੇ ਹਨ ਜੇਕਰ ਹੁਣ ਵੀ ਦੇਸ਼ ਦਾ ਪ੍ਰਧਾਨ ਮੰਤਰੀ ਸਾਰਕ ਦੇਸ਼ਾਂ ਦੇ ਸੰਮੇਲਨ (2008) ਵਿੱਚ ਦਹਿਸ਼ਤਗਰਦਾਂ ਖਿਲਾਫ਼ ਸਿਰਫ਼ ਸਾਂਝਾ ਕਾਨੂੰਨੀ ਢਾਂਚਾ ਬਣਾਉਣ ਦੀ ਮੰਗ ਕਰਦਾ ਹੈ, ਰੱਖਦਾ ਹੈ ਤੇ ਫ਼ੈਸਲਾ ਕਰਵਾ ਲੈਂਦਾ ਹੈ ਤਾਂ ਇਹ ਮੂਰਖਾਨਾ ਫ਼ੈਸਲਾ ਹੋਵੇਗਾ। ਜੇ ਪ੍ਰਧਾਨ ਮੰਤਰੀ ਸਮਾਜ ਵਿੱਚ ਪ੍ਰਵਾਨਤ ਕਹਾਵਤਾਂ "ਵਿਹਲਾ ਮਨ ਸ਼ੈਤਾਨ ਦਾ ਘਰ" ਅਤੇ "ਭੁੱਖੇ ਪੇਟ ਹੀ ਬੰਬ ਬਣਦੇ ਹਨ" ਨਹੀਂ ਸਮਝ ਰਿਹਾ ਤਾਂ ਕਿਸੇ ਸਿੱਟੇ ਤੇ ਪੁੱਜ ਸਕਣਾ ਨਾ-ਮੁਮਕਿਨ ਹੈ। ਜਿਵੇਂ ਉਪਰੋਕਤ ਬਿਆਨ ਵਿੱਚ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਪੰਜਾਬ ਨੇ ਦਹਿਸ਼ਗਰਦੀ ਦੇ ਮੁੱਖ ਕਾਰਨ ਮਹਿੰਗਾਈ, ਗਰੀਬੀ, ਅਨਪੜ੍ਹਤਾ, ਭੁੱਖਮਰੀ, ਵਧਦੀ ਆਬਾਦੀ ਆਦਿ ਦੱਸੇ ਹਨ। ਇਨ੍ਹਾਂ ਦੇ ਹੱਲ ਸੰਬੰਧੀ ਕੋਈ ਪ੍ਰੋਗਰਾਮ/ਯੋਜਨਾ ਸੂਬਾਈ/ਦੇਸ਼, ਸਾਰਕ, ਏਸ਼ੀਆ ਜਾਂ ਸੰਸਾਰ ਪੱਧਰ ਤੇ ਤਿਆਰ ਕੀਤੀ ਜਾਣੀ ਚਾਹੀਦੀ ਹੈ। ਉਸਨੂੰ ਸਮਾਂਬੱਧ ਲਾਗੂ ਕੀਤਾ ਜਾਣਾ ਚਾਹੀਦਾ ਹੈ। ਜੇਕਰ ਅਜਿਹੇ ਯਤਨ ਨਹੀਂ ਕੀਤੇ ਜਾਂਦੇ, ਜਿਨ੍ਹਾਂ ਦੇ ਸਾਰਥਿਕ ਨਤੀਜੇ ਨਿਕਲ ਸਕਦੇ ਹਨ। ਜੇ ਸਿਰਫ ਦਹਿਸ਼ਤਗਰਦਾਂ ਨੂੰ ਸਜ਼ਾਵਾਂ ਦੇਣ ਲਈ ਸਖ਼ਤ ਕਾਨੂੰਨ ਬਣਾਉਣ ਤੱਕ ਹੀ ਸੀਮਤ ਰਹਿਣਾ ਹੈ। ਜਾਂ ਜਿਵੇਂ ਹੁਣ ਸਮੇਂ ਦੀ ਕਾਂਗਰਸ ਸਰਕਾਰ ਨੇ 13 ਸਤੰਬਰ 2008 ਦੇ ਦਿੱਲੀ ਬੰਬ ਧਮਾਕਿਆਂ ਤੋਂ ਬਾਅਦ ਦਹਿਸ਼ਤਗਰਦੀ ਨਾਲ ਨਿਪਟਣ ਲਈ ਕੇਂਦਰੀ ਕੈਬਨਿਟ ਵਿੱਚ ਫ਼ੈਸਲਾ ਕੀਤਾ

ਹੈ ਕਿ ਭੀੜ-ਭੜੱਕੇ ਵਾਲੇ ਬਾਜ਼ਾਰਾਂ, ਸ਼ਾਪਿੰਗ ਮਾਲ ਆਦਿ ਵਿਖੇ ਹੋਰ ਸੀ.ਸੀ.ਟੀ.ਵੀ. ਮੈਟਲ ਡਿਟੈਕਟਰ ਲਾਏ ਜਾਣਗੇ। ਪੁਲਿਸ ਤੇ ਆਈ.ਬੀ. ਵਿੱਚ ਹੋਰ ਨਿਯੁਕਤੀਆਂ ਕੀਤੀਆਂ ਜਾਣਗੀਆਂ। ਇਹ ਮਸਲੇ ਪ੍ਰਤੀ ਸਹੀ ਸਮਝ ਤੇ ਸਹੀ ਪਹੁੰਚ ਨਹੀਂ ਹੈ।

ਉਕਤ ਫ਼ੈਸਲੇ ਤੋਂ ਸਾਫ਼ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਦਾ ਮਕਸਦ ਦਹਿਸ਼ਗਰਦੀ ਦੇ ਮੂਲ ਕਾਰਨਾਂ ਨੂੰ ਖ਼ਤਮ ਕਰਨਾ ਨਹੀਂ ਹੈ। ਭਾਵ ਲੋਕਾਂ ਨੂੰ ਦਹਿਸ਼ਤਗਰਦੀ ਤੋਂ ਨਿਜਾਤ ਦਿਵਾਉਣਾ ਨਹੀਂ। ਸਿਰਫ਼ ਲਿਪਾ-ਪੋਚੀ ਕਰਨਾ ਹੈ। ਇਸ ਲਈ ਸਪੱਸ਼ਟ ਕਿਹਾ ਜਾ ਸਕਦਾ ਹੈ ਕਿ ਸਰਕਾਰ ਮਸਲੇ ਪ੍ਰਤੀ ਗੰਭੀਰ ਨਹੀਂ ਹੈ। ਦਿੱਲੀ ਬੰਬ ਧਮਾਕਿਆਂ ਮੌਕੇ ਗ੍ਰਹਿ ਮੰਤਰੀ ਦੇ ਰੋਲ ਨੇ ਇਸ ਨੂੰ ਪਹਿਲਾਂ ਹੀ ਸਿੱਧ ਕਰ ਦਿੱਤਾ ਸੀ।

ਪ੍ਰੰਤੂ ਕਿਸੇ ਜੁਰਮ ਨੂੰ ਕਰਨ ਵਾਲਾ ਤੇ ਉਸ ਜੁਰਮ ਨੂੰ ਕਰਨ ਲਈ ਮਜਬੂਰ ਕਰਨ ਵਾਲਾ ਵੀ ਕਾਨੂੰਨਣ ਬਰਾਬਰ ਦੇ ਦੋਸ਼ੀ ਮੰਨੇ ਜਾਂਦੇ ਹਨ। ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਧੀਕ ਸ਼ੈਸ਼ਨ ਜੱਜ ਬਲਵੀਰ ਸਿੰਘ ਦੀ ਅਦਾਲਤ ਵਿੱਚ ਜੁਰਮ ਲਈ ਮਜਬੂਰ ਕਰਨ ਹਿੱਤ ਦੋ ਦੋਸ਼ੀਆਂ ਨੂੰ ਪੰਜ-ਪੰਜ ਸਾਲ ਦੀ ਕੈਦ ਦੀ ਸਜ਼ਾ ਅਤੇ ਜੁਰਮਾਨਾ ਕੀਤਾ ਗਿਆ ਹੈ। ਐਪਰ ਸਿੱਧ ਹੋ ਚੁੱਕਾ ਹੈ ਕਿ ਕਿਹੜੇ ਹਾਲਤਾਂ ਵਿੱਚ ਕੋਈ ਦਹਿਸ਼ਗਰਦ ਬਣਦਾ ਹੈ। ਐਸੇ ਹਾਲਾਤ ਪੈਦਾ ਕਰਨ ਦੀਆਂ ਦੋਸ਼ੀ ਸਮੇਂ-ਸਮੇਂ ਦੀਆਂ ਸਰਕਾਰਾਂ ਹਨ ਤੇ ਇਨ੍ਹਾਂ ਨੂੰ ਚਲਾਉਣ ਵਾਲੇ ਲਗਭਗ ਸਾਰੇ ਹੀ ਦੋਸ਼ੀ ਹਨ। ਜਿਹੜੇ ਅਜੇ ਤੱਕ ਭਾਰਤੀ ਜਨਤਾ ਲਈ ਰੋਟੀ, ਰੋਜ਼ੀ ਦਾ ਪ੍ਰਬੰਧ ਵੀ ਨਹੀਂ ਕਰ ਸਕੇ। ਹੋਰ ਤਾਂ ਹੋਰ ਹੁਣ ਤੱਕ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਵੀ ਉਪਲਬੱਧ ਨਹੀਂ ਕਰਵਾਇਆ ਗਿਆ। ਇੰਝ ਹਾਕਮ ਮਾਨਵੀ ਹੱਕ ਮਾਰ ਕੇ ਲੋਕਾਂ ਤੇ ਜ਼ੁਲਮ ਕਰ ਰਹੇ ਹਨ। ਜੇਕਰ ਕੁਝ ਲੋਕ ਆਪਣੀਆਂ ਕੁੱਲੀ, ਗੁੱਲੀ, ਜੁੱਲੀ ਲੋੜਾਂ ਬਾਰੇ ਅਵਾਜ਼ ਬੁਲੰਦ ਕਰਦੇ ਹਨ ਤਾਂ ਉਨ੍ਹਾਂ ਤੇ ਪੁਲਿਸ ਵਲੋਂ ਲਾਠੀਆਂ, ਗੋਲੀਆਂ, ਪਾਣੀ ਦੀਆਂ ਬੁਛਾੜਾਂ ਆਦਿ ਨਾਲ ਹੋਰ ਜ਼ੁਲਮ ਕੀਤਾ ਜਾਂਦਾ ਹੈ। ਉਨ੍ਹਾਂ ਦੀ ਆਵਾਜ਼ ਸੁਣਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ ਸਗੋਂ ਅਵਾਜ਼ ਬੰਦ ਕਰਨ ਦੇ ਯਤਨ ਕੀਤੇ ਜਾਂਦੇ ਹਨ। ਇਹ ਲੜਾਈ ਵਰ੍ਹਿਆ ਤੋਂ ਚੱਲਦੀ ਆ ਰਹੀ ਹੈ। ਅਜੇ ਚੱਲਦੀ ਰਹੇਗੀ। ਦਹਿਸ਼ਤਗਰਦ ਅਤੇ ਦਹਿਸ਼ਗਰਦੀ ਉਕਤ ਮਸਲਿਆਂ ਦੇ ਲਟਕਦੇ ਰਹਿਣ ਤੱਕ ਖ਼ਤਮ ਨਹੀਂ ਹੋ ਸਕੇਗੀ। ਕਿਸੇ ਨੇ ਲਿਖਿਆ ਹੈ:-

ਲਗਾਤਾਰ ਜ਼ੁਲਮ ਸਹਿੰਦੇ ਸਹਿੰਦੇ
ਜਦੋਂ ਥੱਕ ਜਾਂਦਾ ਹੈ
ਕੋਈ ਆਦਮੀ
ਜਾਂ ਕੋਈ ਜਮਾਤ
ਜਾਂ ਨਸਲ
ਤਾਂ ਬਣ ਜਾਂਦੀ ਹੈ
ਮਾਨਵਬੰਬ। (ਦਹਿਸ਼ਤਗਰਦ)

ਦੇਸ਼ ਧ੍ਰੋਹੀ

ਸੰਵਿਧਾਨਕ ਪ੍ਰਬੰਧਨ ਦੁਆਰਾ ਚਲਾਇਆ ਜਾ ਰਿਹਾ ਭੂਮੀ ਦਾ ਉਹ ਹਿੱਸਾ ਜਿੱਥੇ ਲੋਕ ਰਹਿੰਦੇ ਹੋਣ ਦੇਸ਼ ਕਹਾਉਂਦਾ ਹੈ। ਦੇਸ਼ ਦੇ ਲੋਕਾਂ ਨਾਲ ਧੋਖਾ ਕਰਨ ਵਾਲੇ ਨੂੰ ਦੇਸ਼ ਧ੍ਰੋਹੀ ਕਿਹਾ ਜਾਂਦਾ ਹੈ। ਕਿਸੇ ਨਾਲ ਧ੍ਰੋਹ ਕੌਣ ਕਰਦਾ ਹੈ? ਕਿਉਂ ਕਰਦਾ ਹੈ? ਕਿਵੇਂ ਕਰਦਾ ਹੈ? ਜੇਕਰ ਇਨ੍ਹਾਂ ਸਵਾਲਾਂ ਦੇ ਸਹੀ ਜਵਾਬ ਲੱਭ ਕੇ ਉਨ੍ਹਾਂ ਦਾ ਹੱਲ ਨਾ ਕੀਤਾ ਤਾਂ ਦੇਸ਼ ਨਾਲ ਧ੍ਰੋਹ ਦਾ ਵਰਤਾਰਾ ਚਲਦਾ ਹੀ ਰਹੇਗਾ। ਜਿਸ ਦੀ ਕੀਮਤ ਕਿਸੇ ਨਾ ਕਿਸੇ ਰੂਪ ਵਿਚ ਲੋਕਾਂ ਚੁਕਾਉਣੀ ਪੈਂਦੀ ਰਹੇਗੀ। ਜਿਹੜੇ ਦੇਸ਼ ਦੇ ਨਾਗਰਿਕ ਹੀ ਉਹਦੇ ਨਾਲ ਕਪਟ ਕਰਨ ਲੱਗ ਜਾਣ, ਉਹ ਦੇਸ਼, ਪਰਿਵਾਰ, ਸੰਸਥਾ ਕਦੇ ਵੀ ਤਰੱਕੀ ਨਹੀਂ ਕਰ ਸਕਦੀ। ਪਰ ਵਿਸਾਹਘਾਤ ਕਰਨ ਵਾਲਿਆਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਉਹ ਜਨਤਾ ਵਿਚ ਜਿੱਥੇ ਆਪ ਬਦਨਾਮ ਹੁੰਦੇ ਹਨ, ਉਥੇ ਆਪਣੇ ਦੇਸ਼, ਪਰਿਵਾਰ, ਸੰਸਥਾ ਦੇ ਨਾਮ ਦੀ ਵੀ ਬਦਨਾਮੀ ਕਰਵਾਉਂਦੇ ਹਨ। ਭਾਵੇਂ ਸਾਰੇ ਦੇ ਸਾਰੇ ਅਜਿਹੇ ਨਹੀਂ ਹੁੰਦੇ। ਪ੍ਰੰਤੂ ਦੂਜਿਆਂ ਨੂੰ ਵੀ ਉਸੇ ਹੀ ਨਜ਼ਰ ਨਾਲ ਵੇਖਿਆ ਜਾਣ ਲੱਗਦਾ ਹੈ।

ਪਰ ਕੋਈ ਵਿਅਕਤੀ ਧੋਖਾ ਕਿਉਂ ਕਰਦਾ ਹੈ? ਜੇਕਰ ਕਿਸੇ ਨੂੰ ਦੂਸਰੇ ਪ੍ਰਤੀ ਪਿਆਰ ਨਹੀਂ ਹੈ ਤਾਂ ਉਹ ਉਸ ਦੇ ਨਾਲ ਧੋਖਾ ਕਰ ਸਕਦਾ ਹੈ। ਜਿਸ ਦੇ ਨਾਲ ਪਿਆਰ ਹੁੰਦਾ ਹੈ। ਉਹਦੀ ਖਾਤਰ ਤਾਂ ਬੰਦਾ ਜਾਨ ਵਾਰਨ ਤੱਕ ਜਾਂਦਾ ਹੈ। ਪ੍ਰੰਤੂ ਕਿਸੇ ਨਾਲ ਪਿਆਰ ਕਿਉਂ ਕੀਤਾ ਜਾਂਦਾ ਹੈ? ਜਿੱਥੇ ਕਿਤੇ ਮਨੁੱਖ ਦੇ ਆਪਣੇ ਹਿੱਤ ਜੁੜੇ ਹੁੰਦੇ ਹਨ। ਮਤਲਬ ਮਨ ਦੀ ਖੁਸ਼ੀ ਨਾਲ ਸੰਬੰਧ ਹੁੰਦਾ ਹੈ। ਜੇਕਰ ਇੰਞ ਦੇਸ਼ ਦੇ ਨਾਲ ਮਤਲਬ ਉਹਦੇ ਲੋਕਾਂ ਨਾਲ ਮੋਹ ਹਿੱਤ ਸਾਂਝੇ ਨਹੀਂ ਤਾਂ ਉਨ੍ਹਾਂ ਪ੍ਰਤੀ ਸੰਵੇਦਨ ਭਾਵਨਾਵਾਂ ਦਾ ਹੋਣਾ ਮੁਸ਼ਕਿਲ ਹੈ। ਜਿਸ ਕਿਸੇ ਪ੍ਰਤੀ ਅਜਿਹੀਆਂ ਭਾਵਨਾਵਾਂ ਨਾ ਹੋਣ ਉਸ ਨਾਲ ਧੋਖਾ ਕੀਤਾ ਜਾ ਸਕਦਾ ਹੈ। ਭਾਰਤ ਪ੍ਰਤੀ ਇਸ ਦੇ ਨਾਗਰਿਕਾਂ ਦੀਆਂ ਭਾਵਨਾਵਾਂ ਨੂੰ ਜਾਨਣਾ ਪਵੇਗਾ ਤਾਂ ਸਮੱਸਿਆ ਨੂੰ ਸਹੀ ਰੂਪ ਵਿੱਚ ਜਾਣ ਸਕਾਂਗੇ।

ਭਾਵੇਂ ਇਹ ਤਾਂ ਕਿਹਾ ਜਾਂਦਾ ਹੈ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ' ਜਾਂ 'ਮੇਰਾ ਭਾਰਤ ਮਹਾਨ ਹੈ।" ਪ੍ਰੰਤੂ ਕੀ ਅਜਿਹਾ ਹੈ ਵੀ। ਅਸਲ ਵਿਚ ਅਜਿਹਾ ਨਹੀਂ ਹੈ। ਪਰ ਜਿਹੜਾ ਕਿਸੇ ਨੂੰ ਵਧੀਆ, ਨੇਕ, ਭਲਾ, ਗੁਣਵਾਨ ਲੱਗਦਾ ਹੋਵੇ। ਉਸਦੇ ਨੇੜੇ ਜਾਣ ਨੂੰ ਹਰ ਕੋਈ ਕਾਹਲਾ ਹੁੰਦਾ ਹੈ। ਉਸਦੇ ਨਾਲ ਪਿਆਰ ਹੋਣਾ ਵੀ ਕੁਦਰਤੀ ਹੈ। ਫਿਰ ਉਹਦੇ ਨਾਲ ਧੋਖਾ ਕਰਨ ਦੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ।

ਕੀ ਭਾਰਤ ਸੱਚਮੁਚ ਮਹਾਨ ਹੈ? ਜੇਕਰ ਕੋਈ ਮਹਾਨ (ਗੁਣਵਾਨ) ਹੋਵੇ ਉਸ ਪ੍ਰਤੀ ਸ਼ਰਧਾ ਭਾਵ ਆਪਣੇ ਆਪ ਪੈਦਾ ਹੋ ਜਾਂਦਾ ਹੈ। ਕੋਈ ਸਿਰਫ਼ ਆਪਣੇ ਕੱਦ ਕਾਠ ਕਰਕੇ ਮਹਾਨ ਨਹੀਂ ਹੁੰਦਾ। ਜਿਵੇਂ ਭਾਰਤ ਖੇਤਰਫਲ ਤੇ ਆਬਾਦੀ ਦੇ ਹਿਸਾਬ ਨਾਲ ਬਹੁਤੇ ਮੁਲਕਾਂ ਤੋਂ ਵੱਡਾ ਹੈ। ਪਰ ਕਿਸੇ ਦਾ ਮਹਾਨ ਹੋਣਾ, ਅੱਛਾ ਹੋਣਾ ਤੋਂ ਭਾਵ ਉਹਦੇ

ਮਾਨਵੀ ਹਿੱਤ ਵਾਲੇ ਗੁਣਾਂ ਤੋਂ ਹੈ। ਦੂਜਿਆਂ ਪ੍ਰਤੀ ਵਧੀਆ ਵਿਹਾਰ ਨੂੰ ਮੰਨਿਆ ਜਾਂਦਾ ਹੈ। ਕੀ ਭਾਰਤ ਕੋਲ ਮਹਾਨਤਾ ਵਾਲੇ ਗੁਣ ਹਨ। ਜਿਹਨਾਂ ਦੇ ਆਧਾਰ ਤੇ ਇਸ ਨੂੰ ਮਹਾਨ ਜਾਂ ਅੱਛਾ ਕਿਹਾ ਜਾ ਸਕਦਾ ਹੈ? ਅਫ਼ਸੋਸ ਭਾਰਤ ਕੋਲ ਅਜਿਹੇ ਗੁਣ ਨਹੀਂ ਹਨ। ਇਸੇ ਕਰਕੇ ਇਹਦੇ ਨਾਲ ਧੋਖਾ ਕਰਨ ਲਈ ਹਰ ਕੋਈ ਤਿਆਰ ਹੈ। ਘਰ ਦਾ ਵੀ ਤੇ ਬਾਹਰ ਵਾਲਾ ਵੀ। ਪਰ ਪਿਆਰ ਕਰਨ ਲਈ ਕੋਈ ਵੀ ਤਿਆਰ ਨਹੀਂ ਹੈ। ਜਿਸ ਕਾਰਨ ਭਾਰਤ ਦੀਆਂ ਸਮੱਸਿਆਵਾਂ ਵਿੱਚ ਵਾਧਾ ਹੋ ਰਿਹਾ ਹੈ।

ਹਾਂ, ਭਾਰਤ ਇੱਕ ਵੱਡਾ ਦੇਸ਼ ਹੈ। ਪ੍ਰੰਤੂ ਅਜੇ ਤੱਕ ਇਹ ਇੱਕ ਰਾਸ਼ਟਰ ਨਹੀਂ ਬਣ ਸਕਿਆ। ਇੱਥੇ ਕੋਈ ਵੀ ਭਾਰਤੀ ਨਹੀਂ ਰਹਿ ਰਿਹਾ। ਸਭ ਪੰਜਾਬੀ, ਬੰਗਾਲੀ, ਗੁਜਰਾਤੀ, ਬਿਹਾਰੀ, ਤਾਮਿਲ, ਸਿੱਖ, ਹਿੰਦੂ, ਇਸਾਈ, ਮੁਸਲਿਮ ਆਦਿ ਰਹਿ ਰਹੇ ਹਨ। ਹਰ ਕੋਈ ਆਪਣੇ ਹਿੱਤਾਂ ਦੀ ਪ੍ਰਾਪਤੀ ਮੁਤਾਬਕ ਕਾਰਜ ਵਿਉਂਤ ਕੇ ਅਮਲ ਕਰ ਰਿਹਾ ਹੈ। ਇੱਕ ਦੂਜੇ ਨੂੰ ਸਭ ਬਿਗਾਨਾਂ ਸਮਝ ਰਹੇ ਹਨ। ਇੱਕ ਭਾਰਤੀ, ਦੂਜੇ ਨੂੰ ਭਾਰਤੀ ਹੀ ਨਹੀਂ ਮੰਨ ਰਿਹਾ। ਇਸ ਤੋਂ ਅੱਗੇ ਧਰਮ, ਜਾਤ, ਖੇਤਰ ਅਤੇ ਸੂਬਾਈ ਆਧਾਰ ਤੇ ਐਨਾ ਵਿਤਕਰਾ ਅਜੇ ਵੀ ਹੈ ਕਿ ਮਨੁੱਖ ਨੂੰ ਮਨੁੱਖ ਸਮਝਣ ਲਈ ਇੱਕ ਦੂਜਾ ਤਿਆਰ ਨਹੀਂ। ਪ੍ਰੰਤੂ ਜਦੋਂ ਇੱਥੇ ਮਰਦ ਬਰਾਬਰ ਮਰਦ ਦੀ ਲੜਾਈ ਹੀ ਨਹੀਂ ਮੁੱਕੀ ਹੈ। ਫਿਰ ਔਰਤਾਂ ਨੂੰ ਬਰਾਬਰੀ ਦਾ ਦਰਜਾ ਕਿਹੜਾ ਮਾਈ ਦਾ ਲਾਲ ਦਿਵਾ ਦੇਵੇਗਾ? ਜਦੋਂ ਦੇਸ਼ ਦੇ ਧਰਮ ਗ੍ਰੰਥਾਂ ਦਾ ਫੁਰਮਾਨ ਵੀ ਔਰਤਾਂ ਦੇ ਵਿਰੁੱਧ ਹੋਵੇ।

ਇਸੇ ਤਰ੍ਹਾਂ ਇੱਥੇ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਭਜਾਉਣ ਵਾਸਤੇ ਹੋ ਹੱਲਾ ਬਥੇਰਾ ਕੀਤਾ ਜਾਂਦਾ ਰਿਹਾ ਹੈ। ਪ੍ਰੰਤੂ ਜਿਨ੍ਹਾਂ ਭਾਰਤੀ ਲੋਕਾਂ ਨੂੰ ਭਾਰਤੀਆਂ ਨੇ ਹੀ ਗੁਲਾਮ ਕੀਤਾ ਹੋਇਆ ਹੈ ਤੇ ਸੀ। ਉਨ੍ਹਾਂ ਪ੍ਰਤੀ ਅੱਜ ਤੱਕ ਚੁੱਪ ਹਨ, ਅੰਗਰੇਜ਼ਾਂ ਤੋਂ ਰਾਜਸੱਤਾ ਖੋਹਣ ਦੀ ਲੜਾਈ ਲੜਨ ਵਾਲੇ। ਜਿਹੜੇ ਲੋਕ ਗੁਲਾਮ ਹੋਣਗੇ ਉਨ੍ਹਾਂ ਨੂੰ ਉਸ ਦੇਸ਼ ਨਾਲ ਕਿਵੇਂ ਹਿੱਤ ਪਿਆਰ ਹੋ ਸਕਦਾ ਹੈ? ਜਿੱਥੇ ਕਿਤੇ ਵੀ ਹੋਣ, ਭਾਵੇਂ ਉਹ ਕੋਈ ਦੇਸ਼ ਹੋਵੇ ਜਾਂ ਭਾਰਤ। ਜੇਕਰ ਭਾਰਤੀ ਅਜੇ ਤੱਕ ਸਮਾਜਿਕ, ਆਰਥਿਕ, ਮਾਨਸਿਕ ਤੌਰ 'ਤੇ ਗੁਲਾਮ ਹਨ ਤਾਂ ਅਜਿਹੇ ਲੋਕਾਂ ਨੂੰ ਦੇਸ਼ ਦੇ ਨਾਲ ਕਿੰਨਾ ਕੁ ਹਿੱਤ ਹੋ ਸਕਦਾ ਹੈ। ਗੁਲਾਮ ਬਣਾਉਣ ਵਾਲਿਆਂ ਪ੍ਰਤੀ ਕਿੰਨਾ ਕੁ ਪਿਆਰ ਭਾਵਨਾ ਹੋ ਸਕਦੀ ਹੈ। ਉਨ੍ਹਾਂ ਪ੍ਰਤੀ ਸਤਿਕਾਰ ਜਤਾਇਆ ਜਾ ਸਕਦਾ ਹੈ? ਸ਼ਾਇਦ ਭੋਰਾ ਵੀ ਨਹੀਂ।

ਜੇਕਰ ਇਸ ਗੁਲਾਮੀ ਦੇ ਖਿਲਾਫ਼ ਕੋਈ ਅਵਾਜ਼ ਉਠਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਤੇ ਜ਼ੁਲਮ ਕੀਤਾ ਜਾਂਦਾ ਹੈ। ਉਸ ਦੀਆ ਮਾਨਵੀ ਭਾਵਨਾਵਾਂ ਨੂੰ ਜ਼ੁਲਮ ਦੇ ਜ਼ੋਰ ਨਾਲ ਦਬਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਾਨਵੀ ਭਾਵਨਾਵਾਂ ਹੀ ਹਨ ਜੋ ਆਜ਼ਾਦੀ ਬਾਬਤ ਸੰਘਰਸ਼ ਲਈ ਮਨੁੱਖ ਨੂੰ ਤਿਆਰ ਕਰਦੀਆਂ ਹਨ। ਪਸ਼ੂਆਂ ਵਿਚ ਇਹ ਪ੍ਰਵਿਰਤੀ ਨਾ ਦੇ ਬਰਾਬਰ ਹੁੰਦੀ ਹੈ। ਜਿੱਥੇ ਮਾਨਵੀ ਸਰੋਕਾਰ ਕਦਰਾਂ ਕੀਮਤਾਂ ਨੂੰ ਕੋਈ ਅਹਿਮੀਅਤ ਨਾ ਦਿੱਤੀ ਜਾਂਦੀ ਹੋਵੇ। ਅਜਿਹੇ ਖਿੱਤੇ ਪ੍ਰਤੀ ਕਿਸੇ ਨੂੰ ਕਿਵੇਂ ਵੀ ਮੋਹ ਨਹੀਂ ਹੋ ਸਕਦਾ। ਉਹ ਤਾਂ ਉਥੋਂ ਦੂਰ ਜਾਣ ਲਈ ਤੱਤਪਰ ਹੋਵੇਗਾ ਜਾਂ ਧੱਕੇ ਦੇ ਖਿਲਾਫ਼ ਇਨਸਾਫ ਲੈਣ ਲਈ ਲੜੇਗਾ। ਸਾਰਿਆਂ ਦੇ ਬਰਾਬਰ ਅਧਿਕਾਰਾਂ ਅਤੇ ਮਾਨਵੀ ਵਿਹਾਰ

ਵਾਸਤੇ। ਜਾਂ ਚੁੱਪ-ਚਾਪ ਜਾਨਵਰਾਂ ਵਾਂਗ ਸਹਿਣ ਕਰ ਲਵੇਗਾ। ਪ੍ਰੰਤੂ ਜਿਹੜੇ ਸਿਰਫ਼ ਆਪਣੇ ਹਿੱਤਾਂ ਦੀ ਰਾਖੀ ਕਰਨਾ ਚਾਹੁੰਦੇ ਹਨ। ਉਹ ਭਾਂਜਵਾਦੀ ਬਣ ਜਾਂਦੇ ਹਨ। ਉਹ ਸ਼ੈਤਾਨਾਂ ਵਾਂਗ ਪਾਸਾ ਵੱਟ ਲੈਂਦੇ ਹਨ। ਸਾਂਝੇ ਹਿੱਤਾਂ ਦੀ ਲੜਾਈ ਦਾ ਹਿੱਸਾ ਨਹੀਂ ਬਣਦੇ। ਨਵੀਂ ਪੀੜ੍ਹੀ ਵੀ ਉਨ੍ਹਾਂ ਵਾਂਗ ਹੀ ਆਪਣੇ ਦੇਸ਼ ਨਾਲ ਧੋਖਾ ਕਰਕੇ ਵਿਦੇਸ਼ ਵੱਲ ਉਡਾਰੀ ਮਾਰਨ ਨੂੰ ਪਹਿਲ ਦੇ ਰਹੀ ਹੈ। ਜਵਾਨੀ ਦੇਸ਼ ਦਾ ਭਵਿੱਖ ਮੰਨੀ ਜਾਂਦੀ ਹੈ ਪ੍ਰੰਤੂ ਇਹ ਦੂਸਰੇ ਦੇਸ਼ਾਂ ਦਾ ਭਵਿੱਖ ਬਣਾਉਣ ਵਾਸਤੇ ਭੱਜ ਰਹੀ ਹੈ। ਇੱਥੇ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਨਿਭਾਉਣ ਲਈ ਤਿਆਰ ਨਹੀਂ। ਐਪਰ ਕਿਉਂ? ਇਹ ਸਭ ਇੱਥੇ ਕੀਤੇ ਜਾਂਦੇ ਵਿਤਕਰਿਆਂ ਦੇ ਕਾਰਨ ਹੈ ਪਰ ਕੌਣ ਤੇ ਕਿਵੇਂ ਇਹ ਹੋ ਰਹੀ ਬੇ-ਇਨਸਾਫੀ ਦੂਰ ਕਰਨ ਲਈ ਅੱਗੇ ਆਵੇਗਾ? ਇਹ ਸਵਾਲ ਪੈਰਾਂ ਭਾਰ ਖੜ੍ਹਾ ਹੈ।

ਹਰ ਕਿਸੇ ਵਿਅਕਤੀ ਨੂੰ ਆਪਣੇ ਘਰ ਪਰਿਵਾਰ ਨਾਲ ਹਿੱਤ ਹੁੰਦਾ ਹੈ, ਜਿਥੇ ਉਸਦੀਆਂ ਲੋੜਾਂ ਪੂਰੀਆਂ ਹੁੰਦੀਆਂ ਹੋਣ, ਮਾਣ ਸਤਿਕਾਰ ਮਿਲਦਾ ਹੋਵੇ। ਅਜਿਹਾ ਆਪਣਾ ਘਰ ਛੱਡ ਕੇ ਕੋਈ ਵੀ ਹੋਰ ਕਿਧਰੇ ਜਾਣ ਲਈ ਤਿਆਰ ਨਹੀਂ ਹੁੰਦਾ। ਪਰ ਜਿੱਥੇ ਅਜਿਹਾ ਨਾ ਹੋਵੇ, ਉਥੋਂ ਤਾਂ ਕਿਸੇ ਬਹਾਨੇ, ਧੋਖੇ ਨਾਲ ਵੀ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹੀ ਦੇਸ਼ ਪ੍ਰਤੀ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ। ਅਨਮੋਲ ਜ਼ਿੰਦਗੀਆਂ ਸਹੀ ਪ੍ਰਬੰਧਾਂ, ਵਿਹਾਰ ਦੀ ਘਾਟ ਕਾਰਨ ਬਰਬਾਦ ਹੋ ਜਾਂਦੀਆਂ ਹਨ, ਰੁਲ਼ ਰਹੀਆਂ ਹਨ। ਕਈ ਵਾਰ ਤਾਂ ਦੇਸ਼ ਜਾਂ ਪਰਿਵਾਰ ਨਾਲ ਧੋਖਾ ਕਰਨ ਸਮੇਂ ਆਪ ਹੀ ਕਪਟ ਦਾ ਸ਼ਿਕਾਰ ਹੋ ਜਾਂਦੀਆਂ ਹਨ। ਦੂਜਿਆਂ ਦੇ ਲਈ ਟੋਏ ਪੁੱਟਣ ਵਾਲਾ ਜਿਵੇਂ ਕਈ ਵਾਰ ਆਪ ਹੀ ਉਨ੍ਹਾਂ ਵਿੱਚ ਜਾ ਡਿੱਗਦਾ ਹੈ।

ਇੱਕ ਪਰਿਵਾਰ ਦੀ ਤਰੱਕੀ ਦਾ ਆਧਾਰ ਉਸਦੇ ਸਾਰੇ ਮੈਂਬਰਾਂ ਦੇ ਪ੍ਰੇਮ-ਪਿਆਰ ਦਾ ਸਿੱਟਾ ਹੁੰਦਾ ਹੈ। ਪਰਿਵਾਰ ਦੀ ਏਕਤਾ, ਤਰੱਕੀ ਵੇਖ ਕੇ ਦੂਸਰੇ ਲੋਕਾਂ ਦੀ ਵੀ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਉਸ ਪਰਿਵਾਰ ਨਾਲ ਆਪਣਾ ਤਾਂ ਕੀ ਬਾਹਰ ਵਾਲਾ ਵੀ ਕੋਈ ਧੋਖਾ ਕਰਨ ਦੀ ਜੁਅਰਤ ਨਹੀਂ ਕਰਦਾ। ਅਜਿਹੇ ਪਰਿਵਾਰ ਨਾਲ ਹਰ ਕੋਈ ਸੰਬੰਧ ਬਣਾਉਣਾ ਚਾਹੁੰਦਾ ਹੈ। ਪ੍ਰੰਤੂ ਜੇਕਰ ਕਿਸੇ ਪਰਿਵਾਰ ਵਿੱਚ ਆਪਸੀ ਮੱਤਭੇਦ ਰਹਿੰਦੇ ਹਨ। ਪਰਿਵਾਰ ਦੇ ਮੈਂਬਰ ਇੱਕ ਦੂਜੇ ਨਾਲ ਬਿਗਾਨਿਆਂ ਵਰਗਾ ਵਿਹਾਰ ਕਰਦੇ ਹਨ। ਜਿਵੇਂ ਭਾਰਤ ਅੰਦਰ ਸੂਬਿਆਂ ਦੇ ਅਧਾਰਤ ਜਾਤ-ਪਾਤ ਅਤੇ ਵੱਖਰੇ-ਵੱਖਰੇ ਧਰਮਾਂ ਦੇ ਕਾਰਨ ਇੱਕ-ਦੂਜੇ ਨੂੰ ਪਰਾਇਆ ਸਮਝਿਆ ਜਾਂਦਾ ਹੈ। ਜਿੱਥੇ ਕਿਤੇ ਪਰਿਵਾਰ ਸਮੇਤ ਕਿਸੇ ਵੀ ਸੰਸਥਾ, ਦੇਸ਼ ਅੰਦਰ ਕਿਸੇ ਤਰ੍ਹਾਂ ਬੇਗਾਨਗੀ ਦਾ ਵਿਵਹਾਰ ਕੀਤਾ ਜਾਂਦਾ ਹੋਵੇ। ਉਸ ਪ੍ਰਤੀ ਪਿਆਰ, ਸਤਿਕਾਰ ਦੀ ਭਾਵਨਾ ਪੈਦਾ ਹੀ ਨਹੀਂ ਹੋ ਸਕਦੀ। ਜਿਸ ਵਿਅਕਤੀ, ਪਰਿਵਾਰ, ਦੇਸ਼ ਪ੍ਰਤੀ ਪਿਆਰ ਭਾਵਨਾ ਹੀ ਨਹੀਂ ਉਸ ਨਾਲ ਕੋਈ ਵੀ ਧੋਖਾ ਕਰ ਸਕਦਾ ਹੈ।

ਭਾਰਤ ਅੰਦਰ ਰਹਿ ਰਹੇ ਅਤੇ ਰਾਜ ਕਰ ਰਹੇ ਬਹੁਗਿਣਤੀ ਲੋਕਾਂ ਦਾ ਦੇਸ਼ ਦੀ ਜਨਤਾ ਪ੍ਰਤੀ ਮੋਹ ਪਿਆਰ ਭੋਰਾ ਵੀ ਨਹੀਂ। ਇਸੇ ਕਰਕੇ ਉਹ ਪੈਰ-ਪੈਰ ਤੇ ਦੇਸ਼ ਦੇ ਲੋਕਾਂ ਨਾਲ ਧ੍ਰੋਹ ਕਰ ਰਹੇ ਹਨ। ਆਪਣੇ ਦੇਸ਼ ਭਾਰਤ ਨਾਲ ਗ਼ਦਾਰੀ ਕਰ ਰਹੇ ਹਨ।

ਅਜਿਹੀ ਹਾਲਤ ਵਿਚ ਭਾਰਤ ਕਿਵੇਂ ਮਹਾਂਸ਼ਕਤੀ ਬਣਨ ਦੇ ਸੁਪਨੇ ਲੈ ਰਿਹਾ ਹੈ, ਪਤਾ ਨਹੀਂ।

ਏਨਾ ਕੁ ਤਾਂ ਸਭ ਜਾਣਦੇ ਹਨ ਕਿ "ਏਕੇ ਵਿੱਚ ਬਰਕਤ ਹੈ" ਅਤੇ ਇਕੱਠ (ਏਕਤਾ) ਨੂੰ ਲੋਹੇ ਦੀ ਲੱਠ ਕਿਹਾ ਜਾਂਦਾ ਹੈ। ਪ੍ਰੰਤੂ ਜੇਕਰ ਆਪਸੀ ਏਕਤਾ ਹੀ ਨਹੀਂ ਤਾਂ ਬਰਕਤ ਭਾਵ ਤਰੱਕੀ ਦੀ ਸੰਭਾਵਨਾ ਤਾਂ ਸ਼ੇਖਚਿਲੀ ਦਾ ਸੁਪਨਾ ਹੀ ਹੋਵੇਗਾ। ਪਰ ਏਕੇ ਤੋਂ ਬਿਨਾਂ ਲੋਹੇ ਦੀ ਲੱਠ ਭਾਵ ਮਜ਼ਬੂਤ ਨਹੀਂ ਹੋਇਆ ਜਾ ਸਕਦਾ। ਇਕੱਲੇ ਕਮਜ਼ੋਰ ਨੂੰ ਤਾਂ ਕੋਈ ਵੀ ਆਪਣੇ ਅਧੀਨ ਗੁਲਾਮ ਬਣਾ ਸਕਦਾ ਹੈ। ਇਸ ਲਈ ਸਵਾਲ ਤਾਂ ਇਹ ਹੈ ਕਿ ਏਕਤਾ ਵਿਚ ਅੜਿੱਕਾ ਧਰਮ, ਜਾਤ, ਖੇਤਰੀਵਾਦ ਦੀਆਂ ਭਾਵਨਾਵਾਂ ਨੂੰ ਖਤਮ ਕਰਕੇ ਕਿਵੇਂ ਭਾਰਤੀ ਬਣਿਆ ਜਾਵੇ? ਇਹ ਸਵਾਲ ਦਾ ਜਵਾਬ ਅਜੇ ਭਾਰਤ ਦੀ 100 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਦੇ ਸ਼ਾਇਦ ਕਿਸੇ ਵੀ ਨਾਗਰਿਕ ਕੋਲ ਨਹੀਂ ਹੈ। ਭਾਰਤੀ ਬਣਨ ਤੋਂ ਬਾਅਦ ਮਨੁੱਖ ਬਣਨ ਲਈ ਤਾਂ ਹੋਰ ਵੀ ਸਮਾਂ ਲੱਗੇਗਾ।

ਜੇਕਰ ਇਕ ਆਮ ਨਾਗਰਿਕ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਕੋਈ ਵੀ ਆਪਣੇ ਆਪ ਨੂੰ ਭਾਰਤੀ ਨਹੀਂ ਸਮਝ ਰਿਹਾ, ਮੰਨ ਨਹੀਂ ਰਿਹਾ। ਫਿਰ ਉਸਦਾ ਭਾਰਤ ਨੂੰ ਪਿਆਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਉਹ ਦੂਜੇ ਵਿਅਕਤੀ ਨੂੰ ਵੀ ਭਾਰਤੀ ਮੰਨਣ ਲਈ ਤਿਆਰ ਨਹੀਂ ਤਾਂ ਉਹਦੇ ਨਾਲ ਧੋਖਾ ਕਰ ਸਕਦਾ ਹੈ। ਜਦੋਂ ਕਿਸੇ ਦੂਸਰੇ ਨੂੰ ਆਪਣਾ ਮੰਨਿਆ ਹੀ ਨਹੀਂ ਜਾ ਰਿਹਾ। ਬਿਗਾਨਾ ਸਮਝਿਆ ਜਾਂਦਾ ਹੈ। ਫਿਰ ਧੋਖੇਬਾਜ਼ੀ, ਵਿਤਕਰੇ, ਧ੍ਰੋਹ ਦਾ ਸਿਲਸਿਲਾ ਇੰਜ ਹੀ ਚੱਲਦਾ ਰਹਿਣਾ ਹੈ।

ਪ੍ਰੰਤੂ ਉਹ ਸਾਰੇ ਹੀ ਦੇਸ਼ ਧ੍ਰੋਹੀ ਮੰਨੇ ਜਾਣੇ ਚਾਹੀਦੇ ਹਨ ਜਾਂ ਉਨ੍ਹਾਂ ਨੂੰ ਕਿਹਾ ਜਾ ਸਕਦਾ ਹੈ, ਜਿਹੜੇ ਕਿਸੇ ਵੀ ਤਰ੍ਹਾਂ ਦੇਸ਼ ਦੇ ਲੋਕਾਂ ਨਾਲ ਧੋਖਾ ਕਰ ਰਹੇ ਹਨ। ਜਿਵੇਂ ਵੱਖ-ਵੱਖ ਤਰ੍ਹਾਂ ਦੇ ਟੈਕਸਾਂ ਦੀ ਚੋਰੀ ਕਰਨ ਵਾਲੇ, ਰਿਸ਼ਵਤਾਂ ਲੈ ਕੇ ਜਾਇਜ਼-ਨਜਾਇਜ਼ ਕੰਮ ਕਰਨ ਵਾਲੇ, ਮਾਨਵੀ ਹਿੱਤ ਵਾਲੇ ਕਨੂੰਨ ਲਾਗੂ ਨਾ ਕਰਨ ਵਾਲੇ, ਮਿਲਾਵਟ ਕਰਨ ਅਤੇ ਘੱਟ ਤੋਲਣ ਵਾਲੇ, ਸਵਰਗ-ਨਰਕ, ਜਨਮ-ਕਰਮ ਦੇ ਝੂਠ ਨਾਲ ਲੋਕਾਂ ਨੂੰ ਠੱਗਣ ਵਾਲੇ, ਵੋਟਾਂ ਵੇਚਣ, ਖਰੀਦਣ ਅਤੇ ਨਾ ਪਾਉਣ ਵਾਲੇ, ਸਾਂਝੀਆਂ ਥਾਵਾਂ, ਵਸਤਾਂ ਦੀ ਨਜਾਇਜ਼ ਵਰਤੋਂ ਕਰਨ ਵਾਲੇ, ਬਿਜਲੀ, ਪਾਣੀ ਦੀ ਚੋਰੀ ਕਰਨ ਵਾਲੇ ਆਦਿ ਮੰਨੇ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਜਦੋਂ ਰਾਜ ਕਰਨ ਵਾਲੇ, ਸ਼ਾਸਨ ਚਲਾਉਣ ਵਾਲੇ ਅਤੇ ਸ਼ਾਸਕ ਬਣਾਉਣ ਵਾਲੇ ਹੀ ਦੇਸ਼ ਦੇ ਦੁਸ਼ਮਣ ਹੋਣ ਤਾਂ ਦੇਸ਼ ਨੂੰ ਭਾਵ ਲੋਕਾਂ ਨੂੰ ਬਚਾਉਣਾ ਮੁਸ਼ਕਲ ਹੈ। ਪਰ ਸਵਾਲਾਂ ਦਾ ਸਵਾਲ ਹੈ ਕਿ ਫਿਰ ਦੇਸ਼ ਨੂੰ ਕਿਵੇਂ ਤੇ ਕੌਣ ਬਚਾਵੇ?

ਇਸ ਸਵਾਲ ਦਾ ਜੁਆਬ ਦਿੱਤਾ ਜਾ ਸਕਦਾ ਹੈ। ਇਸ ਮਸਲੇ ਦਾ ਹੱਲ ਕੀਤਾ ਜਾ ਸਕਦਾ ਹੈ। ਬੱਸ ਯਤਨ ਕਰਨ ਦੀ ਜ਼ਰੂਰਤ ਹੈ। ਪਰ ਯਤਨ ਉਹ ਹੀ ਕਰਨਗੇ, ਜੋ ਦੇਸ਼ ਧ੍ਰੋਹੀ ਨਹੀਂ।

***

ਚਰਿੱਤਰਹੀਣ

ਕੀ ਨੜਿੱਨਵੇਂ ਬਰਾਬਰ ਇੱਕ ਜਾਂ ਇੱਕ ਬਰਾਬਰ ਸੌ ਹੋ ਸਕਦਾ ਹੈ? ਉਮੀਦ ਹੈ ਤੁਸੀਂ ਇਸ ਨਾਲ ਸਹਿਮਤ ਨਹੀਂ ਹੋਵੋਗੇ। ਸਭ ਸੋਚ ਅਤੇ ਸਮਝ ਸਕਦੇ ਹਨ ਕਿ ਸੌ ਬਰਾਬਰ ਸੌ ਹੀ ਹੋ ਸਕਦਾ ਹੈ। ਪ੍ਰੰਤੂ ਸਾਡੇ ਭਾਰਤੀ ਸਮਾਜ ਵਿਚ ਨੜਿੱਨਵੇਂ ਬਰਾਬਰ ਇੱਕ ਅਤੇ ਇੱਕ ਬਰਾਬਰ ਸੌ ਮੰਨਿਆ ਜਾ ਰਿਹਾ ਹੈ। ਇਹ ਨਹੀਂ ਪਤਾ ਅਲਜ਼ਬਰੇ ਦੇ ਕਿਹੜੇ ਫਾਰਮੂਲੇ ਨਾਲ ਅਜਿਹਾ ਸਿੱਟਾ ਕੱਢਿਆ ਗਿਆ ਹੈ।

ਜੇਕਰ ਸੌ ਵਿੱਚੋਂ ਇੱਕ ਘੱਟ ਹੋਵੇ ਤਾਂ ਉਸ ਨੂੰ ਕਿਸੇ ਵੀ ਤਰ੍ਹਾਂ ਸੌ ਨਹੀਂ ਗਿਣਿਆ ਜਾ ਸਕਦਾ। ਜੇ ਸਿਰਫ਼ ਇੱਕ ਹੀ ਹੈ ਤਾਂ ਉਸਨੂੰ ਤਾਂ ਬਿਲਕੁੱਲ ਵੀ ਸੌ ਬਰਾਬਰ ਨਹੀਂ ਮੰਨਿਆ ਜਾ ਸਕਦਾ। ਫਿਰ ਵੀ ਕੋਈ ਅਜਿਹਾ ਮੰਨ ਰਿਹਾ ਹੈ। ਇਸ ਨੂੰ ਸਹੀ ਕਹਿ ਰਿਹਾ ਹੈ ਤਾਂ ਕੀ ਉਸ ਨੂੰ ਮੂਰਖ ਵਰਗਾ ਕੁੱਝ ਕਿਹਾ ਜਾ ਸਕਦਾ ਹੈ?

ਕਿਸੇ ਬੰਦੇ ਦਾ ਚਰਿੱਤਰ/ਕਰੈਕਟਰ ਉਸਦੇ ਸਮੁੱਚੇ ਕਾਰ-ਵਿਹਾਰ ਦਾ ਜੋੜ ਹੁੰਦਾ ਹੈ। ਜੇਕਰ ਚਰਿੱਤਰ (ਚੰਗੇ ਕੰਮਾਂ) ਦਾ ਜੋੜ ਸੌ ਮੰਨਿਆ ਜਾਂਦਾ ਹੈ ਤਾਂ ਉਸ ਵਿਚੋਂ ਇੱਕ ਵੀ ਘੱਟ/ਲੈੱਸ ਹੋ ਜਾਵੇ ਤਾਂ ਉਸ ਨੂੰ ਕਰੈਕਟਰਲੈੱਸ/ਚਰਿੱਤਰਹੀਣ ਹੀ ਗਿਣਿਆ ਜਾਵੇਗਾ, ਕਿਹਾ ਜਾਵੇਗਾ। ਇਹ ਕਦਾਚਿੱਤ ਨਹੀਂ ਮੰਨਿਆ ਜਾ ਸਕਦਾ ਕਿ ਨੜਿੱਨਵੇਂ ਗਲਤ ਕੰਮ ਕਰਨ ਵਾਲੇ ਵੱਲ ਉਂਗਲ ਵੀ ਨਾ ਉਠਾਈ ਜਾਵੇ ਤੇ ਇੱਕ ਗਲਤੀ ਕਰਨ ਵਾਲੇ ਦੇ ਖਾਤੇ ਜ਼ੀਰੋ ਲਿਖ ਦਿੱਤਾ ਜਾਵੇ। ਇਹ ਸਰਾਸਰ ਬੇ-ਇਨਸਾਫ਼ੀ ਹੋਵੇਗੀ। ਗਲਤ ਵਰਤਾਰਾ ਹੋਵੇਗਾ। ਪ੍ਰੰਤੂ ਸਾਡੇ ਸਮਾਜ ਵਿਚ ਇੰਝ ਹੀ ਹੋ ਰਿਹਾ ਹੈ। ਇੱਥੇ ਨੜਿੱਨਵੇਂ ਗਲਤ ਕੰਮ ਕਰਨ ਵਾਲਾ ਬੰਦਾ ਸੱਚਾ-ਸੁੱਚਾ ਮੰਨਿਆ ਜਾਂਦਾ ਹੈ, ਬਣਿਆ ਹੋਇਆ ਹੈ। ਪ੍ਰੰਤੂ ਨੜਿੱਨਵੇਂ ਸਹੀ ਅਤੇ ਇੱਕ ਗਲਤ ਕੰਮ ਕਰਨ ਵਾਲੇ ਨੂੰ ਨੀਚ, ਚਰਿੱਤਰਹੀਣ/ਕਰੈਕਟਰਲੈੱਸ ਕਿਹਾ ਜਾ ਰਿਹਾ ਹੈ।

ਐਪਰ ਕਿਤੇ ਕੋਈ ਵਿਅਕਤੀ ਅਣਜਾਣੇ, ਮਜ਼ਬੂਰੀ ਵੱਸ ਅਜਿਹਾ ਗਲਤ ਕੰਮ ਕਰ ਬੈਠਦਾ ਹੈ। ਜੋ ਉਸਦੇ ਚਰਿੱਤਰ ਤੇ ਧੱਬਾ ਲਗਾ ਦਿੰਦਾ ਹੈ। ਪ੍ਰੰਤੂ ਜਿਹੜਾ ਤਾਂ ਆਪਣੇ ਕੀਤੇ ਗਲਤ ਕੰਮ ਪ੍ਰਤੀ ਅਹਿਸਾਸ ਕਰ ਲੈਂਦਾ ਹੈ। ਉਹ ਫਿਰ ਅਜਿਹੇ ਯਤਨ ਕਰਨ ਲੱਗ ਜਾਂਦਾ ਹੈ ਕਿ ਅਣਜਾਣੇ ਵਿਚ ਹੋਈ ਗਲਤੀ ਕਾਰਨ ਚਰਿੱਤਰ ਤੇ ਲੱਗੀ ਝਰੀਟ ਕਿਵੇਂ ਨਾ ਕਿਵੇਂ ਮਿਟਾਈ ਜਾ ਸਕੇ। ਜਿਵੇਂ ਕਿਹਾ ਜਾਂਦਾ ਹੈ ਕਿ ਸਿਆਣੇ ਮਨੁੱਖ ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਦੇ ਹਨ ਤੇ ਮਹਾਨ ਮਨੁੱਖ ਆਪਣੀਆਂ ਗਲਤੀਆਂ ਤੋਂ। ਉਹ ਆਪਣਾ ਵਿਵਹਾਰ ਹੋਰਨਾਂ ਨਾਲ ਐਨਾ ਕੁ ਵਧੀਆ ਕਰ ਲੈਂਦਾ ਹੈ ਕਿ ਉਸ ਦੇ ਚੰਗੇ ਵਿਹਾਰ/ਕੰਮਾਂ ਦੇ ਮੂਹਰੇ ਅਣਜਾਣੇ ਵਿੱਚ ਕੀਤੀ ਗਲਤੀ ਪਿੱਠ ਪਿੱਛੇ ਚਲੀ

ਜਾਂਦੀ ਹੈ। ਉਹ ਦੂਜਿਆਂ ਦੇ ਵਾਸਤੇ ਵੀ ਪ੍ਰੇਰਨਾ ਸਰੋਤ ਬਣ ਜਾਂਦਾ ਹੈ। ਮਨੁੱਖ ਦੀ ਮਾਨਸਿਕ ਭਟਕਣ ਦਾ ਦਾਰੂ ਉਸਦਾ ਦੂਜਿਆਂ ਨਾਲ ਚੰਗਾ ਵਿਹਾਰ ਹੈ। ਅਜਿਹਾ ਵਿਅਕਤੀ ਆਪਣੇ ਆਪ ਨੂੰ ਕਿਤੇ ਵੀ ਇੱਕਲਾ ਮਹਿਸੂਸ ਨਹੀਂ ਕਰਦਾ। ਉਹਨੂੰ ਆਪਣੇ ਘਰ, ਪਿੰਡ, ਸ਼ਹਿਰ, ਸੂਬੇ, ਦੇਸ਼, ਪ੍ਰਦੇਸ਼ ਸਭ ਥਾਂ ਆਪਣਾ ਪਰਿਵਾਰ ਹੀ ਨਜ਼ਰ ਆਉਂਦਾ ਹੈ। ਜਿੰਨਾ ਕੋਈ ਆਪਣੇ ਘਰ-ਪਰਿਵਾਰ ਵਿਚ ਬਹਿ ਕੇ ਸੰਤੁਸ਼ਟ ਹੋ ਸਕਦਾ ਹੈ, ਹੋਰ ਕਿਤੇ ਵੀ ਨਹੀਂ ਮੁਸ਼ਕਲ ਇਹ ਹੈ ਕਿ ਘਰ ਦੀ ਦਹਿਲੀਜ਼ ਤੋਂ ਬਾਹਰ ਪੈਰ ਧਰਦਿਆਂ ਹੀ ਵਿਅਕਤੀ ਆਪ ਦੂਜਿਆਂ ਲਈ ਬਿਗਾਨਾ ਹੋ ਜਾਂਦਾ ਹੈ ਅਤੇ ਦੂਸਰਿਆਂ ਨੂੰ ਉਹ ਪਰਾਏ ਸਮਝਣ ਲੱਗਦਾ ਹੈ। ਇਹ ਆਚਰਣ ਦੀ ਸਭ ਤੋਂ ਵੱਡੀ ਘਾਟ ਹੈ। ਦੂਜਿਆਂ ਨੂੰ ਬਿਗਾਨੇ ਸਮਝਣ ਵਾਲਾ ਕੋਈ ਵੀ ਹੋਵੇ। ਉਹ ਸਮਾਜ ਵੱਲੋਂ ਵਰਜਿਤ, ਘਟੀਆ, ਮਾੜੇ, ਨਿੰਦਣਯੋਗ, ਸਜ਼ਾਯੋਗ ਵਿਵਹਾਰ ਕਰ ਸਕਦਾ ਹੈ। ਅਜਿਹੇ ਵਿਅਕਤੀ ਨੂੰ ਚਰਿੱਤਰਹੀਣ/ਕਰੈਕਟਰਲੈੱਸ ਮੰਨਣਾ ਪਵੇਗਾ।

ਐਪਰ ਕੋਈ ਵੀ ਮਨੁੱਖ ਜਿਹੜਾ ਮਨੁੱਖਤਾ ਵਿਰੋਧੀ ਕਾਰਜ ਕਰਦਾ ਹੈ। ਉਸ ਨੂੰ ਚਰਿੱਤਰਹੀਣ/ਕਰੈਕਟਰਲੈੱਸ ਮੰਨਿਆ ਜਾਣਾ ਚਾਹੀਦਾ ਹੈ। ਪਰ ਇਸ ਭਾਰਤੀ ਸਮਾਜ ਅੰਦਰ ਸਿਰਫ਼ ਕਿਸੇ ਦੂਸਰੇ ਮਰਦ ਜਾਂ ਔਰਤ ਨਾਲ ਵਿਆਹੁਤਾ ਬਾਹਰੇ ਸਬੰਧ ਰੱਖਣ ਵਾਲੇ ਨੂੰ ਹੀ ਚਰਿੱਤਰਹੀਣ ਮੰਨਿਆ ਜਾਂਦਾ ਹੈ। ਕੀ ਕਿਸੇ ਔਰਤ/ਮਰਦ ਦੇ ਚਰਿੱਤਰ ਨੂੰ ਮਾਪਣ ਦਾ ਕੇਵਲ ਇਹੋ ਇੱਕੋ-ਇੱਕ ਪੈਮਾਨਾ ਹੈ? ਕੀ ਕਿਸੇ ਵਿਅਕਤੀ ਦਾ ਚਰਿੱਤਰ ਸਿਰਫ਼ ਤਾਂ ਸਿਰਫ਼ ਇਸੇ ਗੱਲ ਤੇ ਨਿਰਭਰ ਕਰਦਾ ਹੈ? ਜੋ ਉਹਦੇ ਸਮੁੱਚੇ ਵਿਵਹਾਰ ਨੂੰ ਸਿਫਰ ਬਣਾ ਦਿੰਦਾ ਹੈ। ਇਸ ਲਈ ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਠੱਗੀ ਮਾਰਨਾ, ਰਿਸ਼ਵਤ ਲੈਣਾ, ਨਸ਼ੇ ਕਰਨਾ, ਜੂਆ ਖੇਡਣਾ, ਸਮਗਲਿੰਗ ਕਰਨਾ, ਵੋਟਾਂ ਖਰੀਦਣਾ, ਘੱਟ ਤੋਲਣਾ, ਮਿਲਾਵਟ ਕਰਨਾ ਅਤੇ ਅਜਿਹੇ ਹੋਰ ਮਾੜੇ ਕੰਮ ਚੰਗੇ ਚਰਿੱਤਰ ਵਾਲੇ ਵਿਅਕਤੀਆਂ ਦੇ ਗੁਣ ਮੰਨੇ ਜਾਂ ਸਕਦੇ ਹਨ? ਜੇ ਨਹੀਂ ਤਾਂ ਫਿਰ ਅਜਿਹਾ ਕਰਨ ਵਾਲਿਆਂ ਨੂੰ ਵੀ ਚਰਿੱਤਰਹੀਣ/ਕਰੈਕਟਰਲੈੱਸ ਮੰਨਣਾ ਪਵੇਗਾ, ਕਹਿਣਾ ਬਣਦਾ ਹੈ।

ਪ੍ਰੰਤੂ ਅਜਿਹਾ ਕਰਨ ਵਾਲੇ ਸਮਾਜ ਵਿੱਚ ਚਰਿੱਤਰਹੀਣ ਨਹੀਂ ਮੰਨੇ ਜਾ ਰਹੇ। ਸਗੋਂ ਵੱਡੇ-ਵੱਡੇ ਘਪਲੇ ਕਰਨ ਵਾਲੇ, ਟੈਕਸ ਤੇ ਬਿਜਲੀ, ਪਾਣੀ ਚੋਰ, ਨਸ਼ਿਆਂ ਦੇ ਸਮਗਲਰ, ਲੋਕਾਂ ਨਾਲ ਰੋਜ਼ਾਨਾਂ ਝੂਠ ਬੋਲਣ ਵਾਲੇ ਨੇਤਾ ਸਭ ਦੇ ਸਭ ਸਮਾਜ ਵਿਚ ਚੰਗੇ ਚਰਿੱਤਰ/ਕਰੈਕਟਰ ਵਾਲੇ ਸਮਝੇ ਜਾ ਰਹੇ ਹਨ। ਜੇਕਰ ਕੋਈ ਕਹੇ ਅਜਿਹਾ ਨਹੀਂ ਹੈ ਉਹ ਬਿਲਕੁਲ ਹੀ ਝੂਠ ਬੋਲ ਰਿਹਾ ਹੋਵੇਗਾ। ਅਣਜਾਣ ਬਣਨ ਦੀ ਕੋਸ਼ਿਸ਼ ਕਰ ਰਿਹਾ ਹੋਵੇਗਾ। ਸ਼ੈਤਾਨ ਦਾ ਰੋਲ ਨਿਭਾਅ ਰਿਹਾ ਹੋਵੇਗਾ। ਇਨ੍ਹਾਂ ਕਰੈਕਟਰਲੈੱਸ ਲੋਕਾਂ ਦਾ ਹਮਾਇਤੀ ਹੋ ਸਕਦਾ ਹੈ। ਜੇਕਰ ਉਪਰੋਕਤ ਕੰਮ ਕਰਨ ਵਾਲਿਆਂ ਨੂੰ ਆਚਰਹੀਣ ਮੰਨਿਆ ਜਾਂਦਾ ਹੁੰਦਾ ਤਾਂ ਇਨ੍ਹਾਂ ਦਾ ਹੁਣ ਤੱਕ ਸਮਾਜਿਕ ਬਾਈਕਾਟ ਹੋ ਜਾਣਾ

ਚਾਹੀਦਾ ਸੀ। ਪਰ ਅਜਿਹਾ ਨਹੀਂ ਹੋ ਰਿਹਾ, ਕੀਤਾ ਜਾ ਰਿਹਾ। ਸਗੋਂ ਬਹੁਤੇ ਲੋਕ ਇਹਨਾਂ ਦੇ ਨੇੜੇ ਹੋਣ, ਚਾਪਲੂਸੀ ਕਰਨ ਨੂੰ ਪਹਿਲ ਦਿੰਦੇ ਹਨ। ਅਸਲ ਵਿਚ ਉਹ ਆਪ ਵੀ ਇਨ੍ਹਾਂ ਵਰਗੇ ਹੀ ਹੁੰਦੇ ਹਨ। ਉਨ੍ਹਾਂ ਦੇ ਵਿਵਹਾਰ ਵੀ ਦੂਸਰੇ ਲੋਕਾਂ ਨਾਲ ਮੱਕਾਰ ਭਰਿਆ ਹੁੰਦਾ ਹੈ। ਉਨ੍ਹਾਂ ਦਾ ਮਕਸਦ ਤਾਂ ਆਪਣਾ ਮਸਲਾ ਹੱਲ ਕਰਨਾ ਹੁੰਦਾ ਹੈ। ਜਿਵੇਂ ਨਾ ਕਿਵੇਂ ਹਰ ਤਰ੍ਹਾਂ ਦੇ ਚੰਗੇ-ਮਾੜੇ ਢੰਗ ਤਰੀਕੇ ਵਰਤਣ ਤੋਂ ਉਹ ਗੁਰੇਜ਼ ਨਹੀਂ ਕਰਦੇ। ਅਸਲ ਵਿਚ ਉਨ੍ਹਾਂ ਦੀ ਜ਼ਮੀਰ ਮਰੀ ਹੋਈ ਹੁੰਦੀ ਹੈ। ਲੋਕਾਂ ਨਾਲ ਉਨ੍ਹਾਂ ਦਾ ਕੋਈ ਮਤਲਬ ਨਹੀਂ ਹੁੰਦਾ। ਉਨ੍ਹਾਂ ਭਾਣੇ ਲੋਕ ਪੈਣ ਢੱਠੇ ਖੂਹ 'ਚ। ਆਪਣੀ ਚੌਧਰ ਕਾਇਮ ਰੱਖਣ ਅਤੇ ਨੋਟ ਕਮਾਉਣ ਖਾਤਰ ਉਹ ਕੁਝ ਵੀ ਕਰਨ ਲਈ ਤਿਆਰ ਹੁੰਦੇ ਹਨ ਅਤੇ ਉਨ੍ਹਾਂ ਦੇ ਆਕਾਂ ਵੀ। ਇਹ ਸਾਰੇ ਰਲ਼ ਮਿਲ਼ ਹੋਰ ਵੱਡੇ-ਵੱਡੇ ਫਰਾਡ ਕਰਨ ਦੀਆਂ ਯੋਜਨਾਂ ਬਣਾਈ ਜਾਂਦੇ ਹਨ। ਜਿਨ੍ਹਾਂ ਵਿੱਚ ਪੁਲਿਸ, ਪ੍ਰਸ਼ਾਸਨ ਤੇ ਹਾਕਮ ਧਿਰ ਵੀ ਬਰਾਬਰ ਦਾ ਯੋਗਦਾਨ ਪਾਉਣ ਤੋਂ ਪਿੱਛੇ ਨਹੀਂ ਰਹਿੰਦੀ। ਉਹ ਇਸ ਕਰਕੇ ਕਿ ਜਦੋਂ ਹਿੱਸੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਵੀ ਵੱਖਰੀ ਢੇਰੀ ਰੱਖ ਲਈ ਜਾਂਦੀ ਹੈ। ਉਨ੍ਹਾਂ ਤੱਕ ਪਹੁੰਚਾ ਦਿੱਤੀ ਜਾਂਦੀ ਹੈ। ਪਰ ਇਹ ਸਭ ਕੁਝ ਏਂਦਾ ਹੀ ਕਦੋਂ ਤੱਕ ਚੱਲਦਾ ਰਹੇਗਾ?

ਪ੍ਰੰਤੂ ਜਿਹੜੀ ਗਲਤੀ ਨੂੰ ਬਹੁਤੇ ਲੋਕ ਕਰਨ ਲੱਗ ਜਾਣ ਉਸ ਨੂੰ ਗਲਤੀ ਨਹੀਂ ਮੰਨਿਆ ਜਾਂਦਾ। ਕੁਝ ਸਮੇਂ ਬਾਅਦ ਸਮਾਜ ਉਸ ਨੂੰ ਸਵੀਕਾਰ ਕਰ ਲੈਂਦਾ ਹੈ। ਅੱਜ ਭਾਵੇਂ ਔਰਤ, ਮਰਦ ਦੇ ਵਿਆਹੁਤਾ ਬਾਹਰੇ ਸੰਬੰਧਾਂ ਨੂੰ ਚੰਗਾ ਨਹੀਂ ਮੰਨਿਆ ਜਾਂਦਾ। ਪਰ ਹੋ ਸਕਦਾ ਹੈ ਆਉਣ ਵਾਲੇ ਸਮੇਂ 'ਚ ਪੱਛਮੀ ਮੁਲਕਾਂ ਵਾਂਗ ਇਸ ਨੂੰ ਪ੍ਰਵਾਨ ਕਰ ਲਿਆ ਜਾਵੇ। ਐਪਰ ਮਾਨਵੀ ਵਿਵਹਾਰ ਨਾ ਕਰਨ ਵਾਲੇ ਨੂੰ ਜ਼ਰੂਰ ਚਰਿੱਤਰਹੀਣ/ ਕਰੈਕਟਰਲੈੱਸ ਮੰਨਿਆ ਜਾਣਾ ਚਾਹੀਦਾ ਹੈ। ਉਸਨੂੰ ਸਮਾਜਿਕ ਤੌਰ 'ਤੇ ਅਹਿਸਾਸ ਕਰਵਾਇਆ ਜਾਣਾ ਲਾਜ਼ਮੀ ਹੈ। ਕਾਨੂੰਨਨ ਸਜ਼ਾ ਤੋਂ ਵੀ ਜ਼ਿਆਦਾ ਸਮਾਜ ਦੇ ਵਿਵਹਾਰ ਦਾ ਅਸਰ ਮਨੁੱਖ ਤੇ ਹੁੰਦਾ ਹੈ। ਇਸ ਲਈ ਜਿਵੇਂ ਅਜੋਕੇ ਭਾਰਤੀ ਸਮਾਜ ਅੰਦਰ ਕਿਸੇ ਦੂਸਰੇ ਔਰਤ-ਮਰਦ ਨਾਲ ਵਿਆਹੁਤਾ ਬਾਹਰੇ ਸੰਬੰਧ ਰੱਖਣ ਵਾਲੇ ਪ੍ਰਤੀ ਲੋਕਾਂ ਵਲੋਂ ਨਫ਼ਰਤ ਭਰਿਆ ਵਤੀਰਾ ਅਪਣਾਇਆ ਜਾਂਦਾ ਹੈ। ਘਰ ਅਤੇ ਬਾਹਰ ਤੋਂ ਬਹੁਤੀ ਥਾਂ ਅਜਿਹਾ ਵਿਅਕਤੀ ਕੱਟਿਆ ਜਾਂਦਾ ਹੈ। ਇਸ ਤਰ੍ਹਾਂ ਦਾ ਹੀ ਵਿਵਹਾਰ ਉਪਰੋਕਤ ਲੋਕਾਂ ਨਾਲ ਕੀਤਾ ਜਾਣਾ ਚਾਹੀਦਾ ਹੈ। ਇੰਝ ਕਰਨ ਨਾਲ ਹੀ ਸੁਧਾਰ ਦੀ ਸ਼ੁਰੂਆਤ ਹੋਵੇਗੀ। ਜਿਸ ਦੇ ਲਈ ਸਭ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਰਿਸ਼ਵਤ ਖੋਰਾਂ, ਨਸ਼ੇ ਵੇਚਣ ਵਾਲਿਆਂ, ਟੈਕਸ ਚੋਰਾਂ, ਵੋਟਾਂ ਖਰੀਦਣ, ਮਿਲਾਵਟਾਂ ਕਰਨ, ਸਮੱਗਲਰਾਂ ਦਾ ਸਮਾਜਿਕ ਬਾਈਕਾਟ ਕਰਨ ਵੱਲ ਵਧਣਾ ਚਾਹੀਦਾ ਹੈ। ਉਨ੍ਹਾਂ ਨੂੰ ਸੰਬੋਧਨ ਕਰਨ ਲਈ ਤਿਰਸਕਾਰ ਭਰਿਆ ਸ਼ਬਦ ਚਰਿੱਤਰਹੀਣ/ਕਰੈਕਟਰਲੈੱਸ ਵਰਤਿਆ ਜਾਣਾ ਚਾਹੀਦਾ ਹੈ।

ਪ੍ਰੰਤੂ ਦੁੱਖ ਦੀ ਗੱਲ ਹੈ ਕਿ ਬਹੁਗਿਣਤੀ ਇਸ ਘੇਰੇ ਵਿਚ ਵਿਚਰ ਰਹੀ ਹੈ। ਚਿਹਰੇ

ਉਪਰ ਚਿਹਰੇ ਲੱਗੇ ਹੋਣ ਕਾਰਨ ਗਲਤ ਅਤੇ ਸਹੀ ਦੀ ਪਛਾਣ ਮੁਸ਼ਕਲ ਬਣੀ ਹੋਈ ਹੈ। ਪਰ ਮਖੌਟੇ ਪਹਿਨ ਕੇ ਬਹੁਤਾ ਚਿਰ ਨਹੀਂ ਚਲਿਆ ਜਾ ਸਕਦਾ।ਪਰਦੇ ਨੇ ਇੱਕ ਦਿਨ ਉੱਠਣਾ ਹੀ ਉੱਠਣਾ ਹੈ। ਰਾਤ ਤੋਂ ਬਾਅਦ ਕਦੇ ਰਾਤ ਨਹੀਂ ਆਉਂਦੀ। ਸੂਰਜੀ ਕਿਰਨਾਂ ਨੇ ਚਾਨਣ ਬਿਖੇਰਨਾ ਹੀ ਹੁੰਦਾ ਹੈ। ਪ੍ਰੰਤੂ ਯਤਨ ਲਗਾਤਾਰ ਜਾਰੀ ਰੱਖਣੇ ਚਾਹੀਦੇ ਹਨ। ਇੱਕ ਚੰਗੇ ਚਰਿੱਤਰ ਵਾਲੇ ਸਮਾਜ ਦੀ ਸਿਰਜਣਾ ਦਾ ਸੁਪਨਾ ਜ਼ਰੂਰ ਪੂਰਾ ਹੋਵੇਗਾ। ਜਿੱਥੇ ਮਨੁੱਖ, ਮਨੁੱਖੀ ਸ਼ਕਲ ਨਹੀਂ ਮਾਨਵੀ ਚਰਿੱਤਰ ਦੇ ਰੂਪ ਵਿੱਚ ਸਭ ਨਾਲ ਵਿਵਹਾਰ ਕਰੇਗਾ। ਉਹ ਮਨੁੱਖ ਚਰਿੱਤਰਹੀਣ/ਕਰੈਕਟਰਲੈੱਸ ਨਹੀਂ, ਚਰਿੱਤਰਵਾਨ/ਕਰੈਕਟਰ ਪਲੱਸ ਹੋਵੇਗਾ।

***

ਵੱਡਾ ਬੰਦਾ

ਵੱਡਾ ਬੰਦਾ ਕਿਸ ਨੂੰ ਕਿਹਾ ਜਾਂਦਾ ਹੈ?

ਵੱਡਾ ਬੰਦਾ ਕਿਸ ਨੂੰ ਕਿਹਾ ਜਾ ਸਕਦਾ ਹੈ?

ਇਨ੍ਹਾਂ ਸਵਾਲਾਂ ਦਾ ਜਵਾਬ ਸ਼ਾਇਦ ਉਸ ਨੂੰ ਜ਼ਰੂਰ ਪਤਾ ਹੋਵੇਗਾ। ਜੋ ਕੋਈ ਵੱਡਾ ਬੰਦਾ ਬਣਨ ਦੀ ਤਮੰਨਾ ਰੱਖਦਾ ਹੋਵੇ। ਜਾਂ ਫਿਰ ਕਿਸੇ ਹੋਰ ਨੂੰ ਵੱਡਾ ਬੰਦਾ ਸਮਝਦਾ ਹੈ ਜਾਂ ਕਹਿੰਦਾ ਹੈ ਪਰ ਉਸ ਦਾ ਆਧਾਰ ਕੀ ਹੁੰਦਾ ਹੈ। ਭਾਵ ਵੱਡੇ ਬੰਦੇ ਦੀ ਯੋਗਤਾ ਕੀ ਹੁੰਦੀ ਹੈ? ਇਸ ਬਾਰੇ ਜਾਨਣਾ ਪਵੇਗਾ। ਜਿਵੇਂ ਕਿਸੇ ਨੌਕਰੀ ਵਾਸਤੇ ਵਿਸ਼ੇਸ਼ ਯੋਗਤਾ ਨਿਸ਼ਚਿਤ ਕੀਤੀ ਹੁੰਦੀ ਹੈ। ਇੰਝ ਹੀ ਵੱਡੇ ਬੰਦੇ ਦੀ ਵੀ ਕੋਈ ਨਾ ਕੋਈ ਯੋਗਤਾ ਜ਼ਰੂਰ ਪੱਕੀ ਕੀਤੀ ਹੋਵੇਗੀ। ਜਿਸ ਦੇ ਆਧਾਰ 'ਤੇ ਉਸ ਨੂੰ ਵੱਡਾ ਬੰਦਾ ਮੰਨਿਆ ਜਾਂਦਾ ਹੈ।

ਪ੍ਰੰਤੂ ਜਿਸ ਆਧਾਰ 'ਤੇ ਕਿਸੇ ਨੂੰ ਵੱਡਾ ਬੰਦਾ ਕਿਹਾ ਜਾ ਰਿਹਾ ਹੈ। ਕੀ ਸੱਚਮੁੱਚ ਵੱਡੇ ਬੰਦੇ ਦੀ ਉਹ ਹੀ ਯੋਗਤਾ ਹੋਵੇਗੀ? ਹਾਂ, ਇਹ ਵੀ ਹੋ ਸਕਦਾ ਹੈ ਕਿ ਕਹਿਣ ਵਾਲੇ ਨੂੰ ਵੱਡੇ ਬੰਦੇ ਦੀ ਅਸਲ ਯੋਗਤਾ ਬਾਰੇ ਗਿਆਨ ਹੀ ਨਾ ਹੋਵੇ। ਉਹ ਹੋਰ ਅਣਜਾਣ ਲੋਕਾਂ ਦੇ ਮਗਰ ਲੱਗ ਕੇ ਹੀ ਕਿਸੇ ਛੋਟੇ ਬੰਦੇ ਨੂੰ ਵੱਡਾ ਬੰਦਾ ਸਮਝ ਰਿਹਾ ਹੋਵੇ। ਇਸ ਕਰਕੇ ਉਹਦੀ ਮੰਨੀ ਜਾ ਰਹੀ ਯੋਗਤਾ ਦੀ ਪਰਖ ਕਰਨੀ ਪਵੇਗੀ। ਜੇ ਉਸਦੀ ਮੰਨੀ ਜਾ ਰਹੀ ਯੋਗਤਾ ਮਾਨਵਵਾਦੀ ਨਾ ਸਿੱਧ ਹੋਈ ਤਾਂ ਉਸ ਨੂੰ ਵੱਡਾ ਬੰਦਾ ਨਹੀਂ ਕਿਹਾ ਜਾਵੇਗਾ, ਮੰਨਿਆ ਨਹੀਂ ਜਾਵੇਗਾ।

ਇਕ ਵਿਅਕਤੀ/ਵਿਦਿਆਰਥੀ ਮਿਹਨਤ ਨਾਲ ਪੜ੍ਹਾਈ ਕਰਦਾ ਹੈ। ਜਿਸ ਦੇ ਸਦਕੇ ਉਹ ਇਮਤਿਹਾਨ ਪਾਸ ਕਰਕੇ ਡਿਗਰੀਆਂ ਪ੍ਰਾਪਤ ਕਰਦਾ ਹੈ। ਵਿੱਦਿਆ ਪ੍ਰਾਪਤ ਕਰਨ ਦਾ ਉਸ ਦਾ ਮਕਸਦ ਸਿਰਫ਼ ਰੁਜ਼ਗਾਰ ਪ੍ਰਾਪਤ ਕਰਨਾ ਹੁੰਦਾ ਹੈ। ਰੁਜ਼ਗਾਰ ਪ੍ਰਾਪਤ ਕਰਨ ਤੋਂ ਬਾਅਦ ਨਿਸ਼ਾਨਾ ਪੈਸਾ ਇਕੱਠਾ ਕਰਨਾ ਮਿੱਥ ਲੈਂਦਾ ਹੈ। ਜਿਸ ਨੂੰ ਪੂਰਾ ਕਰਨ ਲਈ ਮਿਹਨਤ ਦੀ ਕਮਾਈ ਹੀ ਨਹੀਂ ਸਗੋਂ ਪੈਸੇ ਖਾਤਰ ਹੋਰ ਵੀ ਭ੍ਰਿਸ਼ਟ ਤਰੀਕਿਆਂ ਦੀ ਵਰਤੋਂ ਕਰਨ ਲੱਗ ਜਾਂਦਾ ਹੈ। ਅਜਿਹੇ ਵਿਅਕਤੀ ਦੀ ਸੋਚ ਸਿਰਫ਼ ਆਪਣੇ ਘਰ-ਪਰਿਵਾਰ, ਕਾਰ, ਕੋਠੀ, ਬੱਚਿਆਂ ਦੇ ਦੁਆਲੇ ਹੀ ਘੁੰਮਣ ਲੱਗਦੀ ਹੈ। ਪੈਸਾ ਇਕੱਤਰ ਕਰਨ ਤੇ ਉਨ੍ਹਾਂ ਦੇ ਭਵਿੱਖ ਤੱਕ ਹੀ ਉਸ ਦੀ ਸੋਚ ਸੁੰਘੜ ਕੇ ਰਹਿ ਜਾਂਦੀ ਹੈ। ਫਿਰ ਤਾਂ ਮਰੀਜ਼ਾਂ ਦੇ ਗੁਰਦੇ ਕੱਢ ਕੇ ਵੇਚਣ ਵਾਲੇ ਡਾਕਟਰਾਂ ਵਾਂਗੂ ਕਿਸੇ ਵੀ ਨੀਚ ਕੰਮ ਕਰਨ ਤੋਂ ਨਹੀਂ ਝਿਜਕਦਾ। ਉਹ ਦੂਜੇ ਬੰਦੇ ਦੀ ਕਦਰ ਵੀ ਫਿਰ ਪੈਸੇ ਦੇ ਹਿਸਾਬ ਨਾਲ ਹੀ ਕਰਦਾ ਹੈ। ਉਹ ਇਸ ਸੋਚ ਦਾ ਧਾਰਨੀ ਬਣ ਜਾਂਦਾ ਹੈ ਕਿ ਸਭ ਕੁਝ

ਪੈਸੇ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦਾ ਹੈ। ਦੌਲਤ ਜਮ੍ਹਾ ਕਰਨ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਜਾਂਦਾ ਹੈ। ਜਿਸ ਦਾ ਕੋਈ ਸਿਰਾ ਨਹੀਂ। ਕੀ ਇਸ ਤਰ੍ਹਾਂ ਦੇ ਪੜ੍ਹੇ ਲਿਖੇ ਬੰਦੇ ਨੂੰ ਵੱਡਾ ਬੰਦਾ ਕਿਹਾ ਜਾ ਸਕਦਾ ਹੈ?

ਹਰ ਰੋਜ਼ ਟੀ.ਵੀ. 'ਤੇ ਨਾਟਕ, ਫਿਲਮਾਂ ਆਦਿ ਵੇਖੀਆਂ ਜਾਂਦੀਆਂ ਹਨ। ਉਨ੍ਹਾਂ ਵਿਚ ਅਦਾਕਾਰੀ ਕਰਨ ਵਾਲੇ ਲੋਕਾਂ ਦੇ ਚਹੇਤੇ ਬਣ ਜਾਂਦੇ ਹਨ। ਇੰਝ ਹੀ ਖੇਡਾਂ ਖੇਡਣ ਵਾਲੇ ਖਿਡਾਰੀਆਂ ਨੂੰ ਬਣਾ ਦਿੱਤਾ ਜਾਂਦਾ ਹੈ। ਅਭਿਨੇਤਾ ਕਰੋੜਾਂ ਰੁਪਏ ਲੈ ਕੇ ਫਿਲਮਾਂ, ਟੀ.ਵੀ. ਸੀਰੀਅਲਾਂ ਵਿਚ ਕੰਮ ਕਰਦੇ ਹਨ। ਇਵੇਂ ਹੀ ਮਸ਼ਹੂਰ ਖਿਡਾਰੀਆਂ ਨੂੰ ਖੇਡਾਂ ਤੋਂ ਲੱਖਾਂ ਕਰੋੜਾਂ ਦੀ ਕਮਾਈ ਹੋ ਰਹੀ ਹੈ। ਪਰ ਇਸ ਨਾਲ ਵੀ ਤਸੱਲੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦਾ ਮਕਸਦ ਵੀ ਪੈਸੇ ਕਮਾਉਣ ਤੱਕ ਹੀ ਸੀਮਤ ਹੋ ਗਿਆ ਹੈ। ਅਖੌਤੀ ਖੇਡਾਂ ਵੀ ਜੂਏ ਦਾ ਦੂਜਾ ਰੂਪ ਧਾਰ ਚੁੱਕੀਆਂ ਹਨ। ਸੌਖੇ ਤਰੀਕੇ ਜਿਹੜਾ ਵੀ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਲ ਹੋ ਜਾਵੇ। ਉਸ ਨੂੰ ਪਿੱਛੇ ਮੁੜਨਾ ਔਖਾ ਲੱਗਦਾ ਹੁੰਦਾ ਹੈ। ਪੈਸੇ ਦੀ ਖਾਤਰ ਅਦਾਕਾਰ ਨੂੰ ਭਾਵੇਂ ਨੰਗਾ ਵੀ ਹੋਣਾ ਪੈ ਜਾਵੇ, ਉਹ ਉਹਦੇ ਲਈ ਵੀ ਤਿਆਰ ਹੀ ਰਹਿੰਦਾ ਹੈ। ਇਸੇ ਤਰ੍ਹਾਂ ਕਈ ਖਿਡਾਰੀ ਮੈਚ ਹਾਰਨ ਲਈ ਵੀ ਸੌਦੇਬਾਜ਼ੀ ਕਰ ਲੈਂਦੇ ਹਨ। ਜਦੋਂ ਜਿੱਤ ਜ਼ਰੂਰੀ ਹੋਵੇ ਤਾਂ ਨਸ਼ਿਆਂ ਦੀ ਵਰਤੋਂ ਕਰਨ ਅਤੇ ਖੇਡ ਦੌਰਾਨ ਲੜਨ ਤੱਕ ਜਾਂਦੇ ਹਨ। ਇਥੇ ਹੀ ਬਸ ਨਹੀਂ ਅਭਿਨੇਤਾ ਅਤੇ ਖਿਡਾਰੀ ਪੈਸੇ ਦੀ ਪ੍ਰਾਪਤੀ ਖਾਤਰ ਵਪਾਰਕ ਅਦਾਰਿਆਂ ਨਾਲ ਮਿਲ ਕੇ ਆਪਣੇ ਪ੍ਰਸ਼ੰਸਕਾਂ ਨੂੰ ਠੱਗ ਰਹੇ ਹਨ। ਉਨ੍ਹਾਂ ਨਾਲ ਧੋਖਾ ਕਰ ਰਹੇ ਹਨ। ਵੱਖ-ਵੱਖ ਕੰਪਨੀਆਂ ਦੀਆਂ ਘਟੀਆਂ ਵਸਤਾਂ ਬਾਰੇ ਝੂਠੇ ਦਾਅਵੇ ਕਰਕੇ ਲੋਕਾਂ ਦੇ ਵਿਸ਼ਵਾਸ ਦਾ ਨਜਾਇਜ਼ ਫਾਇਦਾ ਉਠਾਇਆ ਜਾ ਰਿਹਾ ਹੈ। ਮਸ਼ਹੂਰੀਆਂ ਰਾਹੀਂ ਵਪਾਰਕ ਕੰਪਨੀਆਂ ਨਾਲ ਮਿਲ ਕੇ ਲੋਕਾਂ ਦੇ ਪਿਆਰ ਨੂੰ ਨੋਟਾਂ ਵਿਚ ਤਬਦੀਲ ਕਰ ਰਹੇ ਹਨ। ਇਸ ਤਰ੍ਹਾਂ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਘਟੀਆ ਤਰੀਕੇ ਨਾਲ ਰੁਪਏ ਇਕੱਠੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਗੁੰਮਰਾਹ ਕਰਨ, ਵਿਸ਼ਵਾਸ ਦਾ ਨਜਾਇਜ਼ ਫਾਇਦਾ ਉਠਾਉਣ, ਪਿਆਰ ਦਾ ਮੁੱਲ ਵੱਟਣ ਵਾਲੇ ਇਨ੍ਹਾਂ ਲੋਕਾਂ ਨੂੰ ਵੱਡੇ ਬੰਦੇ ਕਿਹਾ ਜਾ ਸਕਦਾ ਹੈ?

ਕਿਸੇ ਜ਼ਿੰਮੇਵਾਰ ਅਹਿਮ ਅਹੁਦੇ 'ਤੇ ਲੱਗਿਆ ਹੋਇਆ ਇਕ ਵਿਅਕਤੀ, ਜੋ ਆਪਣੇ ਕਿਸੇ ਰਿਸ਼ਤੇਦਾਰ ਨੂੰ ਬੁਲਾ ਕੇ ਵੀ ਰਾਜ਼ੀ ਨਹੀਂ। ਕਹਿਣ ਦਾ ਭਾਵ ਆਪਣੇ ਗਰੀਬ ਭਰਾਵਾਂ-ਪਿਉ ਨੂੰ ਮਿਲਣਾ ਤਾਂ ਇਕ ਪਾਸੇ, ਉਨ੍ਹਾਂ ਬਾਰੇ ਦੱਸਣ ਵਿਚ ਵੀ ਆਪਣੀ ਬੇ-ਇੱਜ਼ਤੀ ਸਮਝਦਾ ਹੈ। ਜੋ ਮਿਹਨਤ-ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹੁੰਦੇ ਹਨ। ਜਿਸ ਕਮਾਈ ਦਾ ਵਿਸ਼ੇਸ਼ ਰੋਲ ਉਸ ਨੂੰ ਇਸ ਰੁਤਬੇ ਤੱਕ ਪਹੁੰਚਾਉਣ ਵਾਸਤੇ ਹੁੰਦਾ ਹੈ। ਹੁਣ ਜਦੋਂ ਕਿ ਆਪ ਉਹ ਭ੍ਰਿਸ਼ਟ ਤਰੀਕਿਆਂ ਨਾਲ ਮੋਟੀ ਕਮਾਈ ਕਰ ਰਿਹਾ ਹੁੰਦਾ ਹੈ। ਇਸ ਪੈਸੇ ਨਾਲ ਸਭ ਸਹੂਲਤਾਂ ਮਾਣਦਾ ਹੈ। ਪਰ ਉਹਦਾ ਵਿਵਹਾਰ ਲੋਕਾਂ ਪ੍ਰਤੀ ਵਧੀਆ ਨਹੀਂ। ਉਹ ਕਿਸੇ ਦੀ ਮਦਦ ਕਰਨ ਲਈ ਤਿਆਰ

ਨਹੀਂ। ਜੇ ਹੋਵੇ ਵੀ ਤਾਂ ਪਹਿਲਾਂ ਇਹ ਸੋਚਦਾ ਹੈ ਕਿ ਉਸ ਨੂੰ ਇਹਦੇ 'ਚੋਂ ਕੀ ਮਿਲਣਾ ਹੈ। ਆਪਣੇ ਦਫ਼ਤਰ ਵਿਚ ਆਇਆ ਹਰ ਬੰਦਾ ਉਸ ਨੂੰ ਸਾਮੀ ਨਜ਼ਰ ਆਉਂਦਾ ਹੈ। ਜਿਸ ਬੰਦੇ ਦੀ ਸੋਚ ਭ੍ਰਿਸ਼ਟ ਹੋ ਚੁੱਕੀ ਹੋਵੇ, ਜੋ ਭ੍ਰਿਸ਼ਟ ਤਰੀਕੇ ਨਾਲ ਧੰਨ ਕਮਾ ਰਿਹਾ ਹੋਵੇ। ਭਾਵੇਂ ਉਹ ਕਿੰਨੇ ਵੀ ਵੱਡੇ ਸਰਕਾਰੀ-ਗੈਰ ਸਰਕਾਰੀ ਅਹੁਦੇ 'ਤੇ ਨਿਯੁਕਤ ਹੋਵੇ। ਕੀ ਅਜਿਹੇ ਬੰਦੇ ਨੂੰ ਵੱਡਾ ਬੰਦਾ ਕਿਹਾ ਜਾ ਸਕਦਾ ਹੈ?

ਇਕ ਵਿਅਕਤੀ ਕਿਸੇ ਧਾਰਮਿਕ ਸੰਸਥਾ ਦਾ ਪੈਰੋਕਾਰ ਹੈ। ਜਦੋਂ ਵੇਖੋ ਉਹ ਹੱਥ ਵਿਚ ਮਾਲਾ ਫੜੀ ਰੱਖਦਾ ਹੈ। ਮੂੰਹ ਵਿਚ ਹਰ ਵੇਲੇ ਕੁਝ ਨਾ ਕੁਝ ਜਪਦਾ ਰਹਿੰਦਾ ਹੈ। ਸਵੇਰੇ-ਸ਼ਾਮ ਆਪਣੇ ਧਰਮ ਦੇ ਧਾਰਮਿਕ ਸਥਾਨ ਵਿਚ ਅਤੇ ਸ਼ਰਧਾਲੂਆਂ ਦੇ ਘਰਾਂ ਵਿਚ ਜਾ ਕੇ ਵੀ ਪ੍ਰਵਚਨ ਕਰਦਾ ਹੈ। ਲੋਕਾਂ ਨਾਲ ਸਵਰਗ ਪਹੁੰਚਾਣ ਦਾ ਦਾਅਵਾ ਕਰਦਾ ਹੈ ਭਾਵ ਲਾਲਚ ਦਿੰਦਾ ਹੈ। ਨਰਕ ਦੇ ਵੇਰਵੇ ਦੇ ਕੇ ਡਰਾਉਂਦਾ ਹੈ। ਏਂਦਾ ਪੂਜਾ ਭੇਟਾ ਦੇਣ ਲਈ ਪ੍ਰੇਰਤ ਕਰਦਾ ਹੈ। ਲੋਕਾਂ ਨੂੰ ਜਨਮ-ਮਰਨ-ਕਿਸਮਤ ਦਾ ਫ਼ਲਸਫ਼ਾ ਪੜ੍ਹਾ ਕੇ ਚੱਕਰ 'ਚ ਪਾਉਂਦਾ ਹੈ। ਗੁੰਮਰਾਹ ਕਰਦਾ ਹੈ। ਧਰਮ ਦੇ ਝੰਡੇ ਹੇਠ ਭਾਵ ਪਰਦੇ ਹੇਠ ਇਸ ਤਰ੍ਹਾਂ ਕੂੜ-ਪ੍ਰਚਾਰ ਕਰਕੇ ਲੋਕਾਂ ਨੂੰ ਠੱਗਣ ਵਾਲੇ ਬੰਦੇ ਨੂੰ ਵੱਡਾ ਬੰਦਾ ਕਿਹਾ ਜਾ ਸਕਦਾ ਹੈ?

ਇਨ੍ਹਾਂ ਵਾਂਗ ਹੀ ਇਕ ਰਾਜਨੀਤਕ ਹਸਤੀ ਹੈ। ਉਹ ਹਰ ਚੋਣ ਜਿੱਤਣ ਲਈ ਲੋਕਾਂ 'ਚ ਸ਼ਰਾਬ ਅਤੇ ਹੋਰ ਨਸ਼ੇ ਵੰਡਦਾ ਹੈ। ਇਸ ਤਰ੍ਹਾਂ ਹੀ ਹੋਰ ਨਿੱਕੇ-ਨਿੱਕੇ ਲਾਲਚ ਦੇ ਕੇ ਵੋਟਾਂ ਆਪਣੇ ਹੱਕ ਵਿਚ ਕਰ ਲੈਂਦਾ ਹੈ। ਜਿੱਤ ਜਾਣ ਤੋਂ ਬਾਅਦ ਪੈਸੇ ਪੂਰੇ ਕਰਨ ਲਈ ਨਸ਼ਿਆਂ ਦੀ ਬਲੈਕ ਕਰਦਾ ਤੇ ਕਰਵਾਉਂਦਾ ਹੈ। ਸਮਾਜ ਦੇ ਮਾੜੇ ਅਨਸਰਾਂ ਨੂੰ ਸ਼ਹਿ ਦਿੰਦਾ ਹੈ। ਉਸਦੀ ਮਰਜ਼ੀ ਬਗੈਰ ਥਾਣੇ ਵਿਚ ਫੈਸਲਾ ਨਹੀਂ ਹੋ ਸਕਦਾ। ਉਹ ਲੋਕਾਂ ਦੇ ਛੋਟੇ-ਛੋਟੇ ਕੰਮਾਂ ਵਿਚ ਵੀ ਅੜਿੱਕੇ ਪਾਉਂਦਾ ਹੈ। ਫਿਰ ਉਨ੍ਹਾਂ ਨੂੰ ਠੀਕ ਕਰਨ ਦੀ ਫ਼ੀਸ ਵਸੂਲ ਕਰਦਾ ਹੈ ਜਾਂ ਅਹਿਸਾਨ ਕਰਨ ਦਾ ਪਖੰਡ ਕਰਦਾ ਹੈ। ਕੀ ਇੰਝ ਨਸ਼ੇ ਵੰਡ ਕੇ ਚੋਣਾਂ ਜਿੱਤਣ ਵਾਲੇ, ਲੋਕਾਂ ਨਾਲ ਬੇ-ਇਨਸਾਫ਼ੀ ਕਰਨ ਵਾਲੇ, ਛੋਟੇ-ਵੱਡੇ ਕੰਮਾਂ 'ਚ ਅੜਿੱਕੇ ਖੜ੍ਹੇ ਕਰਨ ਵਾਲੇ, ਮਾੜੇ ਅਨਸਰਾਂ ਦੀ ਸਹਾਇਤਾ ਕਰਨ ਵਾਲੇ, ਨਸ਼ਿਆਂ ਦੀ ਬਲੈਕ ਕਰਵਾਉਣ ਵਾਲੇ ਅਜਿਹੇ ਬੰਦੇ ਨੂੰ ਵੱਡਾ ਬੰਦਾ ਹੋਣ ਦਾ ਖਿਤਾਬ ਦਿੱਤਾ ਜਾ ਸਕਦਾ ਹੈ?

ਕੋਈ ਵਿਅਕਤੀ ਵਿਦੇਸ਼ ਵਿਚੋਂ ਕਰੋੜਾਂ ਰੁਪਿਆ ਜਿਵੇਂ ਕਿਵੇਂ ਕਮਾ ਕੇ ਇਥੇ ਲਿਆਉਂਦਾ ਹੈ। ਉਸ ਦਾ ਸਾਰਾ ਪਰਿਵਾਰ ਵੀ ਉਹ ਦੇ ਨਾਲ ਹੀ ਵਿਦੇਸ਼ ਵਿਚ ਰਹਿ ਰਿਹਾ ਹੈ। ਉਹ ਇਥੇ ਆ ਕੇ ਮਹੱਲ ਵਰਗੀ ਕੋਠੀ ਤਿਆਰ ਕਰਦਾ ਹੈ। ਉਹ ਦੇ ਘਰ ਦੇ ਨਾਲ ਹੀ ਸਰਕਾਰੀ ਸਕੂਲ ਦੀ ਇਮਾਰਤ ਹੈ। ਜੋ ਖਸਤਾ ਹਾਲ 'ਚ ਹੈ। ਜਿਹੜੀ ਸਰਕਾਰ ਦੀ ਵਿੱਦਿਆ ਨੀਤੀ ਦਾ ਪ੍ਰਤੀਬਿੰਬ ਪੇਸ਼ ਕਰ ਰਹੀ ਹੈ। ਪਿੰਡ ਦੇ ਕੁਝ ਸੂਝਵਾਨ ਸੱਜਣ ਉਸ ਵਿਅਕਤੀ ਕੋਲ ਸਕੂਲ ਦੀ ਇਮਾਰਤ ਵਾਸਤੇ ਕੁਝ ਸਹਾਇਤਾ ਕਰਨ ਦਾ

ਸਵਾਲ ਰੱਖਦੇ ਹਨ। ਪਰ ਉਹ ਇਸ ਕਾਰਜ ਵਾਸਤੇ ਇਕ ਰੁਪਇਆ ਵੀ ਦੇਣ ਲਈ ਤਿਆਰ ਨਹੀਂ ਹੁੰਦਾ। ਉਸ ਦਾ ਤਰਕ ਹੁੰਦਾ ਹੈ ਕਿ ਮੇਰੇ ਕਿਹੜਾ ਇਥੇ ਬੱਚੇ ਪੜ੍ਹਦੇ ਹਨ। ਮੈਂ ਕਿਹੜਾ ਇਥੇ ਰਹਿਣਾ ਹੈ। ਇਸ ਲਈ ਮੈਂ ਕਿਉਂ ਇਹਦੇ ਲਈ ਫਜ਼ੂਲ ਪੈਸੇ ਖਰਚ ਕਰਾਂ। ਇਕ ਵਿਅਕਤੀ ਉਸ ਨੂੰ ਸਵਾਲ ਕਰ ਦਿੰਦਾ ਹੈ ਕਿ ਜਦੋਂ ਤੂੰ ਇਥੇ ਰਹਿਣਾ ਹੀ ਨਹੀਂ, ਫਿਰ ਮਹੱਲ ਵਰਗੀ ਕੋਠੀ ਕਾਹਦੇ ਵਾਸਤੇ ਖੜ੍ਹੀ ਕੀਤੀ ਹੈ। ਉਹ ਸਵਾਲ ਦਾ ਜਵਾਬ ਦੇਣ ਤੋਂ ਟਾਲਾ ਵੱਟ ਜਾਂਦਾ ਹੈ।

ਅਸਲ ਵਿਚ ਅਜਿਹੇ ਬੰਦੇ ਦੀ ਭਾਵਨਾ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਹੁੰਦੀ ਹੈ। ਵੱਡੀ ਕੋਠੀ ਪਾਉਣੀ ਜਾਂ ਹੋਰ ਕੋਈ ਵੀ ਕੰਮ ਬਿਨਾਂ ਕਿਸੇ ਉਦੇਸ਼ ਦੇ ਨਹੀਂ ਹੁੰਦਾ। ਸੁਚੇਤ-ਅਚੇਤ ਰੂਪ 'ਚ ਕੋਈ ਮਕਸਦ ਜ਼ਰੂਰ ਹੁੰਦਾ ਹੈ। ਮਹਿੰਗੇ ਸਮਾਜਿਕ ਪ੍ਰੋਗਰਾਮ ਕਰਨੇ ਅਤੇ ਜ਼ਰੂਰਤ ਤੋਂ ਕਿਤੇ ਜ਼ਿਆਦਾ ਮਹੱਲਾਂ ਵਰਗੀਆਂ ਕੋਠੀਆਂ ਉਸਾਰਨਾ, ਅਸਲ ਵਿਚ ਦੂਜਿਆਂ ਨੂੰ ਨੀਵੇਂ ਦਿਖਾਉਣ, ਬੇ-ਇੱਜ਼ਤ ਕਰਨ ਦੀਆਂ ਭਾਵਨਾਵਾਂ ਦਾ ਹੀ ਨਤੀਜਾ ਹੁੰਦਾ ਹੈ। ਇੰਝ ਕਰਕੇ ਆਪਣੇ ਆਪ ਨੂੰ ਵੱਡਾ ਸਮਝਿਆ ਜਾਂਦਾ ਹੈ। ਇਹ ਕਾਰਜਾਂ ਦਾ ਮਕਸਦ ਆਪਣੀ ਹਉਮੈ ਨੂੰ ਪੱਠੇ ਪਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ। ਜਿਹੜਾ ਵਿਅਕਤੀ ਆਪਣੀ ਹਉਮੈ ਦਾ ਸ਼ਿਕਾਰ ਹੈ, ਦੂਸਰਿਆਂ ਨੂੰ ਇਸ ਬਹਾਨੇ ਨੀਵੇਂ ਕਰਨ ਭਾਵ ਬੇਇੱਜ਼ਤ ਕਰਨ ਦੇ ਕਾਰਜ ਕਰਦਾ ਹੈ। ਅਜਿਹੀਆਂ ਘਟੀਆ ਭਾਵਨਾਵਾਂ ਰੱਖਣ, ਕਾਰਜ ਕਰਨ ਵਾਲੇ ਬੰਦੇ ਨੂੰ ਕੀ ਵੱਡਾ ਬੰਦਾ ਕਿਹਾ ਜਾਣਾ ਚਾਹੀਦਾ ਹੈ?

ਇਸ ਚਰਚਾ ਤੋਂ ਸਮਝਿਆ ਅਤੇ ਜਾਣਿਆ ਜਾ ਸਕਦਾ ਹੈ ਕਿ ਕਿਸੇ ਵਿਅਕਤੀ ਵਲੋਂ ਵਿੱਦਿਆ ਦੀਆਂ ਡਿਗਰੀਆਂ ਪ੍ਰਾਪਤ ਕਰ ਲੈਣਾ, ਕਿਸੇ ਵਿਸ਼ੇਸ਼ ਅਹੁਦੇ 'ਤੇ ਨਿਯੁਕਤ ਹੋ ਜਾਣਾ, ਮਹਿੰਗਾ ਖਿਡਾਰੀ ਜਾਂ ਅਭਿਨੇਤਾ ਬਣ ਜਾਣਾ, ਧਾਰਮਿਕ ਪੁਜਾਰੀ ਬਣ ਜਾਣਾ, ਰਾਜਨੀਤਕ ਅਹੁਦਾ ਪ੍ਰਾਪਤ ਕਰ ਲੈਣਾ, ਜਿਵੇਂ-ਕਿਵੇਂ ਕਰੋੜਾਂ ਰੁਪਏ ਕਮਾ ਕੇ ਅਮੀਰ ਹੋਣਾ ਇਹ ਸਭ ਵੱਡੇ ਬੰਦੇ ਦੀ ਯੋਗਤਾ ਸਿੱਧ ਨਹੀਂ ਹੁੰਦੇ। ਇਨ੍ਹਾਂ ਦੇ ਕਾਰ-ਵਿਹਾਰ, ਭਾਵਨਾਵਾਂ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ।

ਵੱਡਾ ਬੰਦਾ ਉਸ ਨੂੰ ਕਿਹਾ ਜਾ ਸਕਦਾ ਹੈ/ਮੰਨਿਆ ਜਾਵੇਗਾ, ਜਿਸ ਦੀ ਸੋਚ ਵੱਡੀ ਹੋਵੇਗੀ। ਜਿਸ ਦੇ ਵਿਚਾਰ ਮਹਾਨ ਹੋਣਗੇ। ਜਿਸ ਦੀ ਸੋਚ, ਵਿਚਾਰਾਂ ਦੇ ਕਲਾਵੇ ਵਿਚ ਸਾਰਾ ਜਹਾਨ ਆਉਂਦਾ ਹੋਵੇ। ਜੋ ਕਿਸੇ ਨੂੰ ਬਿਗਾਨਾ ਨਾ ਸਮਝਦਾ ਹੋਵੇ। ਉਹਦੀ ਸੋਚ ਲੋਕਾਂ ਨੂੰ ਮੁੱਠੀ ਵਿਚ ਕਰਨ ਦੀ ਨਾ ਹੋਵੇ। ਇਹ ਸਭ ਉਸਦੇ ਜੀਵਨ ਦੇ ਵਿਹਾਰ ਦਾ ਹਿੱਸਾ ਹੋਵੇ। ਇਹ ਖੂਬੀ ਹੀ ਉਸ ਨੂੰ ਵੱਡਾ ਮਨੁੱਖ ਹੋਣ ਦਾ ਦਰਜਾ ਪ੍ਰਦਾਨ ਕਰਦੀ ਹੈ। ਉਹ ਦੂਸਰਿਆਂ ਲਈ ਚੰਗਾ ਪ੍ਰੇਰਨਾ ਸ੍ਰੋਤ ਸਿੱਧ ਹੋਵੇਗਾ।

ਹਾਂ, ਵੱਡਾ ਬੰਦਾ ਹਰ ਕੋਈ ਬਣਨਾ ਚਾਹੁੰਦਾ ਹੈ, ਫਿਰ ਦੇਰ ਕਿਸ ਗੱਲ ਦੀ।

***

ਮੂਰਤੀ ਪੂਜਾ

ਮੂਰਤੀ ਪੂਜਾ ਦਾ ਮਤਲਬ ਹੈ ਕਿ ਕਿਸੇ ਦੇ ਬੁੱਤ, ਆਕਾਰ ਜਾਂ (ਅਸਲੀ ਵਿਅਕਤੀ) ਸ਼ਖ਼ਸੀਅਤ ਦੇ ਸਾਹਮਣੇ ਜਾ ਕੇ ਜਾਂ ਹੋਂਦ ਦੀ ਕਲਪਨਾ ਕਰਕੇ, ਉਹਦੇ ਝੂਠੇ ਗੁਣ ਗਾਉਣਾ ਹੈ। ਚਾਪਲੂਸੀ ਕਰਨਾ ਹੈ। ਇੰਝ ਉਸ ਪ੍ਰਤੀ ਆਪਣੀ ਫ਼ੋਕੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਮੌਕੇ ਉਸ ਵਾਸਤੇ ਤਰ੍ਹਾਂ-ਤਰ੍ਹਾਂ ਦੇ ਭੋਜਨ ਪਦਾਰਥ ਅਤੇ ਹੋਰ ਵਸਤੂਆਂ ਵੀ ਭੇਂਟ ਕੀਤੀਆਂ ਜਾਂਦੀਆਂ ਹਨ। ਦੂਜੇ ਸ਼ਬਦਾਂ 'ਚ ਮੂਰਤੀ ਵਾਲੀ ਹਸਤੀ ਦੇ ਵਿਚਾਰਾਂ ਤੋਂ ਪਿੱਛੇ ਹਟਣਾ ਅਤੇ ਉਸਦੀ ਦਿੱਖ ਤੱਕ ਸੀਮਤ ਹੋਣਾ ਹੈ। ਉਹਦੇ ਵਿਚਾਰਾਂ 'ਤੇ ਅਮਲ ਕਰਨ ਦੀ ਥਾਂ ਮੂਰਤੀ ਦੇ ਅੱਗੇ-ਪਿੱਛੇ ਕਿਰਿਆ ਕਰਮ ਕਰਨੇ ਨੂੰ ਹੀ ਉਦੇਸ਼ ਮੰਨ ਲੈਣਾ ਹੈ। ਜਿਸ ਨੂੰ ਪਾਖੰਡ ਦਾ ਨਾਂ ਦਿੱਤਾ ਜਾ ਸਕਦਾ ਹੈ।

ਜਿਥੋਂ ਤੱਕ ਪੱਥਰ, ਮਿੱਟੀ, ਧਾਤ, ਰਬੜ, ਲੱਕੜ ਦੀਆਂ ਬਣਾਈਆਂ ਧਾਰਮਿਕ ਹਸਤੀਆਂ ਦੀਆਂ ਮੂਰਤੀਆਂ ਦੀ ਪੂਜਾ ਦਾ ਸਵਾਲ ਹੈ। ਇੱਥੇ ਜ਼ਿਆਦਾਤਰ ਅੰਨ੍ਹੀ ਸ਼ਰਧਾ ਵੇਖਣ ਨੂੰ ਮਿਲਦੀ ਹੈ। ਸ਼ਰਧਾਲੂਆਂ ਕੋਲ ਸੋਚ, ਸਮਝ ਸਕਣ ਦੀ ਭੋਰਾ ਵੀ ਗੁੰਜਾਇਸ਼ ਨਹੀਂ ਹੁੰਦੀ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਅਨਪੜ੍ਹ ਤਾਂ ਇਕ ਪਾਸੇ ਪੜ੍ਹੇ-ਲਿਖੇ, ਡਿਗਰੀਆਂ ਪ੍ਰਾਪਤ ਵਿਅਕਤੀ ਵੀ ਮੂਰਤੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਭੋਜਨਾਂ ਦਾ ਭੋਗ ਲਗਾਉਣ ਭਾਵ ਛਕਾਉਣ ਦਾ ਭਰਮ ਪਾਲ ਰਹੇ ਹੁੰਦੇ ਹਨ। ਉਨ੍ਹਾਂ ਅੱਗੇ ਮੱਥਾ ਘਸਾ ਅਤੇ ਨੱਕ ਰਗੜ ਕੇ ਮੰਨਤਾਂ ਮੰਗ ਰਹੇ ਹੁੰਦੇ ਹਨ। ਇਸ ਮੌਕੇ ਉਨ੍ਹਾਂ ਦੀ ਅਕਲ, ਸਮਝ ਤੇ ਸੱਚਮੁੱਚ ਹੀ ਤਰਸ ਆਉਂਦਾ ਹੈ। ਅਫ਼ਸੋਸ ਹੁੰਦਾ ਹੈ। ਕਿਉਂਕਿ ਤਿੰਨ-ਚਾਰ ਸਾਲ ਦੀ ਉਮਰ ਦਾ ਬੱਚਾ ਜਿਸ ਦਾ ਦਿਮਾਗ਼ ਮਸਾਂ ਹੀ ਵੀਹ ਕੁ ਪ੍ਰਤੀਸ਼ਤ ਤਿਆਰ ਹੋਇਆ ਹੁੰਦਾ ਹੈ। ਉਹ ਐਹੋ ਜਿਹੀਆਂ ਹਰਕਤਾਂ ਕਰਦਾ ਵੇਖਿਆ ਜਾ ਸਕਦਾ ਹੈ। ਆਪਣੇ ਕਿਸੇ ਖਿਡਾਉਣੇ ਜਾਨਵਰ ਜਾਂ ਗੁੱਡੇ-ਗੁੱਡੀ ਨੂੰ ਕੁਝ ਖੁਆਉਣਾ, ਪਿਲਾਉਣਾ ਚਾਹੁੰਦਾ ਹੈ। ਉਹ ਖਾਣ-ਪੀਣ ਦੀਆਂ ਵਸਤਾਂ, ਉਹਨਾਂ ਦੇ ਮੂੰਹ ਨਾਲ ਲਾਉਂਦਾ ਹੈ। ਕਦੇ ਮੂੰਹ ਵਿਚ ਪਾਉਣ ਦਾ ਯਤਨ ਕਰਦਾ ਹੈ। ਪਰ ਨਿਰਜੀਵ ਖਿਡਾਉਣਾ ਕਿਵੇਂ ਖਾ ਸਕਦਾ ਹੈ ਕਿਉਂਕਿ ਉਹ ਮਿੱਟੀ, ਪੱਥਰ, ਰਬੜ, ਧਾਤ, ਲੱਕੜ ਜਾਂ ਕੱਪੜੇ ਆਦਿ ਦਾ ਬਣਿਆ ਹੁੰਦਾ ਹੈ। ਮਾਪੇ ਬੱਚੇ ਦੀ ਇਹ ਹਰਕਤ ਵੇਖ ਕੇ ਉਸਦੇ ਬਾਲਪਣ, ਬੇ-ਸਮਝੀ ਤੇ ਹੱਸਦੇ ਹਨ। ਤੇ ਉਸਨੂੰ ਕਹਿੰਦੇ ਹਨ "ਮੂਰਖਾ, ਇਹ ਨਹੀਂ ਖਾ ਸਕਦਾ। ਤੂੰ ਆਪ ਖਾ ਲੈ।"

ਪ੍ਰੰਤੂ ਧਾਰਮਿਕ ਸਥਾਨਾਂ ਵਿੱਚ ਜਾ ਕੇ ਉਹੀ ਮਾਪੇ ਆਪ ਅਜਿਹੀਆਂ ਹਰਕਤਾਂ

ਕਰਨ ਲੱਗ ਜਾਂਦੇ ਹਨ। ਜਿੱਥੇ ਦੇਵੀ ਦੇਵਤਿਆਂ ਦੇ ਬੁੱਤ ਵੀ ਮਿੱਟੀ, ਪੱਥਰ, ਧਾਤ ਆਦਿ ਦੇ ਬਣੇ ਹੋਏ ਹੁੰਦੇ ਹਨ ਪਰ ਉੱਥੇ ਉਨ੍ਹਾਂ ਨੂੰ ਮੂਰਖ ਕਹਿਣ ਵਾਲਾ ਕੋਈ ਨਹੀਂ ਹੁੰਦਾ। ਹਾਂ, ਮੂਰਖ ਬਣਾਉਣ ਵਾਲੇ ਜ਼ਰੂਰ ਹੁੰਦੇ ਹਨ, ਪੁਜਾਰੀ। ਹੈਰਾਨੀ ਦੀ ਗੱਲ ਹੈ ਕਿ ਪ੍ਰਾਇਮਰੀ ਦੀਆਂ ਜਮਾਤਾਂ ਵਿੱਚ ਪੜ੍ਹਾ ਦਿੱਤਾ ਜਾਂਦਾ ਹੈ ਕਿ ਇੱਕ ਸਜੀਵ ਵਸਤਾਂ ਹੁੰਦੀਆਂ ਹਨ ਅਤੇ ਇੱਕ ਨਿਰਜੀਵ। ਸਜੀਵ ਵਸਤਾਂ ਆਪਣੇ ਆਪ ਚਲ ਫਿਰ ਸਕਦੀਆਂ ਹਨ। ਉਨ੍ਹਾਂ ਨੂੰ ਭੋਜਨ ਪਾਣੀ ਦੀ ਲੋੜ ਹੁੰਦੀ ਹੈ। ਇਹ ਵਧਦੀਆਂ ਹਨ। ਸਾਹ ਲੈਂਦੀਆਂ ਹਨ। ਇਹ ਸੰਵੇਦਨਸ਼ੀਲ ਹੁੰਦੀਆਂ ਹਨ। ਸਜੀਵ ਵਸਤਾਂ ਪ੍ਰਜਣਨ ਵੀ ਕਰਦੀਆਂ ਹਨ।

ਨਿਰਜੀਵ ਵਸਤੂਆਂ ਉਹ ਹੁੰਦੀਆਂ ਹਨ, ਜੋ ਚਲ ਫਿਰ ਨਹੀਂ ਸਕਦੀਆਂ। ਇਨ੍ਹਾਂ ਨੂੰ ਭੋਜਨ ਦੀ ਲੋੜ ਨਹੀਂ ਹੁੰਦੀ। ਇਹ ਵਧਦੀਆਂ ਨਹੀਂ। ਇਹ ਸਾਹ ਵੀ ਨਹੀਂ ਲੈਂਦੀਆਂ। ਇਹ ਸੰਵੇਦਨਸ਼ੀਲ ਨਹੀਂ ਹੁੰਦੀਆਂ ਅਤੇ ਨਾ ਹੀ ਪ੍ਰਜਣਨ ਕਰਦੀਆਂ ਹਨ। ਕੀ ਪੱਥਰ ਜਾਂ ਰਬੜ ਦੀ ਮੂਰਤੀ ਪ੍ਰਜਣਨ ਕਰ ਸਕਦੀ ਹੈ? ਆਪਣੇ ਵਰਗਾ ਹੋਰ ਬਣਾ ਸਕਦੀ ਹੈ? ਕੀ ਕੁਰਸੀ ਜਾਂ ਟੱਬ ਵੱਡਾ ਹੋ ਸਕਦਾ ਹੈ? ਕੀ ਕਿਤਾਬਾਂ ਸਾਹ ਲੈਂਦੀਆਂ ਹਨ। ਕੀ ਮੇਜ਼ ਨੂੰ ਖੁਰਾਕ ਦੀ ਲੋੜ ਹੁੰਦੀ ਹੈ। ਥੋੜ੍ਹਾ ਜਿਹਾ ਹੀ ਪੜ੍ਹਿਆ ਵਿਚਾਰਨ ਨਾਲ ਇਸ ਦੀ ਸਮਝ ਲੱਗ ਸਕਦੀ ਹੈ। ਪ੍ਰਾਇਮਰੀ ਦੀਆਂ ਜਮਾਤਾਂ ਵਿੱਚ ਨਿਰਜੀਵ ਤੇ ਸਜੀਵ ਵਸਤੂਆਂ ਬਾਰੇ ਪੜ੍ਹ ਕੇ, ਜਾਣ ਕੇ ਵੀ ਜਿਹੜੇ ਮਿੱਟੀ, ਪੱਥਰ, ਧਾਂਤ ਦੀਆਂ ਮੂਰਤੀਆਂ ਨੂੰ ਭੋਜਨ ਪਦਾਰਥਾਂ ਦਾ ਭੋਗ ਲਗਾਉਣ, ਛਕਾਉਣ ਦਾ ਭਰਮ ਪਾਲ ਰਹੇ ਹਨ। ਉਨ੍ਹਾਂ ਨੂੰ ਮੂਰਖਤਾ ਭਰੇ ਇਸ ਕਾਰਜ ਨੂੰ ਤਿਆਗ ਦੇਣਾ ਚਾਹੀਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੌਥੀ ਜਮਾਤ ਦੀ "ਵਾਤਾਰਵਣ ਸਿੱਖਿਆ" ਪੁਸਤਕ ਦਾ ਪਹਿਲਾ ਹੀ ਪਾਠ ਇਹ ਹੈਃ- ਸਜੀਵ ਅਤੇ ਨਿਰਜੀਵ ਵਸਤੂਆਂ। ਉਂਝ ਇਸ ਕੀਤੀ ਹੋਈ ਪੂਜਾ ਦਾ ਕੋਈ ਅਰਥ ਵੀ ਨਹੀਂ ਰਹਿ ਜਾਂਦਾ। ਕਿਉਂਕਿ ਭੋਗ ਲਗਾਈ ਹੋਈ ਖੁਰਾਕ ਤਾਂ ਦੇਵੀ-ਦੇਵਤੇ ਦੇ ਪੇਟ ਵਿਚ ਜਾਣੀ ਹੀ ਨਹੀਂ। ਫਿਰ ਕਿਸੇ ਮੁਰਾਦ ਪੂਰੀ ਹੋਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਇਸ ਅਗਿਆਨ ਪੂਰਨ ਪ੍ਰਕਿਰਿਆ ਨੂੰ ਤਿਆਗ ਦੇਣਾ ਹੀ ਚੰਗਾ ਹੈ ਤਾਂ ਕਿ ਨਵੀਂ ਪੀੜ੍ਹੀ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਇੰਝ ਆਪਣੀ ਅਕਲ ਦਾ ਜਲੂਸ ਨਾ ਕਢਾਇਆ ਜਾਵੇ।

ਸੜਕ ਦੇ ਕਿਨਾਰੇ ਇੱਕ ਵੱਡਾ ਪੱਥਰ ਪਿਆ ਸੀ। ਉਸ ਤੇ ਆਉਂਦੇ ਜਾਂਦੇ ਕੁੱਤੇ ਪਿਸ਼ਾਬ ਕਰ ਜਾਂਦੇ ਸਨ ਤੇ ਉਸਦੀ ਓਟ 'ਚ ਦੂਸਰੇ ਪਾਸੇ ਬੰਦੇ ਵੀ। ਫਿਰ ਨੇੜੇ ਬਣਨ ਵਾਲੇ ਧਾਰਮਿਕ ਸਥਾਨ ਵਾਲੇ ਉਹ ਪੱਥਰ ਚੁੱਕਾ ਕੇ ਲੈ ਜਾਂਦੇ ਹਨ। ਇੱਕ ਮੂਰਤੀਘਾੜ੍ਹੇ ਨੂੰ ਲਿਆ ਕੇ ਉਸ ਦਾ ਮਨੁੱਖੀ ਸ਼ਕਲ ਵਰਗਾ ਆਕਾਰ ਬਣਾ ਦਿੰਦੇ ਹਨ। ਉਸਨੂੰ ਧਾਰਮਿਕ ਸਥਾਨ ਦੀ ਨਵੀਂ ਬਣੀ ਇਮਾਰਤ ਵਿੱਚ ਟਿਕਾ ਦਿੱਤਾ ਜਾਂਦਾ ਹੈ। ਹੁਣ ਸ਼ਰਧਾਲੂ ਉਸ ਅੱਗੇ ਖੜ੍ਹ ਕੇ ਉਸ ਤੋਂ ਮੁਰਾਦਾਂ ਮੰਗਣ ਲੱਗ ਜਾਂਦੇ ਹਨ। ਸੋਚੋ, ਵਿਚਾਰੋ

ਕਿਸੇ ਦੀਆਂ ਕਿਵੇਂ ਉਹ ਮੁਰਾਦਾਂ ਪੂਰੀਆਂ ਕਰ ਸਕਦਾ ਹੈ, ਇੱਕ ਪੱਥਰ। ਜਿਹੜਾ ਪੱਥਰ ਆਪਣਾ ਆਕਾਰ ਆਪ ਬੰਦੇ ਵਰਗਾ ਨਹੀਂ ਬਣਾ ਸਕਿਆ। ਜਿਸ ਨਾਲ ਉਸਦੀ ਆਪਣੀ ਕਦਰ ਵਿਚ ਵਾਧਾ ਹੋਣਾ ਸੀ। ਉਹ ਪੱਥਰ ਹੋਰ ਕਿਸੇ ਦਾ ਕੀ, ਕਿਵੇਂ, ਕੁੱਝ ਸਵਾਰ ਸਕਦਾ ਹੈ। ਜਿਹੜੇ ਉਸ ਤੋਂ ਕੁਝ ਪ੍ਰਾਪਤੀ ਦੀ ਆਸ ਰੱਖ ਕੇ ਉਹਦੇ ਅੱਗੇ ਨੱਕ ਰਗੜਦੇ ਹਨ। ਮੱਥਾ ਘਸਾਉਂਦੇ ਹਨ। ਗਲ਼ 'ਚ ਪੱਲਾ ਪਾ ਕੇ ਬੇਨਤੀ ਕਰਦੇ ਹਨ। ਇੱਕ ਜਿਉਂਦੇ ਮਨੁੱਖ ਵਾਂਗ ਉਹਦੇ ਖਾਧ-ਖੁਰਾਕ, ਕੱਪੜਿਆਂ ਅਤੇ ਗਰਮੀ-ਸਰਦੀ ਤੋਂ ਖਿਆਲ ਰੱਖਦੇ ਹਨ। ਉਨ੍ਹਾਂ ਨੂੰ ਕੀ ਨਾਂ ਲੈ ਕੇ ਸੰਬੋਧਨ ਕੀਤਾ ਜਾਵੇ? ਕਿਸੇ ਨੇ ਅਜਿਹੇ ਪੱਥਰਾਂ ਬਾਰੇ ਕਿਹਾ ਹੈ:-

ਪੱਥਰੋ ਤਰੱਕੀ ਇਸ ਕੋ ਕਹਤੇ ਹੈਂ।
ਜਬ ਨਾ ਤਰਾਸ਼ੇ ਥੇ, ਤੋ ਪੱਥਰ। ਜਬ ਤਰਾਸ਼ੇ ਤੋ ਖ਼ੁਦਾ ਹੁਏ।

ਕੁਝ ਲੋਕ ਸੂਰਬੀਰਾਂ, ਸ਼ਹੀਦਾਂ, ਵਿਗਿਆਨਕਾਂ, ਲੇਖਕਾਂ, ਕਲਾਕਾਰਾਂ, ਸਮਾਜ ਸੁਧਾਰਕਾਂ ਦੇ ਬੁੱਤਾਂ ਤੇ ਹਾਰ ਪਾ ਕੇ ਉਨ੍ਹਾਂ ਦਾ ਸਨਮਾਨ ਕਰਨ ਦਾ ਭਰਮ ਪਾਲ ਰਹੇ ਹਨ। ਪ੍ਰੰਤੂ ਕਿਸੇ ਦਾ ਸਹੀ ਤੇ ਅਸਲੀ ਸਨਮਾਨ ਤਾਂ ਉਸਦੇ ਵਿਚਾਰਾਂ ਤੇ ਅਮਲ ਕਰਨਾ ਹੁੰਦਾ ਹੈ। ਉਸ ਦੁਆਰਾ ਸ਼ੁਰੂ ਕੀਤੇ, ਪਰ ਬਾਕੀ ਰਹਿ ਗਏ ਅਧੂਰੇ ਕਾਰਜ ਨੂੰ ਪੂਰਾ ਕਰਨ ਵਾਸਤੇ ਯਤਨਸ਼ੀਲ ਹੋਣਾ ਹੁੰਦਾ ਹੈ। ਜੇਕਰ ਉਸਦੇ ਵਿਚਾਰਾਂ ਨੂੰ ਸਿਰਫ਼ ਭਾਸ਼ਣ ਦੇ ਇੱਕ ਹਿੱਸੇ ਤੱਕ ਹੀ ਸੀਮਤ ਰੱਖਣਾ ਹੈ ਤਾਂ ਉਸ ਬੁੱਤ ਦੇ ਗਲ਼ੇ 'ਚ ਹਾਰ ਪਾਉਣਾ, ਮੂਰਤੀ ਪੂਜਾ ਵਾਂਗ ਇੱਕ ਪਾਖੰਡ ਤੋਂ ਵੱਧ ਕੁਝ ਨਹੀਂ, ਮੰਨਣਾ ਪਵੇਗਾ। ਉਂਝ ਵੀ ਜਿਸ ਮਹਾਨ ਵਿਅਕਤੀ ਦੀ ਵਿਚਾਰਧਾਰਾ ਨੂੰ ਕੁਰਾਹੇ ਪਾਉਣਾ ਹੋਵੇ, ਸਭ ਤੋਂ ਸੌਖਾ ਤਰੀਕਾ ਹੈ ਕਿ ਉਹਨੂੰ ਬੁੱਤ ਵਿੱਚ ਤਬਦੀਲ ਕਰ ਦਿਉ। ਲੋਕ ਉਸਦੇ ਬੁੱਤਾਂ ਨੂੰ ਪੂਜਣ ਤੱਕ ਸੀਮਤ ਹੋ ਜਾਂਦੇ ਹਨ। ਕਿਸੇ ਦੇ ਵੱਡੇ-ਵੱਡੇ ਬੁੱਤ ਬਣਾਉਣ ਦਾ ਮਤਲਬ ਉਹ ਸਖ਼ਸ਼ੀਅਤ ਨੂੰ ਛੋਟਾ ਕਰਨਾ ਹੈ। ਉਸਦੀ ਵਿਚਾਰਧਾਰਾ ਦੀ ਲਹਿਰ ਨੂੰ ਹੌਲੀ, ਧੁੰਦਲਾ ਕਰਨਾ ਹੈ। ਕਿਸੇ ਦੇ ਬੁੱਤ ਸਦਾ ਨਹੀਂ ਰਹਿ ਸਕਦੇ। ਜੇ ਉਸਦੇ ਵਿਚਾਰਾਂ ਤੇ ਅਮਲ ਕਰਨ ਵਾਲੇ ਨਹੀਂ ਹੋਣਗੇ। ਪਰ ਵਿਚਾਰਾਂ ਦੀ ਤਾਸੀਰ ਮਾਨਵਵਾਦੀ ਹੋਣੀ ਜ਼ਰੂਰੀ ਹੈ। ਜੇਕਰ ਕਿਸੇ ਦੇ ਵਿਚਾਰ ਮੌਸਮੀ ਫੁੱਲਾਂ ਵਰਗੇ ਹਨ ਤਾਂ ਵੀ ਵੱਡੇ ਬੁੱਤ ਉਸਦੀ ਹਸਤੀ ਨੂੰ ਵੱਡਾ ਨਹੀਂ ਕਰ ਸਕਦੇ। ਤੇ ਨਾ ਹੀ ਉਹ ਬਹੁਤੀ ਦੇਰ ਮਹਾਨ ਹਸਤੀ ਦੇ ਰੂਪ ਵਿੱਚ ਰਹਿ ਸਕਦਾ ਹੈ। ਵਿਚਾਰਧਾਰਾ ਦੇ ਨਾਲ ਹੀ ਕਿਸੇ ਸ਼ਖ਼ਸੀਅਤ ਦੀ ਅਹਿਮੀਅਤ ਹੈ। ਇਸ ਲਈ ਬੁੱਤ ਨਾਲੋਂ ਵਿਚਾਰਧਾਰਾ ਦਾ ਕਾਇਮ ਰਹਿਣਾ ਜ਼ਰੂਰੀ ਹੈ ਜਿਵੇਂ ਕੋਈ ਵਿਅਕਤੀ ਬਹੁਤ ਸੋਹਣੇ ਕੱਪੜੇ ਗਹਿਣੇ ਪਾ ਲੈਂਦਾ ਹੈ। ਉਸਦੀ ਆਪਣੀ ਅਹਿਮੀਅਤ ਘਟ ਜਾਂਦੀ ਹੈ। ਹਰ ਕੋਈ ਮਿਲਣ ਵਾਲਾ ਕੱਪੜਿਆ ਅਤੇ ਗਹਿਣਿਆਂ ਦੀ ਸਿਫ਼ਤ ਕਰਦਾ ਹੈ। ਪ੍ਰੰਤੂ ਪਹਿਨਣ ਵਾਲਾ ਕਿਸੇ ਨੂੰ ਦਿਖਾਈ ਨਹੀਂ ਦਿੰਦਾ। ਇਸੇ ਤਰ੍ਹਾਂ ਜਦੋਂ ਕਿਸੇ ਦਾ ਬੁੱਤ ਬਣਾ ਦਿੱਤਾ ਜਾਂਦਾ ਹੈ। ਫਿਰ ਉਸ ਬੁੱਤ ਬਣਾਉਣ ਵਾਲੇ ਦੀ ਕਲਾ ਦੀ

ਅਤੇ ਚੰਗੇ ਵਿਅਕਤੀ ਦਾ

ਚਰਚਾ ਵੱਧ ਕੀਤੀ ਜਾਂਦੀ ਹੈ। ਜਿਸ ਦਾ ਬੁੱਤ ਬਣਾਇਆ ਜਾਂਦਾ ਹੈ। ਉਸਦੀ ਵਿਚਾਰਧਾਰਾ ਬੁੱਤਘਾੜੇ ਦੀ ਕਲਾਕਾਰੀ ਪਿੱਛੇ ਚਲੇ ਜਾਂਦੀ ਹੈ। ਜਿੰਨੇ ਵੀ ਮਹਾਨ ਹਸਤੀਆਂ ਦੇ ਬੁੱਤ ਬਣੇ ਹੋਏ ਹਨ। ਉਨ੍ਹਾਂ ਦੀ ਵਿਚਾਰਧਾਰਾ ਜ਼ਿਆਦਾਤਰ ਕੁਰਾਹੇ ਪਈ ਹੋਈ ਦੇਖ ਸਕਦੇ ਹਾਂ। ਬੁੱਤ ਮਾੜੇ ਕਿਰਦਾਰ ਵਾਲੇ ਵਾਸਤੇ ਉਸਦੀ ਅਸਲੀ ਮੌਤ ਬਣ ਜਾਂਦਾ ਹੈ। ਕਿਉਂਕਿ ਉਸ ਦੀ ਵਿਚਾਰਧਾਰਾ ਵਿੱਚ ਵੀ ਖੜੋਤ ਆ ਜਾਂਦੀ ਹੈ। ਵਿਚਾਰਾਂ ਤੇ ਅਮਲ ਦੀ ਪ੍ਰਕਿਰਿਆ ਸ਼ਰਧਾ ਵਿਚ ਤਬਦੀਲ ਹੋ ਜਾਂਦੀ ਹੈ। ਸਿਰਫ਼ ਸ਼ਰਧਾ ਕਿਸੇ ਦਾ ਕੁਝ ਨਹੀਂ ਸੁਧਾਰ ਸਕਦੀ। ਵਿਚਾਰਧਾਰਾ ਅੱਗੇ ਨਹੀਂ ਵਧ ਸਕਦੀ। ਸਹਿਜ ਤਰੀਕੇ ਨਾਲ ਵਿਰੋਧੀਆਂ ਵਲੋਂ ਵਿਚਾਰਧਾਰਾਂ ਤੋਂ ਸ਼ਖ਼ਸੀਅਤ ਨਾਲ ਲੋਕਾਂ ਨੂੰ ਜੋੜਨ ਦਾ ਕਾਰਜ ਕੀਤਾ ਜਾਂਦਾ ਹੈ। ਸ਼ਖ਼ਸੀਅਤ ਤੋਂ ਵੀ ਇੱਕ ਆਮ ਵਿਅਕਤੀ ਤੱਕ ਪਹੁੰਚਾ ਦਿੱਤਾ ਜਾਂਦਾ ਹੈ। ਲੋਕ ਉਸਦੇ ਵਿਚਾਰਾਂ ਦੀ ਬਜਾਏ ਚਿਹਰੇ ਦੀ ਪਛਾਣ ਤੱਕ ਸੀਮਤ ਹੋ ਜਾਂਦੇ ਹਨ। ਉਸਦੇ ਨਾਮ ਨੂੰ ਐਨਾ ਉਭਾਰਿਆ ਜਾਂਦਾ ਹੈ ਕਿ ਉਸਦੇ ਵਿਚਾਰਾਂ ਤੇ ਅਮਲ ਕਰਕੇ ਉਸਦੇ ਵਰਗਾ ਬਣਨ ਦੀ ਕੋਸ਼ਿਸ਼ ਕਰਨਾ ਛੱਡ ਦਿੰਦੇ ਹਨ। ਆਪਣੀ ਦਿੱਖ ਨੂੰ ਉਸ ਵਰਗਾ ਕਰਕੇ ਜੀਵਨ ਜੀਊਣ ਲੱਗਦੇ ਹਨ। ਉਹਦੀ ਮੂਰਤ ਜਾਂ ਮੂਰਤੀ ਘਰ ਵਿਚ ਰੱਖ ਕੇ ਜਾਂ ਗਲੇ ਵਿਚ ਲਟਕਾ ਕੇ ਜਾਂ ਫਿਰ ਸਾਂਝੀ ਥਾਂ ਤੇ ਲੱਗੀ ਮੂਰਤੀ ਦੇ ਗਲੇ 'ਚ ਸਾਲ-ਛੇ ਮਹੀਨੀ ਹਾਰ ਪਾ ਕੇ ਜਾਂ ਪੈਰਾਂ 'ਚ ਫੁੱਲ ਧਰ ਕੇ ਹੀ ਤਸੱਲੀ ਪ੍ਰਗਟ ਕਰ ਲੈਂਦੇ ਹਨ।

ਪ੍ਰੰਤੂ ਜਿਹੜੇ ਲੋਕ ਵਿਚਾਰਾਂ ਤੇ ਅਮਲ ਕਰਦੇ ਹਨ। ਉਹ ਮਹਾਨ ਵਿਅਕਤੀਆਂ ਦੇ ਕਾਰਜ ਨੂੰ ਅੱਗੇ ਵੱਲ ਲੈ ਜਾਂਦੇ ਹਨ। ਉਹ ਵਿਚਾਰਾਂ ਤੇ ਅਮਲ ਕਰਕੇ ਉਸ ਦਾ ਸਹੀ ਰੂਪ ਵਿੱਚ ਸਨਮਾਨ ਕਰਦੇ ਹਨ। ਜਿਸ ਦਾ ਨਤੀਜਾ ਉਨ੍ਹਾਂ ਦੀ ਵਿਚਾਰਧਾਰਾ ਦਾ ਅਗਲਾ ਕਦਮ ਹੁੰਦਾ ਹੈ ਕਿਉਂਕਿ ਜਿਹੜਾ ਵੀ ਕੋਈ ਮਹਾਨ ਹਸਤੀਆਂ ਦੇ ਵਿਚਾਰਾਂ ਦੇ ਅਮਲ ਕਰੇਗਾ। ਉਸ ਨੂੰ ਅਮਲ ਕਰਦਿਆਂ ਹੋਰ ਨਵੇਂ ਤਜਰਬੇ ਹੋਣਗੇ। ਨਵੇਂ ਸਿੱਟੇ ਪ੍ਰਾਪਤ ਹੁੰਦੇ ਹਨ। ਜਿਸ ਤੋਂ ਉਸਦੇ ਗਿਆਨ ਵਿੱਚ ਹੋਰ ਵਾਧਾ ਹੋਵੇਗਾ ਤੇ ਵਿਸ਼ਵਾਸ ਵਧੇਗਾ। ਉਹ ਮੌਕੇ ਦੀਆਂ ਪ੍ਰਸਥਿਤੀਆਂ ਨੂੰ ਸਮਝ ਕੇ ਕੰਮ ਕਰੇਗਾ। ਉਹ ਹੀ ਮਹਾਨ ਵਿਅਕਤੀ ਬਣਿਆ ਹੈ। ਜਿਸ ਨੇ ਆਪਣੇ ਸਮੇਂ ਦੀਆਂ ਹਾਲਤਾਂ, ਜਾਣਕਾਰੀ ਦੇ ਸਰੋਤਾਂ, ਸਾਧਨਾਂ ਤੇ ਆਪਣੀ ਸਮਰੱਥਾ ਮੁਤਾਬਕ ਕੰਮ ਕੀਤਾ ਹੈ। ਜੇਕਰ ਕੋਈ ਅੱਜ ਵੀ ਮਾਨਵਵਾਦੀ ਸੋਚ ਨੂੰ ਸਮਰਪਿਤ ਹੋ ਕੇ ਕੰਮ ਕਰ ਰਿਹਾ ਹੈ ਤਾਂ ਉਹ ਕੱਲ੍ਹਵ ਨੂੰ ਮਹਾਨ ਹਸਤੀਆਂ ਵਿਚ ਸ਼ਾਮਲ ਹੋ ਜਾਵੇਗਾ। ਜਿਸ ਲਈ ਮੁਸ਼ਕਲਾਂ ਦੇ ਸਨਮੁੱਖ ਹੋਣਾ ਪੈਂਦਾ ਹੈ। ਆਪਣਾ ਹਿੱਤ ਤਿਆਗਣਾ ਪੈਂਦਾ ਹੈ। ਨਿੱਜ ਹਿੱਤ ਨੂੰ ਉਦੇਸ਼ ਮੰਨ ਕੇ ਕਿੰਨਾ ਵੀ ਕੋਈ ਕੰਮ ਕਰੇ ਉਹ ਮਹਾਨ ਨਹੀਂ ਬਣ ਸਕਦਾ। ਜਿਸ ਵੀ ਵਿਅਕਤੀ ਨੂੰ ਅੱਜ ਪੂਜਿਆ ਜਾ ਰਿਹਾ ਹੈ। ਮਹਾਨ ਕਿਹਾ ਜਾ ਰਿਹਾ ਹੈ। ਉਹ ਆਪਣੇ ਲੋਕਪੱਖੀ ਕੰਮਾਂ ਕਰਕੇ ਮਹਾਨ ਬਣੇ ਹਨ। ਸਿਰਫ਼ ਤਾਂ ਸਿਰਫ਼ ਭਾਸ਼ਣ ਕਰਕੇ ਨਹੀਂ। ਜਾਂ ਉਹ ਨਹੀਂ

ਜਿਹੜੇ ਸਿਰਫ਼ ਪੂਜਾ ਤੇ ਹੀ ਟੇਕ ਰੱਖਦੇ ਹਨ। ਭਾਵ ਹੱਥ ਹੀ ਜੋੜਦੇ ਹਨ, ਮੱਥੇ ਹੀ ਘਸਾਉਂਦੇ ਹਨ। ਮਾਲਾ ਫੇਰਦੇ, ਧੂਫ਼ ਧੁਖਾਈ ਰੱਖਦੇ ਹਨ। ਪੂਜਾ ਦਾ ਪਾਖੰਡ ਤਾਂ ਉਹ ਲੋਕ ਕਰਦੇ ਹਨ ਜਿਹੜੇ ਸਵਾਰਥੀ, ਮਤਲਬੀ, ਅੰਧ ਵਿਸ਼ਵਾਸੀ, ਅਗਿਆਨੀ ਹੁੰਦੇ ਹਨ। ਉਹ ਕਿਸੇ ਦਾ ਕੁਝ ਨਹੀਂ ਸੰਵਾਰਨਾ ਚਾਹੁੰਦੇ ਹੁੰਦੇ। ਉਨ੍ਹਾਂ ਦਾ ਮਤਲਬ ਤੇ ਮਕਸਦ ਆਪਣੇ ਤੱਕ ਹੀ ਸੀਮਤ ਹੁੰਦਾ ਹੈ। ਉਹ ਸਮੁੱਚੇ ਵਰਤਾਰੇ ਪ੍ਰਤੀ ਅਣਜਾਣ ਜਾਂ ਸ਼ੈਤਾਨ ਬਣੇ ਹੋਏ ਹੁੰਦੇ ਹਨ। ਉਹ ਸਿਰਫ਼ ਕਿਸੇ ਦੇ ਗੁਣਗਾਣ ਚਾਪਲੂਸੀ ਕਰਕੇ ਹੀ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੁੰਦੇ ਹਨ। ਉਹਨਾਂ ਵਿੱਚ ਕਿਸੇ ਵਾਸਤੇ ਭੋਰਾ ਭਰ ਵੀ ਕੁਰਬਾਨੀ ਕਰਨ ਦੀ ਭਾਵਨਾ ਨਹੀਂ ਹੁੰਦੀ।

ਐਪਰ ਅੱਜ ਜਿਸ ਦੀਆਂ ਵੀ ਮੂਰਤੀਆਂ ਨੂੰ ਪੂਜਿਆਂ ਜਾ ਰਿਹਾ ਹੈ। ਉਹਨਾਂ ਦੀ ਵਿਚਾਰਧਾਰਾ ਨੂੰ ਅਹਿਮੀਅਤ ਦੇਣ ਦੀ ਜ਼ਰੂਰਤ ਹੈ। ਉਸ ਨੂੰ ਉਭਾਰਨ ਦੀ ਜ਼ਰੂਰਤ ਹੈ। ਵਿਚਾਰਨ ਦੀ ਲਾਜ਼ਮੀ ਲੋੜ ਹੈ। ਜਿਨ੍ਹਾਂ ਦੀ ਵਿਚਾਰਧਾਰਾ ਮਾਨਵਵਾਦੀ ਹੋਵੇਗੀ, ਉਨ੍ਹਾਂ ਦੀਆਂ ਹੀ ਮੂਰਤੀਆਂ ਮਹਾਨ ਸਖਸ਼ੀਅਤਾਂ ਦੇ ਰੂਪ 'ਚ ਕਾਇਮ ਰਹਿਣਗੀਆਂ। ਜੇਕਰ ਇਸ ਦੇ ਉਲਟ ਹੋਇਆ ਤਾਂ ਮੂਰਤੀਆਂ ਤੋੜਨ ਲੱਗਿਆ ਲੋਕ ਦੇਰ ਨਹੀਂ ਲਾਉਣਗੇ। ਇਹ ਸਮੇਂ ਦੀ ਲੋੜ ਹੈ। ਇਸ ਦਾ ਆਰੰਭ ਸਿਆਣੇ, ਬੁੱਧੀਜੀਵੀ ਲੋਕਾਂ ਨੂੰ ਅੱਜ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ। ਨਿਧੱੜਕ ਹੋ ਕੇ ਲੋਕ ਹਿੱਤ ਵਿੱਚ ਸੱਚ ਨੂੰ ਲੋਕਾਂ ਸਾਹਮਣੇ ਕਰਨਾ ਚਾਹੀਦਾ ਹੈ। ਫ਼ੈਸਲਾ ਉਨ੍ਹਾਂ 'ਤੇ ਹੀ ਛੱਡ ਦੇਣਾ ਚਾਹੀਦਾ ਹੈ।

ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਮੂਰਤੀਆਂ ਪੂਜਣ ਪ੍ਰੇਰਤ ਕਰਨ ਵਾਲੇ ਲੋਕ ਨਿੱਜ ਪ੍ਰਸਤ ਹੁੰਦੇ ਹਨ। ਅੰਧ-ਵਿਸ਼ਵਾਸੀ ਹੁੰਦੇ ਹਨ। ਸਵਾਰਥੀ ਹੁੰਦੇ ਹਨ। ਇਹ ਉਹ ਵਿਅਕਤੀ ਹੁੰਦੇ ਹਨ, ਜੋ ਕਿਸੇ ਲਈ ਕੁਝ ਨਹੀਂ ਕਰਨਾ ਚਾਹੁੰਦੇ ਹੁੰਦੇ। ਪਰ ਆਪ ਕਿਸੇ ਦੂਸਰੀ ਸ਼ਖ਼ਸੀਅਤ ਦੇ ਕੀਤੇ ਦਾ ਮੁੱਲ ਵੱਟਣ ਵਾਲੇ ਹੁੰਦੇ ਹਨ। ਉਹ ਉਸ ਹਸਤੀ, ਦੇਵੀ, ਦੇਵਤੇ ਦੀ ਮੂਰਤੀ ਨੂੰ ਹੀ ਮੰਜ਼ਿਲ ਮੰਨ ਕੇ ਚਲਦੇ ਹਨ। ਬਿਨਾਂ ਹੱਥ ਹਿਲਾਇਆਂ ਹੀ ਹੋਰ ਲੋਕਾਂ ਨੂੰ ਮੂਰਖ ਬਣਾ ਕੇ, ਆਪਣਾ ਪੇਟ ਪਾਲਣਾ ਚਾਹੁੰਦੇ ਹੁੰਦੇ ਹਨ। ਉਨ੍ਹਾਂ ਨੂੰ ਹੋਰ ਲੋਕਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਉਹ ਹੋਰਨਾਂ ਪ੍ਰਤੀ ਸੋਚ-ਵਿਚਾਰ ਕਰਨੀ ਵੀ ਤਿਆਗ ਦਿੰਦੇ ਹਨ। ਉਹ ਸਬਰਹਿੱਤ ਵਾਲੇ ਵਿਚਾਰਾਂ ਤੇ ਅਮਲ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੇ। ਕਿਉਂਕਿ ਉਨ੍ਹਾਂ ਦਾ ਮਕਸਦ ਰੁਪਿਆ ਕਮਾਉਣਾ ਹੁੰਦਾ ਹੈ। ਉਹ ਜਿਥੇ ਚੰਗੀ ਹਸਤੀ ਦੇ ਪਰਦੇ ਹੇਠ ਆਪਣੇ ਕਪਟ ਨੂੰ ਲੁਕਾਈ ਰੱਖਦੇ ਹਨ। ਉਥੇ ਮਾੜੀ ਸ਼ਖ਼ਸੀਅਤ ਨੂੰ ਮਹਾਨ, ਕਰਾਮਾਤੀ, ਸ਼ਕਤੀਵਾਨ ਦੱਸ ਕੇ ਝੂਠੇ ਪ੍ਰਚਾਰ ਨਾਲ ਲੋਕਾਂ ਨੂੰ ਗੁੰਮਰਾਹ ਕਰਕੇ ਆਪਣਾ ਉੱਲੂ ਸਿੱਧਾ ਕਰਦੇ ਰਹਿੰਦੇ ਹਨ। ਲਾਈ ਲੱਗ ਲੋਕ ਆਪਣੀ ਲੁੱਟ ਕਰਵਾਈ ਜਾਂਦੇ ਹਨ।

ਜਿਹੜੇ ਲੋਕ ਕਿਸੇ (ਅਸਲੀ ਵਿਅਕਤੀ) ਸਖਸ਼ੀਅਤ ਦੀ ਪੂਜਾ ਕਰਦੇ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਵੀ ਇਹੋ ਹੁੰਦਾ ਹੈ। ਆਪਣਾ ਮਤਲਬ ਹੱਲ ਕਰਨ ਬਾਬਤ ਮਾੜੇ

ਤੋਂ ਮਾੜੇ ਬੰਦੇ ਦੇ ਵੀ ਗੁਣ ਗਾਉਂਦੇ ਹਨ। ਉਸ ਦੇ ਘਟੀਆ ਕਿਰਦਾਰ ਨੂੰ ਪਾਸੇ ਰੱਖ ਕੇ ਉਸਦੇ ਘਰ, ਗਹਿਣੇ, ਕੱਪੜੇ, ਕਾਰ, ਕੋਠੀ ਆਦਿ ਦੁਆਰਾ ਉਸਦੀ ਪ੍ਰਸੰਸਾ ਕਰਦੇ ਹਨ। ਉਹਦੇ ਚਿਹਰੇ 'ਤੇ ਭਾਵੇਂ ਚਪੇੜ ਮਾਰਨ ਨੂੰ ਜੀਅ ਨਾ ਕਰੇ ਪਰ ਉਸ ਨੂੰ ਸਭ ਤੋਂ ਸੋਹਣੀ ਦਿੱਖ ਵਾਲਾ ਕਿਸੇ ਨਾ ਕਿਸੇ ਬਹਾਨੇ ਕਹਿਣ ਤੱਕ ਜਾਂਦੇ ਹਨ। ਪਰ ਜਿੱਥੇ ਕਿਸੇ ਦੇ ਸਹੀ ਕਿਰਦਾਰ, ਕੰਮ ਦੀ ਪ੍ਰਸ਼ੰਸਾ ਸ਼ਾਬਾਸ਼ ਦੇਣ ਵਰਗਾ ਕਾਰਜ ਹੁੰਦਾ ਹੈ। ਉਸਦਾ ਹੌਸਲਾ ਵਧਾਉਣ ਦਾ ਯਤਨ ਹੁੰਦਾ ਹੈ। ਉੱਥੇ ਕਿਸੇ ਦੀ ਚਾਪਲੂਸੀ ਦਾ ਮਤਲਬ ਇਸ ਦੇ ਬਿਲਕੁੱਲ ਉਲਟ ਹੁੰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਖ਼ੁਸ਼ਾਮਦ ਕਰਨ ਅਤੇ ਕਰਵਾਉਣ ਵਾਲਾ ਦੋਨੋਂ ਹੀ ਭ੍ਰਿਸ਼ਟ ਹੁੰਦੇ ਹਨ। ਉਨ੍ਹਾਂ ਦਾ ਰਿਸ਼ਤਾ ਮਤਲਬ ਹੱਲ ਤੱਕ ਹੀ ਹੁੰਦਾ ਹੈ।

ਇਸ ਲਈ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਮੂਰਤੀ ਪੂਜਾ ਕਰਨ ਵਾਲੇ ਜਾਂ ਤਾਂ ਅਣਜਾਨ ਹਨ ਜਾਂ ਸ਼ੈਤਾਨ ਦਾ ਰੋਲ ਨਿਭਾਅ ਰਹੇ ਹਨ। ਮੂਰਤੀਆਂ ਸਥਾਪਿਤ ਕਰਨਾ, ਮੂਰਤੀ ਪੂਜਾ ਲਈ ਪ੍ਰੇਰਤ ਕਰਨਾ। ਜਿੱਥੇ ਮਹਾਨ ਸਖਸ਼ੀਅਤ ਦੇ ਵਿਰੋਧ ਵਿਚ ਹੈ। ਉਥੇ ਮਾੜੀ ਹਸਤੀ ਦੇ ਹੱਕ ਵਿਚ ਹੈ। ਕਿਉਂਕਿ ਇਸ ਤਰੀਕੇ ਨਾਲ ਮਾੜੀ ਹਸਤੀ ਦੀ ਵਿਚਾਰਧਾਰਾ ਪਰਦੇ ਹੇਠ ਆ ਜਾਂਦੀ ਹੈ। ਮਹਾਨ ਵਿਅਕਤੀ ਦੀ ਵਿਚਾਰਧਾਰਾ ਖੜ੍ਹੋਤ ਵਿਚ ਚਲੇ ਜਾਂਦੀ ਹੈ। ਬੁੱਤ ਸ਼ਰਧਾਲੂ ਪੈਦਾ ਕਰਦਾ ਹੈ। ਪੈੜ ਤੇ ਪੈਰ ਰੱਖ ਕੇ ਅੱਗੇ ਵਧਣ ਵਾਲੇ ਕਾਰਕੁਨ, ਪਾਂਧੀ ਨਹੀਂ ਪੈਦਾ ਕਰਦਾ। ਸ਼ਰਧਾਲੂ ਸਿਰਫ਼ ਆਪਣੇ ਆਪ ਤੱਕ ਹੀ ਸੀਮਤ ਹੁੰਦੇ ਹਨ। ਉਨ੍ਹਾਂ ਵਿਚ ਕੁਰਬਾਨੀ ਦਾ ਜਜ਼ਬਾ ਸਮੁੱਚ ਵਾਲਾ ਨਹੀਂ ਹੁੰਦਾ। ਉਸ ਮੂਰਤੀ ਪ੍ਰਤੀ ਹੋ ਸਕਦਾ ਹੈ। ਜਿਸ ਨੂੰ ਉਹ ਆਪਣਾ ਸਹਾਰਾ ਸਮਝ ਰਹੇ ਹੁੰਦੇ ਹਨ। ਜੋ ਇਕ ਭਰਮ ਹੁੰਦਾ ਹੈ ਜਾਂ ਸ਼ੈਤਾਨੀਅਤ। ਜਿਹੜਾ ਕਰਮ, ਵਿਚਾਰਧਾਰਾ ਨਿੱਜ ਹਿੱਤ ਵਾਲੀ ਹੈ। ਜਿਸ ਦਾ ਆਧਾਰ ਹੀ ਅਗਿਆਨ ਹੈ। ਜੋ ਭ੍ਰਿਸ਼ਟ ਕਿਰਿਆ ਹੈ। ਉਹ ਕਿਸੇ ਦਾ ਤਾਂ ਕੀ ਅਸਲੀਅਤ ਵਿਚ ਮੂਰਤੀ ਪੂਜਕ ਦਾ ਵੀ ਭਲਾ ਨਹੀਂ ਕਰ ਸਕਦੀ। ਇਸ ਵਾਸਤੇ..........?

***

ਖੇਡਾਂ ਦਾ ਸੱਚ

ਸੂਰਜ ਦਾ ਚੜ੍ਹਨਾ, ਬੱਦਲ ਦਾ ਉੱਡਣਾ, ਬਰਫ਼ ਦਾ ਪੈਣਾ, ਮੀਂਹ ਦਾ ਵਰਨਾ, ਬਿਜਲੀ ਦਾ ਚਮਕਣਾ, ਬੱਦਲ ਦਾ ਗੜਕਣਾ, ਹੜ੍ਹ ਦਾ ਆਉਣਾ, ਪੱਤਿਆਂ ਦਾ ਝੜਨਾ, ਰੁੱਖਾਂ ਦਾ ਮੌਲਣਾ, ਕਰੂੰਬਲਾਂ ਦਾ ਫੁੱਟਣਾ, ਡੋਡੀ ਦਾ ਖਿੜਨਾ, ਫੁੱਲਾਂ ਦਾ ਕਿਰਨਾਂ, ਲਹਿਰਾਂ ਦਾ ਉੱਠਣਾ, ਸੁਨਾਮੀ ਦਾ ਆਉਣਾ, ਧੁੰਦ ਦਾ ਪੈਣਾ, ਕੋਰੇ ਦਾ ਜੰਮਣਾ, ਚੰਨ ਦਾ ਛਿਪਣਾ, ਤਾਰੇ ਦਾ ਟੁੱਟਣਾ, ਖਿੱਤੀਆਂ ਦਾ ਘੁੰਮਣਾ, ਭੂਚਾਲ ਦਾ ਆਉਣਾ, ਹਨ੍ਹੇਰੀ ਦਾ ਵਗਣਾ ਅਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਕੁਦਰਤ ਦੀਆਂ ਖੇਡਾਂ ਹਨ। ਇਹ ਬੇ-ਪਰਵਾਹ ਕਿਰਿਆਸ਼ੀਲ ਹਨ। ਇਨ੍ਹਾਂ ਵਿਚ ਕੁਝ ਵੀ ਬਨਾਵਟੀ ਨਹੀਂ। ਸਾਰੇ ਦਾ ਸਾਰਾ ਅਮਲ ਅਸਲ ਹੀ ਹੁੰਦਾ ਹੈ। ਸਭ ਕੁਝ ਮਖੌਟਿਆਂ ਤੋਂ ਮੁਕਤ। ਇਨ੍ਹਾਂ ਦੀ ਲਗਾਤਾਰਤਾ ਅਤੇ ਹਰ ਇਕ ਨਾਲ ਸਮਾਨ ਵਰਤਾਓ ਮਨੁੱਖ ਲਈ ਪ੍ਰੇਰਣਾ ਸਰੋਤ ਹਨ।

ਇਸੇ ਤਰ੍ਹਾਂ ਮਨੁੱਖ ਦਾ ਜਨਮ ਲੈਣਾ ਵੀ ਆਪਣੇ ਆਪ 'ਚ ਕੁਦਰਤ ਦੀ ਇਕ ਖੇਡ ਹੈ। ਮਨੁੱਖੀ ਜੀਵਨ ਨੂੰ ਖੇਡ ਦਾ ਨਾਂ ਦਿੱਤਾ ਜਾਂਦਾ ਹੈ। ਹੱਸਣ ਖੇਡਣ ਦੀ ਕਿਰਿਆ ਦਾ ਸਬੰਧ ਮਨ ਦੀ ਖੁਸ਼ੀ ਨਾਲ ਜੋੜਿਆ ਜਾਂਦਾ ਹੈ। ਅਸਲ ਵਿਚ ਹੱਸਣਾ ਇਕ ਖੇਡ ਹੈ। ਖੁਸ਼ੀ ਪ੍ਰੇਰਨਾ ਹੈ। ਸਿਰਫ਼ ਹੱਸਣ ਦੀ ਖੇਡ ਦਾ ਸੰਬੰਧ ਹੀ ਮਨ ਦੀ ਖੁਸ਼ੀ ਨਾਲ ਨਹੀਂ ਹੁੰਦਾ, ਸਗੋਂ ਹੋਰ ਸਰੀਰਕ ਕਿਰਿਆਵਾਂ ਦਾ ਵੀ ਹੁੰਦਾ ਹੈ। ਖੁਸ਼ੀ ਦੀ ਹਾਲਤ ਵਿਚ ਮਨੁੱਖ ਸਿਰਫ ਹੱਸਦਾ ਹੀ ਨਹੀਂ। ਉਹ ਮੁਸਕਰਾਉਂਦਾ ਵੀ ਹੈ। ਕਈ ਵਾਰ ਹੰਝੂ ਵੀ ਵਹਾਉਂਦਾ ਹੈ। ਨੱਚਦਾ, ਟੱਪਦਾ ਵੀ ਹੈ, ਰੋਂਦਾ ਵੀ ਹੈ, ਚੀਕਾਂ ਵੀ ਮਾਰਦਾ ਹੈ। ਇਸ ਦਾ ਸ਼ਿਖ਼ਰ ਹੈ ਕਿ ਉਹ ਪਾਗਲ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਦੁੱਖ ਦੇ ਮਾਹੌਲ ਵਿਚ ਵੀ ਵਾਪਰਦਾ ਹੈ। ਦੁੱਖੀ ਮਨੁੱਖ ਤੜਪਦਾ ਹੈ, ਲਿਟਦਾ ਹੈ। ਉਹ ਹੰਝੂ ਵਹਾਉਂਦਾ ਹੈ। ਚਿਲਾਉਂਦਾ ਵੀ ਹੈ। ਕਈ ਵਾਰ ਰੋਂਦਾ ਵੀ ਹੈ। ਕਿਸੇ ਹਾਲਤ ਵਿਚ ਹੱਸਣ ਵੀ ਲੱਗ ਸਕਦਾ ਹੈ। ਜੋ ਦੁੱਖ ਦਾ ਸ਼ਿਖ਼ਰ ਹੁੰਦਾ ਹੈ ਭਾਵ ਉਹ ਪਾਗਲ ਦੀ ਹਾਲਤ ਵਿਚ ਚਲਾ ਜਾਂਦਾ ਹੈ। ਦੁੱਖ-ਸੁੱਖ ਦੀਆਂ ਇਹ ਸਭ ਕਿਰਿਆਵਾਂ ਖੇਡਾਂ ਹਨ। ਇਨ੍ਹਾਂ ਖੇਡਾਂ ਦਾ ਸੰਬੰਧ ਮਨੁੱਖ ਦੀ ਅੰਦਰਲੀ ਸਥਿਤੀ ਨਾਲ ਸੰਬੰਧਤ ਹੈ। ਜੋ ਬਾਹਰੀ ਪ੍ਰਸਥਿਤੀਆਂ ਨੂੰ ਮਹਿਸੂਸ ਕਰਨ ਦੇ ਅਨੁਪਾਤ ਨਾਲ ਉਪਜਦੀਆਂ ਹਨ। ਹੱਸਣਾ, ਰੋਣਾ, ਨੱਚਣਾ, ਟੱਪਣਾ, ਬੋਲਣਾ, ਚੁੱਪ, ਚੀਕਣਾ, ਲਿਟਣਾ ਇਹ ਸਭ ਮਨੁੱਖ ਦੇ ਮਹਿਸੂਸ ਕਰਨ ਦੀ ਮਨੋਸਥਿਤੀ ਦਾ ਇਕ ਬਾਹਰੀ ਰੂਪ ਹੁੰਦਾ ਹੈ। ਅਸਲ ਖੇਡ ਵੀ।

ਜੇਕਰ ਇਨ੍ਹਾਂ ਕਿਰਿਆਵਾਂ ਨੂੰ ਕਿਸੇ ਨਿਯਮਾਂ ਤਹਿਤ ਰੰਗ ਰੂਪ ਦੇ ਕੇ ਪ੍ਰਦਰਸ਼ਤ

ਕੀਤਾ ਜਾਂਦਾ ਹੈ। ਉਸ ਨੂੰ ਖੇਡ ਨਹੀਂ ਕਿਹਾ ਜਾ ਸਕਦਾ। ਉਹ ਖੇਡ ਦੀ ਨਕਲ ਤਾਂ ਹੋ ਸਕਦੀ ਹੈ। ਪਾਬੰਦੀਆਂ ਵਿਚ ਰਹਿ ਕੇ ਹੱਸਿਆ ਤਾਂ ਕੀ ਰੋਇਆ ਵੀ ਨਹੀਂ ਜਾ ਸਕਦਾ। ਲੀਕਾਂ ਅੰਦਰ ਰਹਿ ਕੇ ਤਾਂ ਚੀਕ ਵੀ ਨਹੀਂ ਮਾਰੀ ਜਾ ਸਕਦੀ। ਕਹਿਣ ਦਾ ਮਤਲਬ ਹੱਸਣ, ਰੋਣ, ਚੀਕਣ, ਚੁੱਪ ਰਹਿਣ ਦੀਆਂ ਖੇਡਾਂ ਨੂੰ ਕਿਸੇ ਚਾਰਦੀਵਾਰੀ ਅੰਦਰ ਡੱਕਿਆ ਨਹੀਂ ਜਾ ਸਕਦਾ। ਹਾਂ, ਪਾਬੰਦੀਆਂ 'ਚ ਰਹਿ ਕੇ ਸਿਰਫ਼ ਨਾਟਕ ਕੀਤਾ ਜਾ ਸਕਦਾ ਹੈ। ਨਕਲ ਉਤਾਰੀ ਜਾ ਸਕਦੀ ਹੈ। ਭਰਮ ਪੈਦਾ ਕੀਤਾ ਜਾ ਸਕਦਾ ਹੈ, ਜੋ ਕਦੇ ਵੀ ਅਸਲ ਦੇ ਬਰਾਬਰ ਨਹੀਂ ਹੋ ਸਕਦੀ। ਨਕਲ ਤਾਂ ਨਕਲ ਹੀ ਹੁੰਦੀ ਹੈ। ਜਿਹੜੀਆਂ ਸਰੀਰਕ ਕਿਰਿਆਵਾਂ ਨੂੰ ਨਿਯਮਾਂ ਪਾਬੰਦੀਆਂ ਦੇ ਰਾਹੀਂ ਪ੍ਰਦਰਸ਼ਤ ਕੀਤਾ ਜਾਂਦਾ ਹੈ। ਉਹ ਖੇਡਾਂ ਨਹੀਂ ਹੁੰਦੀਆਂ। ਉਹਨਾਂ ਨੂੰ ਨਕਲਾਂ ਜਾਂ ਨਾਟਕ ਕਿਹਾ ਜਾਵੇਗਾ।

ਜਨਜੀਵਨ ਵਿਚ ਮਨੁੱਖ ਦੀ ਹੱਸਣ, ਮੁਸਕਰਾਉਣ ਵਾਲੀ ਖੇਡ ਨੂੰ ਚੰਗਾ ਸਮਝਿਆ ਜਾਂਦਾ ਹੈ। ਪਰ ਇਹ ਵੀ ਮੰਨਿਆ ਜਾਂਦਾ ਹੈ ਕਿ ਬਹੁਤ ਖ਼ੁਸ਼ੀ ਚੰਗੀ ਨਹੀਂ ਹੁੰਦੀ। ਜ਼ਿਆਦਾ ਅਤੇ ਬਹੁਤ ਜ਼ਿਆਦਾ ਖ਼ੁਸ਼ੀ ਪ੍ਰਾਪਤ ਕਰਨ ਤੇ ਮਨੁੱਖ ਦੀ ਹਾਲਤ ਦਾ ਜ਼ਿਕਰ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਪ੍ਰੰਤੂ ਕੀ ਸਾਵੀਂ ਖ਼ੁਸ਼ੀ ਭਾਵ ਹੱਸਣ ਦੀ ਖੇਡ ਲਈ ਹਾਲਾਤ ਸਭ ਲਈ ਸਾਜ਼ਗਾਰ ਹਨ? ਇਸ ਬਾਬਤ ਵਿਚਾਰਨ ਦੀ ਲਾਜ਼ਮੀ ਲੋੜ ਹੈ। ਇਸ ਖੇਡ ਵਾਸਤੇ ਪ੍ਰਸਥਿਤੀਆਂ ਸਾਜ਼ਗਾਰ ਨਹੀਂ। ਇਨ੍ਹਾਂ ਵਾਸਤੇ ਯਤਨ ਕਰਨ ਦੀ ਜ਼ਰੂਰਤ ਹੈ। ਸਾਵੀਂ ਖ਼ੁਸ਼ੀ ਹਾਸਲ ਕਰਨ ਲਈ ਘੱਟੋ-ਘੱਟ ਮਨੁੱਖ ਨੂੰ ਜੀਣ ਜੋਗੀ ਖ਼ੁਰਾਕ ਮਿਲਣੀ ਜ਼ਰੂਰੀ ਹੈ। ਜੇਕਰ ਕਿਸੇ ਦੀ ਭੁੱਖ ਹੀ ਤ੍ਰਿਪਤ ਨਹੀਂ ਹੋ ਰਹੀ ਤਾਂ ਫਿਰ ਹੱਸਣ ਦੀ ਖੇਡ, ਖ਼ੁਸ਼ ਹੋਣ ਦਾ ਮਾਹੌਲ ਪੈਦਾ ਨਹੀਂ ਹੋ ਸਕੇਗਾ। ਹੋਰ ਮੁੱਢਲੀਆਂ ਲੋੜਾਂ ਵਾਸਤੇ ਚਿੰਤਤ ਵਿਅਕਤੀ ਹੱਸ ਤਾਂ ਕੀ ਮੁਸਕਰਾ ਵੀ ਨਹੀਂ ਸਕਦਾ।

ਇਸ ਵਾਸਤੇ ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੇਸ਼ ਦੇ 84 ਕਰੋੜ ਲੋਕ ਭੁੱਖਮਰੀ ਵਰਗਾ ਜੀਵਨ ਬਤੀਤ ਕਰ ਰਹੇ ਹਨ। ਕਰਜ਼ਿਆਂ ਹੇਠ ਦੱਬੀ ਆਬਾਦੀ ਖ਼ੁਦਕੁਸ਼ੀਆਂ ਕਰਨ ਲਈ ਮਜ਼ਬੂਰ ਹੋ ਗਈ ਹੈ। ਡੇਢ ਕਰੋੜ ਬੱਚੇ ਬੰਧੂਆਂ ਮਜ਼ਦੂਰੀ ਕਰਨ ਲਈ ਬੇਵਸ ਹਨ। ਚੌਂਦਾ ਕਰੋੜ ਬੱਚੇ ਮੁੱਢਲੀ ਸਿੱਖਿਆਂ ਤੋਂ ਵਾਂਝੇ ਗਲੀਆਂ, ਸੜਕਾਂ ਤੇ ਘੁੰਮ ਰਹੇ ਹਨ। 10 ਕਰੋੜ ਲੋਕ ਝੁੱਗੀਆਂ ਝੌਂਪੜੀਆਂ ਵਿਚ ਰਹਿ ਰਹੇ ਹਨ। ਪੀਣ ਵਾਲਾ ਸਾਫ ਪਾਣੀ ਨਾ ਮਿਲਣ ਕਾਰਨ ਭਾਰਤ ਅੰਦਰ 15 ਲੱਖ ਬੱਚੇ ਹਰ ਸਾਲ ਮਰ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿਚ ਔਰਤਾਂ ਵੇਸਵਾਵਾਂ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਬੇ-ਰੁਜ਼ਗਾਰਾਂ ਦੀ ਫੌਜ਼ ਨਿਰਾਸ਼ ਹੋ ਨਸ਼ਿਆਂ, ਅਪਰਾਧਾਂ ਅਤੇ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਈ ਹੈ। ਗਰੀਬ ਲੋਕ ਮਹਿੰਗੇ ਇਲਾਜ ਖੁਣੋਂ ਤੜ੍ਹਪ-ਤੜ੍ਹਪ ਮਰ ਰਹੇ ਹਨ। ਐਸੇ ਹਾਲਾਤਾਂ ਵਿਚ ਰਹਿ ਰਹੇ ਕਿੰਨੇ ਲੋਕ ਹਾਸੇ ਦੀ ਖੇਡ, ਖੇਡ ਸਕਦੇ ਹਨ? ਕੀ ਇਕ ਬੇ-ਰੁਜ਼ਗਾਰ ਵਿਅਕਤੀ ਖ਼ੁਸ਼ ਹੋਵੇਗਾ? ਇਹਨਾਂ ਦਾ ਜਵਾਬ ਨਾਂਹ ਵਿਚ ਦਿੱਤਾ ਜਾਵੇਗਾ।

ਜਿਹੜੇ ਲੋਕ ਉਪਰੋਕਤ ਹਾਲਤਾਂ ਬਾਬਤ ਕੁਝ ਵੀ ਨਹੀਂ ਕਰਨਾ ਚਾਹੁੰਦੇ।

ਉਹਨਾਂ ਵਰਗੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਦੇ ਰੂਪ ਵਿਚ ਵਿਚਰ ਰਹੇ ਹਨ। ਹਰ ਸਾਲ ਲੱਖਾਂ-ਕਰੋੜਾਂ ਰੁਪਇਆ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ਤੇ ਬਰਬਾਦ ਕੀਤਾ ਜਾ ਰਿਹਾ ਹੈ। ਜੇਕਰ ਇਸ ਖਰਚ ਹੋਏ ਪੈਸੇ ਦੀ ਪ੍ਰਾਪਤੀ ਵੇਖੀ ਜਾਵੇ ਤਾਂ ਉਹ ਸਿਫ਼ਰ ਹੁੰਦੀ ਹੈ। ਹਾਂ, ਇਸ ਬਹਾਨੇ ਕੁਝ ਲੋਕ ਕਬੂਤਰਬਾਜ਼ੀ, ਨਸ਼ਿਆਂ ਦੀ ਸਮਗਲਿੰਗ, ਕਾਲੇ ਧਨ ਨੂੰ ਚਿੱਟੇ ਧਨ 'ਚ ਤਬਦੀਲ ਕਰਨ ਦੇ ਧੰਦੇ ਕਰ ਰਹੇ ਹਨ। ਜਾਂ ਲੋਕ ਭਲਾਈ ਕਰਨ ਦਾ ਪਾਖੰਡ ਕਰਕੇ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹਨ। ਆਪਣਾ ਮਨੋਰੰਜਨ ਕਰ ਰਹੇ ਹਨ। ਪੰਜਾਬ ਦੇ ਇਕ ਪਿੰਡ ਵਿਚ ਲਗਭਗ 50 ਲੱਖ ਤੋਂ ਵੱਧ ਰੁਪਏ ਖਰਚ ਕਰਕੇ ਖੇਡਾਂ ਮੇਲਾ ਕਰਵਾਇਆ ਜਾਂਦਾ ਹੈ। ਪਰ ਉਸ ਪਿੰਡ ਕੋਲੋਂ ਹਾਕੀ ਦੀ ਟੀਮ ਜਿੰਨੇ ਖਿਡਾਰੀ ਵੀ ਤਿਆਰ ਨਹੀਂ ਕਰਵਾਏ ਜਾ ਸਕੇ। ਨਾ ਹੀ ਅਸਲੀ ਅਤੇ ਨਾ ਹੀ ਨਕਲੀ। ਇਹ ਖੇਡ ਮੇਲੇ ਆਮ ਲੋਕਾਂ ਦੀ ਜ਼ਰੂਰਤ ਨਹੀਂ। ਇਸ ਕਰਕੇ ਹੀ ਖੇਡ ਮੇਲਿਆ ਤੇ ਇਕੱਠ ਕਰਨ ਲਈ ਸੌ-ਸੌ ਤਰ੍ਹਾਂ ਦੇ ਪਾਪੜ ਵੇਲਣੇ ਪੈ ਰਹੇ ਹਨ। ਦਰਸ਼ਕਾਂ ਨੂੰ ਇਕੱਤਰ ਕਰਨ ਲਈ ਗਾਇਕਾਂ, ਰਾਜਸੀ ਆਗੂਆਂ, ਫ਼ਿਲਮੀ ਐਕਟਰਾਂ ਅਤੇ ਪਰਚੀ ਪ੍ਰਬੰਧ (ਲਾਟਰੀ ਸਿਸਟਮ) ਰਾਹੀਂ ਦਰਸ਼ਕਾਂ ਨੂੰ ਇਨਾਮ ਦੇਣ ਦੇ ਢੰਗ ਅਪਣਾਏ ਤੇ ਅਜ਼ਮਾਏ ਜਾ ਰਹੇ ਹਨ। ਪ੍ਰੰਤੂ ਜੇ ਕਿਧਰੇ ਲੰਗਰ ਛਕਾਉਣ, ਮੁਫ਼ਤ ਮੈਡੀਕਲ ਕੈਂਪ ਲਗਾਉਣ ਜਾਂ ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਮਾਮਲੇ ਵਿਚ ਲੋਕਾਂ ਨੂੰ ਆਉਣ ਲਈ ਸੱਦਾ ਦਿੱਤਾ ਜਾਵੇ। ਫਿਰ ਦੇਖੋ ਨਿਸ਼ਚਿਤ ਥਾਂ ਉਪਰ ਦਿੱਤੇ ਸਮੇਂ ਤੋਂ ਪਹਿਲਾਂ ਹੀ ਭੀੜ ਜਮ੍ਹਾਂ ਹੋ ਜਾਂਦੀ ਹੈ। ਇਸ ਬਾਰੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਨੂੰ ਸੋਚਣ ਤੇ ਸਮਝਣ ਦੀ ਜ਼ਰੂਰਤ ਹੈ। ਜੇਕਰ ਖੇਡ ਮੇਲੇ ਲਗਵਾਉਣ ਵਾਲੇ ਆਮ ਲੋਕਾਂ ਪ੍ਰਤੀ ਸੱਚਮੁੱਚ ਚਿੰਤਤ ਹਨ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਪ੍ਰਤੀ ਕੋਈ ਹੀਲਾ ਵਸੀਲਾ ਕਰਨਾ ਚਾਹੀਦਾ ਹੈ। ਨਕਲੀ ਖੇਡਾਂ ਕਰਵਾਉਣ ਦੀ ਬਜਾਏ ਹਾਸੇ ਵੀ ਅਸਲ ਖੇਡ ਬਾਬਤ ਮਾਹੌਲ ਦੀ ਸਿਰਜਣਾ ਲਈ ਯਤਨ ਪਹਿਲ ਦੇ ਆਧਾਰ 'ਤੇ ਜੁਟਾਉਣੇ ਹੋਣਗੇ।

ਜੇਕਰ ਸੌ ਘਰਾਂ ਵਾਲੇ ਇਕ ਪਿੰਡ ਦੇ 80 ਘਰ ਭੁੱਖੇ ਵਿਲਕ ਰਹੇ ਹੋਣ। ਉਨ੍ਹਾਂ ਘਰਾਂ ਵਿਚੋਂ ਬੇਵੱਸ, ਬਿਮਾਰਾਂ ਦਾ ਰੋਣਾ, ਚੀਕਣਾ ਸੁਣਾਈ ਦਿੰਦਾ ਹੋਵੇ ਜਿਹੜੇ ਦੁੱਖ ਕਾਰਨ ਖੁਦਕੁਸ਼ੀਆਂ ਦੇ ਰਾਹ ਤੁਰ ਪਏ ਹੋਣ। ਕੀ ਉਸ ਪਿੰਡ ਦੇ ਸਾਧਨ ਸੰਪੰਨ ਵੀਹ ਘਰਾਂ ਨੂੰ ਨੱਚਣ, ਟੱਪਣ, ਖੇਡਣ ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਸ ਕੰਮ ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਉਨ੍ਹਾਂ ਘਰਾਂ ਦੇ ਲੋੜਵੰਦਾਂ ਲਈ ਕੋਈ ਸਹਾਇਤਾ ਕਰਨ ਦੀ ਜ਼ਰੂਰਤ ਹੈ। ਕਿਸ ਕੰਮ ਨੂੰ ਪਹਿਲ ਦੇਣੀ ਬਣਦੀ ਹੈ? ਚਾਹੀਦੀ ਤਾਂ ਇਹ ਹੈ ਕਿ ਉਹਨਾਂ ਨੂੰ ਆਪਣੇ ਸਮਝ ਕੇ ਲੋਕਾਂ ਦੀ ਸਾਰ ਲੈਣੀ ਚਾਹੀਦੀ ਹੈ। ਪ੍ਰੰਤੂ ਇੱਥੇ ਇੰਝ ਨਹੀਂ ਹੋ ਰਿਹਾ, ਕੀਤਾ ਨਹੀਂ ਜਾ ਰਿਹਾ। ਪਿੰਡ ਦੇ 20 ਪ੍ਰਤੀਸ਼ਤ ਲੋਕਾਂ ਨੂੰ ਦੂਜਿਆਂ ਦੀ ਕੋਈ ਚਿੰਤਾ ਹੀ ਨਹੀਂ ਹੈ। ਉਹ ਤਾਂ ਆਪਣੀ ਮਸਤੀ ਮਨਾ ਰਹੇ ਹਨ। ਖੇਡ ਮੇਲਿਆਂ ਅਤੇ ਹੋਰ ਸਾਧਨਾਂ ਰਾਹੀਂ ਮਨੋਰੰਜਨ ਕਰ ਰਹੇ ਹਨ। ਜੇਕਰ ਕੋਈ ਮਨੁੱਖ ਦੂਸਰੇ ਮਨੁੱਖ ਦਾ ਦੁੱਖ

ਸਮਝ ਕੇ ਉਸਦੇ ਲਈ ਕੁਝ ਕਰਨ ਲਈ ਤਿਆਰ ਨਹੀਂ ਤਾਂ ਕੀ ਉਸ ਨੂੰ ਸਹੀ ਜਾਂ ਚੰਗਾ ਮਨੁੱਖ ਕਿਹਾ ਜਾ ਸਕਦਾ ਹੈ? ਜਿਹੜੇ ਲੋਕ ਉਪਰੋਕਤ ਹਾਲਤਾਂ ਨੂੰ ਜਾਣਦੇ ਹੋਏ ਵੀ ਅਣਜਾਣ ਬਣ ਕੇ ਵਿਚਰ ਰਹੇ ਹਨ। ਕੀ ਉਨ੍ਹਾਂ ਨੂੰ ਸ਼ੈਤਾਨ ਦਾ ਦਰਜ਼ਾ ਦਿੱਤਾ ਜਾ ਸਕਦਾ ਹੈ, ਜਿਹੜਾ ਬੰਦਾ ਪਰ ਹਿੱਤ ਲਈ ਜ਼ਰੂਰੀ ਕੰਮ ਨੂੰ ਜ਼ਰੂਰੀ ਸਮਝ ਕੇ ਵੀ, ਆਪਣੀ ਬਣਦੀ ਨਿਭਾਉਣਯੋਗ, ਜ਼ਿੰਮੇਵਾਰੀ ਨਾ ਨਿਭਾਵੇ। ਕੀ ਉਸ ਗੈਰ-ਜ਼ਿੰਮੇਵਾਰ ਬੰਦੇ ਨੂੰ ਸਿਆਣਾ, ਸਮਝਦਾਰ ਕਿਹਾ ਜਾ ਸਕਦਾ ਹੈ? ਕੀ ਖੇਡਾਂ ਤੋਂ ਪਹਿਲਾਂ ਖੁਰਾਕ ਦਾ ਪ੍ਰਬੰਧ ਕਰਨਾ ਜ਼ਰੂਰੀ ਨਹੀਂ? ਜੇਕਰ ਭਾਰਤ ਵਰਗੇ ਅਮੀਰ ਦੇਸ਼ ਦੇ 83 ਕਰੋੜ 60 ਲੱਖ ਲੋਕ ਭੁੱਖਮਰੀ ਵਰਗਾ ਜੀਵਨ ਬਤੀਤ ਕਰ ਰਹੇ ਹਨ ਤਾਂ ਕੀ ਦੇਸ਼ ਦੇ ਆਗੂਆਂ, ਬੁੱਧੀਜੀਵੀਆਂ, ਸਿਆਸਤਦਾਨਾਂ, ਖੇਡ ਪ੍ਰਬੰਧਕਾਂ, ਧਾਰਮਿਕ ਆਗੂਆਂ, ਵੱਡੇ ਅਧਿਕਾਰੀਆਂ ਦੀ ਬੇ-ਇੱਜ਼ਤੀ ਵਾਲੀ ਗੱਲ ਨਹੀਂ? ਕੀ ਇਹ ਇਹਨਾਂ ਦੀ ਅਯੋਗਤਾ, ਸ਼ੈਤਾਨੀਅਤ, ਅਣਜਾਣਪੁਣੇ ਜਾਂ ਮਾੜੀ ਨੀਤ ਦਾ ਸਿੱਟਾ ਹੈ? ਜਾਂ ਕੁਝ ਹੋਰ।

ਇਸ ਦੇ ਨਾਲ ਹੀ ਇਹ ਵੀ ਸਵਾਲ ਜੁੜਦਾ ਹੈ ਕਿ ਇਹਨਾਂ ਅਖੌਤੀ ਖੇਡ ਮੇਲਿਆਂ ਦਾ ਕਿਸ ਨੂੰ ਕਿੰਨਾ ਲਾਭ ਹੋ ਰਿਹਾ ਹੈ? ਇਨ੍ਹਾਂ ਸਦਕੇ ਆਮ ਲੋਕਾਂ ਦੀਆਂ ਕਿਹੜੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾ ਰਿਹਾ ਹੈ? ਇਹ ਮੇਲੇ ਜਨਜੀਵਨ ਨੂੰ ਸੰਵਾਰਨ ਵਿਚ ਕਿੰਨਾ ਕੁ ਯੋਗਦਾਨ ਪਾ ਰਹੇ ਹਨ? ਅਸਲੀਅਤ ਵਿਚ ਸਪੱਸ਼ਟ ਤੌਰ 'ਤੇ ਲੋਕ ਹਿੱਤ ਵਿਚ ਤਾਂ ਕੁਝ ਵੀ ਸਾਹਮਣੇ ਨਹੀਂ ਆ ਰਿਹਾ। ਸਗੋਂ ਇਹ ਵੀ ਧਰਮ ਵਾਂਗੂੰ ਲੋਕਾਂ ਦੀ ਸੋਚਣ ਸ਼ਕਤੀ ਨੂੰ ਖੁੰਡਾ ਕਰਨ ਦਾ ਰੋਲ ਨਿਭਾ ਰਹੇ ਹਨ। ਜੋ ਰਾਜ ਕਰਨ ਵਾਲੀ ਧਿਰ ਦੇ ਹਿੱਤ ਵਿੱਚ ਹੈ। ਪ੍ਰੰਤੂ ਆਮ ਲੋਕਾਂ ਦੇ ਲਈ ਘਾਟੇ ਵਾਲਾ ਸੌਦਾ ਹੈ।

ਉਂਝ ਭਾਵੇਂ ਇਹਨਾਂ ਖੇਡਾਂ ਦਾ ਚਲਨ ਮਨੁੱਖੀ ਜੀਵਨ ਦੇ ਸ਼ੁਰੂਆਤੀ ਸਮੇਂ ਵਿਚ ਹੀ ਹੋ ਗਿਆ ਸੀ। ਜਦੋਂ ਮਨੁੱਖ ਅਜੇ ਜੰਗਲਾਂ ਵਿਚ ਹੀ ਰਹਿੰਦਾ ਸੀ। ਆਪਣੀ ਖੁਰਾਕ ਦਾ ਪ੍ਰਬੰਧ ਕਰਨ ਤੋਂ ਬਾਅਦ ਵਿਹਲੇ ਸਮੇਂ ਨਕਲੀ ਸ਼ਿਕਾਰ ਕਰਨ ਦੀਆਂ ਖੇਡਾਂ ਖੇਡਦਾ ਸੀ ਅਤੇ ਅਜਿਹੀਆਂ ਹੋਰ ਵੀ। ਫਿਰ ਉਸ ਨੇ ਜਾਨਵਰਾਂ ਨੂੰ ਆਪਸ ਵਿਚ ਲੜਾ, ਭਿੜਾ, ਦੌੜਾ ਕੇ ਮਨ ਪ੍ਰਚਾਵਾ ਕਰਨ ਦਾ ਢੰਗ ਲੱਭ ਲਿਆ। ਜਦੋਂ ਪੈਦਾਵਾਰ ਵਧਣ ਦੇ ਨਾਲ ਮਾਲਕ ਅਤੇ ਗੁਲਾਮਾਂ, ਦਾਸਾਂ ਦਾ ਪ੍ਰਬੰਧ ਹੋਂਦ ਵਿਚ ਆ ਗਿਆ। ਉਸ ਸਮੇਂ ਮਾਲਕਾਂ ਵਲੋਂ ਗੁਲਾਮ ਮਨੁੱਖਾਂ ਨੂੰ ਵੀ ਜਾਨਵਰਾਂ ਵਾਂਗੂੰ ਲੜਾ, ਭਿੜਾ, ਦੌੜਾ ਕੇ ਮਨੋਰੰਜਨ ਕੀਤਾ ਜਾਂਦਾ ਰਿਹਾ ਹੈ। ਇਥੋਂ ਤੱਕ ਕਿ ਇਕ-ਦੂਜੇ ਨੂੰ ਮਾਰਨ ਲਈ ਵੀ ਮਜ਼ਬੂਰ ਕਰ ਦਿੱਤਾ ਜਾਂਦਾ ਸੀ। ਹੌਲੀ-ਹੌਲੀ ਇਸ ਪ੍ਰਕਿਰਿਆਂ ਵਿਚ ਲਗਾਤਾਰ ਸੋਧਾਂ ਹੁੰਦੀਆਂ ਰਹੀਆਂ। ਜਿਹਨਾਂ ਦਾ ਨਤੀਜਾ ਅਜੋਕੀਆਂ ਖੇਡਾਂ ਦੇ ਰੂਪ ਵਿਚ ਵੇਖਣ ਨੂੰ ਮਿਲ ਰਿਹਾ ਹੈ। ਪ੍ਰੰਤੂ ਇਹਨਾਂ ਦਾ ਮੁੱਖ ਮਕਸਦ ਧਨਾਢ ਲੋਕਾਂ ਦਾ ਮਨੋਰੰਜਨ ਕਰਨਾ ਹੈ। ਅਮੀਰ ਲੋਕਾਂ ਦੇ ਕਿੰਨੇ ਬੱਚੇ ਹਨ, ਜੋ ਖੇਡਾਂ ਵਿਚ ਭਾਗ ਲੈ ਰਹੇ ਹਨ। ਮੱਧ-ਵਰਗੀ ਪਰਿਵਾਰਾਂ ਜਾਂ ਗਰੀਬ ਲੋਕਾਂ ਦੇ ਬੱਚੇ ਹੀ ਖਿਡਾਰੀ ਬਣਦੇ ਹਨ। ਉਨ੍ਹਾਂ ਨੂੰ ਜਾਨਵਰਾਂ

ਵਾਂਗੂੰ ਲੜਾਇਆ, ਭਿੜਾਇਆ, ਦੌੜਾਇਆ ਜਾਂਦਾ ਹੈ ਤੇ ਮਨੋਰੰਜਨ ਕੀਤਾ ਜਾਂਦਾ ਹੈ। ਖੁਸ਼ ਹੋ ਕੇ ਪੈਸੇ ਸੁੱਟੇ ਜਾ ਰਹੇ ਹਨ। ਜਿਵੇਂ ਘੋੜਿਆਂ ਦੀ ਦੌੜ ਤੇ ਜੂਆ ਖੇਡਿਆਂ ਜਾਂਦਾ ਹੈ। ਬਲਦਾਂ ਦੀਆਂ ਦੌੜਾਂ ਕਰਵਾਈਆਂ ਜਾਂਦੀਆਂ ਹਨ। ਕੁੱਕੜਾਂ ਨੂੰ ਲੜਾਇਆ ਜਾਂਦਾ ਹੈ।

ਹੁਣ ਇਹਨਾਂ ਖੇਡਾਂ ਦੇ ਹੱਕ ਵਿਚ ਹੋਰ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਖੇਡਾਂ ਮਨੁੱਖੀ ਸਿਹਤ ਦੀ ਤੰਦਰੁਸਤੀ ਵਾਸਤੇ ਬਹੁਤ ਜ਼ਰੂਰੀ ਹਨ। ਪਰ ਇਹ ਪ੍ਰਚਾਰ ਸਿਰਫ਼ ਰੱਜੇ-ਪੁੱਜੇ ਲੋਕਾਂ ਉਪਰ ਹੀ ਪੂਰਾ ਢੁਕਦਾ ਹੈ। ਵਿਹਲੇ ਰਹਿਣ ਵਾਲੇ ਅਮੀਰ ਲੋਕ ਜਿਹੜੇ ਹੱਥੀਂ ਕੰਮ ਕਰਨ ਨੂੰ ਪਾਪ ਸਮਝਦੇ ਸਨ ਅਤੇ ਹਨ। ਜਿਹਨਾਂ ਦੀਆਂ ਵਾਧੂ ਖਾ-ਖਾ ਵਿਹਲੇ ਰਹਿ ਕੇ ਗੋਗੜਾਂ ਬਾਹਰ ਨੂੰ ਆ ਰਹੀਆਂ ਹਨ। ਅਸਲ ਵਿਚ ਉਹਨਾਂ ਨੂੰ ਤੰਦਰੁਸਤ ਕਰਨ ਲਈ ਅੱਜ ਵੀ ਯੋਗਾਂ, ਖੇਡਾਂ ਅਤੇ ਸੈਰ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਆਪਣੇ ਹੱਥੀਂ ਸਰੀਰਕ ਕੰਮ ਕਰਨ ਵਾਲੇ ਨੂੰ ਨਾ ਖੇਡਾਂ ਦੀ ਲੋੜ ਹੈ ਨਾ ਯੋਗਾ ਦੀ ਜ਼ਰੂਰਤ। ਇੱਥੋਂ ਤੱਕ ਕਿ ਉਹਦੇ ਕੋਲ ਤਾਂ ਖੇਡਾਂ ਦੇਖਣ ਦਾ ਸਮਾਂ ਵੀ ਨਹੀਂ ਹੁੰਦਾ। ਪਰ ਪੈਸੇ ਨਾਲ ਪੈਸੇ ਕਮਾਉਣ ਵਾਲੇ ਆਪਣਾ ਵਿਹਲਾ ਸਮਾਂ ਇਹਨਾਂ ਖੇਡਾਂ ਆਸਰੇ ਬਤੀਤ ਕਰਦੇ ਹਨ। ਖੇਡ ਕੇ ਵੀ ਤੇ ਦੇਖ ਕੇ ਵੀ, ਪਰ ਆਪ ਉਹ ਹੱਥੀਂ ਕੰਮ ਕਰਨ ਨੂੰ ਬੁਰਾ ਸਮਝਦੇ ਹਨ। ਹੀਣ ਸਮਝਦੇ ਹਨ। ਪ੍ਰੰਤੂ ਕਿਸੇ ਧਾਰਮਿਕ ਸਥਾਨ ਤੇ ਜਾ ਕੇ ਜੁੱਤੀਆਂ ਵੀ ਸਾਫ਼ ਕਰਨ ਲੱਗ ਸਕਦੇ ਹਨ। ਉਂਝ ਆਮ ਜ਼ਿੰਦਗੀ ਵਿਚ ਕਹੀ ਫੜ ਕੇ ਵੀ ਕੋਈ ਕੰਮ ਕਰਨ ਨੂੰ ਤਿਆਰ ਨਹੀਂ ਹੁੰਦੇ। ਧਾਰਮਿਕ ਸਥਾਨ ਤੇ ਵੀ ਇਸ ਕਰਕੇ ਕਿ ਸਾਹਮਣੇ ਉਹਨਾਂ ਨੂੰ ਸਵਰਗ ਦਿਖਾਈ ਦਿੰਦਾ ਹੈ। ਐਪਰ ਆਪਣੇ ਘਰ ਦੇ ਨੇੜੇ ਦੀ ਪਾਰਕ ਦੀ ਸਾਫ-ਸਫਾਈ ਕਰਨ ਲਈ ਉਹ ਤਿਆਰ ਨਹੀਂ ਹੁੰਦੇ। ਭਾਵੇਂ ਉੱਥੇ ਸਵੇਰੇ-ਸ਼ਾਮ ਰੋਜ਼ ਸੈਰ ਕਰਦੇ ਹੋਣ। ਸਫ਼ਾਈ ਨਾ ਹੋਣ ਦੀ ਸੂਰਤ ਵਿਚ ਸ਼ਕਾਇਤ ਤਾਂ ਕਰ ਸਕਦੇ ਹਨ। ਸ਼ਿਕਾਇਤ ਕਰਨ ਦੇ ਬਾਵਜੂਦ ਸਫ਼ਾਈ ਨਾ ਹੋਣ ਤੇ ਪਾਰਕ ਤਾਂ ਹੋਰ ਬਦਲ ਸਕਦੇ ਹਨ। ਪ੍ਰੰਤੂ ਆਪ ਸਾਫ ਕਰਨ ਕੀ ਹਿੰਮਤ ਨਹੀਂ ਕਰਦੇ। ਕਿਉਂਕਿ ਇਸ ਸਾਫ਼-ਸਫਾਈ ਦੇ ਨੂੰ ਕੰਮ ਗੰਦਾ, ਨੀਚ ਕੰਮ ਸਮਝਦੇ ਹਨ। ਜਦੋਂ ਕਿ ਆਪਣਾ ਨੱਕ ਅਤੇ....।

ਹੁਣ ਇਨ੍ਹਾਂ ਖੇਡਾਂ ਨੂੰ ਨਾਂ ਤੇ ਨਾਵਾਂ ਕਮਾਉਣ ਦੇ ਤੌਰ 'ਤੇ ਵੀ ਪ੍ਰਚਾਰਿਆ ਤੇ ਵਰਤਿਆ ਜਾਣ ਲੱਗਾ ਹੈ। ਇਸ ਦੇ ਪਿੱਛੇ ਇੱਕ ਵੱਡੀ ਸਾਜਿਸ਼ ਹੈ। ਖਾਸ ਤੌਰ 'ਤੇ ਕ੍ਰਿਕਟ ਦੇ ਮੈਚਾਂ ਦਾ ਵਾਰ-ਵਾਰ ਪ੍ਰਬੰਧ ਕਰਨਾ ਇਹ ਇਸ ਖੇਡ ਪ੍ਰਤੀ ਸ਼ਰਧਾ ਦਾ ਪ੍ਰਤੀਕ ਨਹੀਂ ਹੈ। ਇਹ ਤਾਂ ਮੁਸ਼ਕਲਾਂ ਸਹਿ ਰਹੇ ਲੋਕਾਂ ਨੂੰ ਲੰਬਾ ਸਮਾਂ ਬੰਨ੍ਹ ਕੇ ਰੱਖਣ ਦੀ ਤਰਕੀਬ ਹੈ। ਕਹਿਣ ਦਾ ਮਤਲਬ ਮੁਸ਼ਕਲਾਂ ਤੋਂ ਧਿਆਨ ਲਾਂਭੇ ਕਰਨ ਦੀ ਯੁਗਤ ਦਾ ਹਿੱਸਾ ਹੈ। ਦੂਸਰੀਆਂ ਖੇਡਾਂ ਇਕ-ਦੋ ਘੰਟੇ ਵਿਚ ਹੀ ਖਤਮ ਹੋ ਜਾਂਦੀਆਂ ਹਨ। ਪ੍ਰੰਤੂ ਕ੍ਰਿਕਟ ਦੀ ਖੇਡ ਸਾਰਾ-ਸਾਰਾ ਦਿਨ ਚੱਲਦੀ ਰਹਿੰਦੀ ਹੈ। ਅਖ਼ਬਾਰਾਂ, ਟੀ.ਵੀ. ਰਾਹੀਂ

ਇਸ ਦੇ ਪ੍ਰਚਾਰ ਵਿਚ ਹੋਰ ਯੋਗਦਾਨ ਪਾਇਆ ਜਾਂਦਾ ਹੈ। ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਤੇ ਚਰਚਾ ਕਰਨ ਦ੍ਰਾ ਸਮਾਂ ਹੀ ਨਹੀ ਮਿਲਦਾ। ਜਿਹੜਾ ਸਮਾਂ ਮਿਲਦਾ ਹੈ। ਉਹ ਖੇਡ-ਖੇਡਣ ਤੇ ਲਾ ਦਿੰਦੇ ਹਨ ਕਿਉਂਕਿ ਖਿਡਾਰੀਆਂ ਨੂੰ ਕਰੋੜਾਂ ਰੁਪਏ ਦ ਮਿਲਦੇ ਇਨਾਮ ਨਵੀਂ ਪੀੜ੍ਹੀ ਨੂੰ ਬੱਲਾ ਚੁੱਕਣ ਲਈ ਮਜਬੂਰ ਕਰ ਦਿੰਦੇ ਹਨ। ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਕਾਬੂ ਕਰਨ ਵਿਚ ਇਸ ਦਾ ਵਿਸ਼ੇਸ਼ ਯੋਗਦਾਨ ਪੈ ਰਿਹਾ ਹੈ। ਦੂਜੀਆਂ ਖੇਡਾਂ ਪ੍ਰਤੀ ਨਾਂਹ-ਪੱਖੀ ਪਹੁੰਚ ਦਾ ਇਹੋ ਵੱਡਾ ਕਾਰਨ ਹੈ। ਕ੍ਰਿਕਟ ਖੇਡਾਂ ਦਾ ਮਕਸਦ ਵਕਤ ਗੁਜ਼ਾਰਨ ਅਤੇ ਮਨੋਰੰਜਨ ਕਰਨ ਵਿਚ ਸਭ ਤੋਂ ਵੱਧ ਸਹਾਈ ਹੋ ਰਹੀ ਹੈ। ਇਸੇ ਕਰਕੇ ਕ੍ਰਿਕਟ ਨੂੰ ਸਭ ਤੋਂ ਵੱਧ ਉਭਾਰਿਆ ਜਾ ਰਿਹਾ ਹੈ। ਜਿਹੜਾ ਗੁੱਸਾ ਜਵਾਨੀ ਨੇ ਸਮੇਂ ਦੀਆਂ ਸਰਕਾਰਾਂ, ਮੌਜੂਦਾ ਪ੍ਰਬੰਧ ਦੇ ਖਿਲਾਫ਼ ਵਰਤਣਾ ਹੁੰਦਾ ਹੈ ਉਹ ਬਾਲ (ਗੇਂਦ) ਅਤੇ ਬੱਲੇ ਦੀ ਭੇਂਟ ਚੜ੍ਹ ਜਾਂਦਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਰਕਾਰਾਂ ਇਨ੍ਹਾਂ ਦੇ ਮਸਲਿਆਂ ਪ੍ਰਤੀ ਗੰਭੀਰ ਹੋਣ ਦੀ ਥਾਂ ਬੇ-ਫ਼ਿਕਰ ਹੋ ਜਾਂਦੀਆਂ ਹਨ। ਇੰਝ ਇਹ ਖੇਡਾਂ ਲੋਕ ਵਿਰੋਧੀ ਬਣ ਜਾਂਦੀਆਂ ਹਨ।

ਇਹਨਾਂ ਖੇਡਾਂ ਦੀ ਹਾਰ ਜਿੱਤ ਨੂੰ ਦੇਸ਼ ਦੀ ਇੱਜ਼ਤ ਦਾ ਸਵਾਲ ਬਣਾ ਕੇ ਪ੍ਰਚਾਰਿਆਂ ਜਾਂਦਾ ਹੈ। ਪ੍ਰੰਤੂ ਜਦੋਂ ਦੁਨੀਆਂ ਭਰ ਦੇ ਦੇਸ਼ਾਂ ਦੀ ਸਮੁੱਚੀ ਕਾਰਗੁਜ਼ਾਰੀ ਬਾਰੇ ਰਿਪੋਰਟ ਜਾਰੀ ਹੁੰਦੀ ਹੈ। ਅਨਪੜ੍ਹਾਂ, ਬੇਰੁਜ਼ਗਾਰਾਂ ਮਰੀਜ਼ਾਂ, ਗਰੀਬਾਂ, ਭ੍ਰਿਸ਼ਟਾਚਾਰਾਂ, ਖੁਦਕੁਸ਼ੀਆਂ, ਭੁੱਖ ਨਾਲ ਮਰਨ ਵਾਲਿਆਂ, ਬੰਧੂਆਂ ਮਜ਼ਦੂਰਾਂ ਅਤੇ ਹੋਰ ਅੰਕੜਿਆਂ ਦੇ ਸਬੰਧ ਵਿਚ ਭਾਰਤ ਦਾ ਦਰਜਾ ਨਮੋਸ਼ੀ ਭਰਿਆ ਹੁੰਦਾ ਹੈ। ਕੀ ਉਸ ਸਮੇਂ ਦੇਸ਼ ਦੇ ਆਗੂਆਂ ਅਤੇ ਮੈਚ ਹਾਰਨ ਸਮੇਂ ਇੱਜ਼ਤ ਦਾ ਰੌਲਾ ਪਾਉਣ ਵਾਲਿਆਂ ਨੂੰ ਸ਼ਰਮ ਨਹੀਂ ਆਉਂਦੀ। ਕੀ ਇਹ ਬੇ-ਇੱਜ਼ਤੀ ਵਾਲੀ ਗੱਲ ਨਹੀਂ ਹੈ? ਜ਼ਿੰਦਗੀ ਵਿਚ ਅਨਪੜ੍ਹ, ਬੇ-ਰੁਜ਼ਗਾਰ, ਗਰੀਬ ਬੰਦੇ ਨੂੰ ਕੋਈ ਕਿੰਨੀ ਕੁ ਕਦਰ ਨਾਲ ਸੰਬੋਧਨ ਕਰਦਾ ਹੈ। ਗਰੀਬੀ ਤੋਂ ਵੱਡਾ ਕੋਈ ਪਾਪ, ਸਰਾਪ ਅਤੇ ਸਜ਼ਾ ਨਹੀਂ। ਫਿਰ ਸਿਰਫ ਇਕ ਟਰਾਫ਼ੀ, ਮੈਡਲ, ਕੱਪ ਹਾਰਨ ਨਾਲ ਇਸ ਤੋਂ ਵਧ ਹੋਰ ਕਿੰਨੀ ਕੁ ਬੇ-ਇੱਜ਼ਤੀ ਹੋ ਸਕਦੀ ਹੈ। ਇਕ ਮੈਡਲ ਜਿੱਤਣ ਨਾਲ ਦੇਸ਼ ਦੇ ਲੋਕਾਂ ਦੀ ਕਿਹੜੀ ਸਮੱਸਿਆ ਹੱਲ ਹੋ ਜਾਂਦੀ ਹੈ? ਜਿਸ ਕਰਕੇ ਹੋ-ਹੱਲਾ ਮਚਾਇਆ ਜਾਂਦਾ ਹੈ। ਕੱਛਾ ਵਜਾਈਆਂ ਜਾਂਦੀਆਂ ਹਨ। ਸੋਚਣ, ਸਮਝਣ, ਵਿਚਾਰਨ ਦੀ ਜ਼ਰੂਰਤ ਹੈ। ਆਮ ਲੋਕਾਈ ਦੇ ਪੱਲੇ ਕੀ ਪੈਂਦਾ ਹੈ? ਦੱਸ ਸਕਦੇ ਹੋ? ਜੇਕਰ ਮੈਚ ਜਿੱਤਣ ਜਾਂ ਹਾਰਨ ਨਾਲ ਆਮ ਆਦਮੀ ਨੂੰ ਕੋਈ ਲਾਭ ਨਹੀਂ ਹੋ ਰਿਹਾ, ਨਾ ਹੋਣਾ ਹੈ। ਫਿਰ ਕੁਝ ਗਿਣਤੀ ਦੇ ਲੋਕਾਂ ਦੀ ਖੁਸ਼ੀ ਨੂੰ ਸਾਰੇ ਦੇਸ਼ ਦੀ ਖੁਸ਼ੀ ਨਹੀਂ ਮੰਨਿਆ ਜਾ ਸਕਦਾ। ਨਾ ਹੀ ਨਿਰਾਦਰ।

ਖੇਡਾਂ ਪ੍ਰਤੀ ਕੂੜ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਕੀ ਸਿਰਫ਼ ਖੇਡਾਂ ਖੇਡਣ ਨਾਲ ਸਰੀਰ ਤੰਦਰੁਸਤ ਹੋ ਸਕਦਾ ਹੈ? ਨਹੀਂ। ਇਹ ਖੇਡਾਂ ਖੇਡਣ ਤੋਂ ਪਹਿਲਾਂ ਸਰੀਰ ਦਾ ਖੇਡਣ ਯੋਗ ਹੋਣਾ ਜ਼ਰੂਰੀ ਹੈ। ਜਿਸ ਵਾਸਤੇ ਸਭ ਤੋਂ ਪਹਿਲਾਂ

ਖ਼ੁਰਾਕ ਜ਼ਰੂਰੀ ਹੈ। ਕੋਈ ਵੀ ਭੁੱਖਾ ਅਤੇ ਬਿਮਾਰ ਵਿਅਕਤੀ ਖੇਡਣ ਦੇ ਯੋਗ ਨਹੀਂ ਮੰਨਿਆ ਜਾ ਸਕਦਾ। ਪ੍ਰੰਤੂ ਇਥੇ ਇਨ੍ਹਾਂ ਦੋਨਾਂ ਲੋੜਾਂ ਨੂੰ ਪੂਰੀਆਂ ਕਰਨ ਵੱਲ ਬਹੁਤ ਧਿਆਨ ਨਹੀਂ ਦਿੱਤਾ ਜਾਂਦਾ। ਸਿਰਫ਼ ਅਖੌਤੀ ਖੇਡਾਂ ਦੇ ਮੁਰੱਬੇ ਦਾ ਹੋਕਾ ਦਿੱਤਾ ਜਾ ਰਿਹਾ ਹੈ। ਜਿਸ ਨੂੰ ਸਾਰੀਆਂ ਬਿਮਾਰੀਆਂ ਦਾ ਇਲਾਜ ਅਤੇ ਤੰਦਰੁਸਤੀ ਦਾ ਰਾਜ ਦੱਸਿਆ ਜਾ ਰਿਹਾ ਹੈ। ਜਦੋਂ ਕਿ ਦੇਸ਼ ਦੀ 90% ਆਬਾਦੀ ਨੂੰ ਸਾਫ ਪੀਣ ਵਾਲਾ ਪਾਣੀ ਵੀ ਉਲਪਬਧ ਨਹੀਂ ਹੋ ਰਿਹਾ। ਲੋਕ ਦੂਸ਼ਿਤ ਪਾਣੀ ਪੀਣ ਕਾਰਨ ਬਿਮਾਰੀਆਂ ਦੀ ਗ੍ਰਿਫਤ ਵਿਚ ਆ ਰਹੇ ਹਨ। ਜਿਵੇਂ ਪੰਜਾਬ ਦੇ ਮਾਲਵਾ ਇਲਾਕੇ ਦਾ ਪਾਣੀ ਜ਼ਿਆਦਾ ਦੂਸ਼ਿਤ ਹੋ ਗਿਆ ਹੈ। ਇਸ ਦੀ ਵਰਤੋਂ ਕਰਨ ਵਾਲੇ ਲੋਕ ਕੈਂਸਰ ਦੇ ਰੋਗ ਤੋਂ ਪੀੜਿਤ ਹੋ ਰਹੇ ਹਨ। ਕਈ ਘਰਾਂ ਦੇ ਇਕ ਤੋਂ ਵੱਧ ਮੈਂਬਰ ਇਸ ਰੋਗ ਦਾ ਸ਼ਿਕਾਰ ਬਣ ਗਏ ਹਨ। ਇਹ ਇਲਾਕਾ ਕੈਂਸਰ ਦੇ ਰੋਗੀਆਂ ਦੇ ਗੜ੍ਹ ਦੇ ਤੌਰ 'ਤੇ ਜਾਣਿਆ ਜਾਣ ਲੱਗਾ ਹੈ। ਹਵਾ, ਪਾਣੀ, ਮਿੱਟੀ ਅਤੇ ਖ਼ੁਰਾਕ ਦੇ ਦੂਸ਼ਿਤ ਹੋਣ ਦੀਆਂ ਹਾਲਤਾਂ ਵਿਚ ਖੇਡਾਂ ਕਿਵੇਂ ਸਰੀਰ ਨੂੰ ਤੰਦਰੁਸਤ ਕਰ ਸਕਦੀਆਂ ਹਨ, ਰੱਖ ਸਕਦੀਆਂ ਹਨ। ਖੇਡ ਮੇਲੇ ਲਾਉਣ ਤੇ ਇਹ ਪ੍ਰਚਾਰ ਕਰਨ ਵਾਲਿਆਂ ਨੂੰ ਇਸ ਸਵਾਲ ਦਾ ਜਵਾਬ ਦੇਣਾ ਹੋਵੇਗਾ? ਜੋ ਖੇਡਾਂ ਨੂੰ ਤੰਦਰੁਸਤੀ ਦਾ ਰਾਜ ਦੱਸਦੇ ਹਨ। ਇਹ ਕਿਵੇਂ ਸੰਭਵ ਹੈ?

ਪ੍ਰੰਤੂ ਮੰਨਿਆ ਇਸ ਤਰ੍ਹਾਂ ਜਾ ਸਕਦਾ ਹੈ। ਖੇਡਾਂ ਤੰਦਰੁਸਤ ਸਰੀਰ ਵਾਲਾ ਮਨੁੱਖ ਹੀ ਖੇਡ ਸਕਦਾ ਹੈ। ਸਿਰਫ਼ ਖੇਡਾਂ ਕਿਸੇ ਨੂੰ ਤੰਦਰੁਸਤ ਨਹੀਂ ਕਰ ਸਕਦੀਆਂ।

ਇੰਝ ਹੀ ਵੱਡੇ ਪੱਧਰ 'ਤੇ ਖੇਡਾਂ ਬਾਰੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਅਖੌਤੀ ਖੇਡਾਂ ਵੱਲ ਪ੍ਰੇਰਤ ਕਰਨਾ ਚਾਹੀਦਾ ਹੈ। ਪਰ ਇਹ ਉਨ੍ਹਾਂ ਬੇ-ਸਮਝ ਲੋਕਾਂ ਦਾ ਖਿਆਲ ਹੈ, ਵਿਚਾਰ ਹੈ। ਜਿਹੜੇ ਜਾਣਦੇ ਨਹੀਂ ਕਿ ਨੌਜਵਾਨ ਨਸ਼ਿਆਂ ਵੱਲ ਕਿਹੜੇ ਕਾਰਨਾਂ ਕਰਕੇ ਪ੍ਰੇਰਤ ਹੋ ਰਹੇ ਹਨ। ਕੀ ਉਨ੍ਹਾਂ ਕਾਰਨਾਂ ਦਾ ਹੱਲ ਖੇਡਾਂ ਜਾਂ ਖੇਡ ਮੇਲਿਆਂ ਕੋਲ ਹੈ? ਅਸਲ ਵਿਚ ਉਹ ਇਸ ਤੋਂ ਅਣਜਾਨ ਹਨ। ਅਜਿਹਾ ਵੀ ਨਹੀਂ ਹੈ। ਅਸਲ ਵਿਚ ਉਹ ਸ਼ੈਤਾਨ ਹਨ ਕਿਉਂਕਿ ਜੇਕਰ ਉਨ੍ਹਾਂ ਕਾਰਨਾਂ ਤੇ ਉਂਗਲ ਰੱਖ ਕੇ ਜਵਾਨੀ ਨੂੰ ਪਾਠ ਪੜ੍ਹਾਇਆ ਜਾਵੇਗਾ। ਫਿਰ ਉਨ੍ਹਾਂ ਦੇ ਹਿੱਤਾਂ ਨੂੰ ਖਤਰਾ ਪੈਦਾ ਹੋ ਜਾਣਾ ਹੈ। ਉਹ ਖ਼ੁਦ ਇਸ ਸਮੱਸਿਆ ਦੇ ਜ਼ਿੰਮੇਵਾਰ ਹਨ। ਸਮਾਜਿਕ ਤੌਰ 'ਤੇ ਸ਼ਰਾਬ ਨੂੰ ਮਾਨਤਾ ਦੇਣ ਵਾਲੇ ਕੌਣ ਹਨ? ਕਿਉਂ ਕੋਈ ਵਿਆਹ, ਮਰਨਾ, ਪਾਰਟੀ, ਮੇਲਾ ਸ਼ਰਾਬ ਤੋਂ ਬਿਨਾਂ ਸੰਪੂਰਨ ਨਹੀਂ ਮੰਨਿਆ ਜਾਂਦਾ, ਕੀਤਾ ਨਹੀਂ ਜਾਂਦਾ। ਇਥੋਂ ਤੱਕ ਕਿ ਪੇਂਡੂ ਖੇਡ ਮੇਲਿਆਂ 'ਤੇ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਸ਼ਰਾਬ ਐਨੀ ਚੰਗੀ ਚੀਜ਼ ਹੈ। ਜੋ ਸਮਾਗਮਾਂ ਵਿਚ ਵਰਤਾਈ ਜਾਣੀ ਜ਼ਰੂਰੀ ਸਮਝੀ ਜਾ ਰਹੀ ਹੈ। ਫਿਰ ਤਾਂ ਬੱਚੇ, ਔਰਤਾਂ, ਮਰਦਾਂ ਸਭ ਨੂੰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਇਹ ਚੰਗੀ ਨਹੀਂ ਹੈ ਤਾਂ ਫਿਰ ਮਾੜੀ ਚੀਜ਼ ਤਾਂ ਮਾੜੇ ਲੋਕ, ਬੁਰੇ ਲੋਕ ਹੀ ਖਾਂਦੇ-ਪੀਂਦੇ ਹਨ। ਇਹ ਚੰਗੇ ਸਮਝਦਾਰ ਲੋਕਾਂ ਨੂੰ ਨਹੀਂ

ਵਰਤਣੀ ਚਾਹੀਦੀ। ਤੰਬਾਕੂ ਵੀ ਸਮਾਜਿਕ ਤੌਰ 'ਤੇ ਪ੍ਰਵਾਨ ਹੈ। ਇਸ ਦੀ ਵਰਤੋਂ ਨੂੰ ਵੀ ਰੋਕਿਆ ਨਹੀਂ ਜਾ ਰਿਹਾ ਹੈ। ਭਾਵੇਂ ਕਾਨੂੰਨੀ ਤੌਰ 'ਤੇ ਸੁਪਰੀਮ ਕੋਰਟ ਨੇ ਹਦਾਇਤ ਕਰਕੇ ਇਸ 'ਤੇ ਪਾਬੰਦੀ ਲਗਾ ਦਿੱਤੀ ਹੈ ਪਰ ਫਿਰ ਵੀ ਇਸ ਦਾ ਬਹੁਤਾ ਅਸਰ ਦਿਖਾਈ ਨਹੀਂ ਦਿੰਦਾ। ਇਸੇ ਤਰ੍ਹਾਂ ਭੰਗ ਦਾ ਨਸ਼ਾ ਵੀ ਧਾਰਮਿਕ ਤੌਰ 'ਤੇ ਪ੍ਰਵਾਨ ਹੈ। ਇੰਝ ਜਦੋਂ ਨਸ਼ਿਆਂ ਨੂੰ ਸਮਾਜਕ ਅਤੇ ਧਾਰਮਿਕ ਤੌਰ 'ਤੇ ਪ੍ਰਵਾਨਗੀ ਹੋਵੇ ਤਾਂ ਖੇਡਾਂ ਕਿਵੇਂ ਰੋਕ ਲਾ ਸਕਦੀਆਂ ਹਨ। ਜੇ ਹਰ ਮੋੜ 'ਤੇ ਸ਼ਰਾਬ ਦਾ ਠੇਕਾ ਖੁੱਲ੍ਹ ਰਿਹਾ ਹੋਵੇ ਤੇ ਉਸ ਦਾ ਕੋਈ ਵਿਰੋਧ ਵੀ ਨਾ ਕਰੇ। ਫਿਰ ਕਿਹੜੇ ਮੂੰਹ ਨਾਲ ਨਸ਼ਿਆਂ ਨੂੰ ਬੰਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਹੋਰ ਨਸ਼ਿਆਂ ਦਾ ਸੇਵਨ ਵੀ ਦਿਨੋਂ-ਦਿਨ ਵਧ ਰਿਹਾ ਹੈ। ਨਸ਼ਿਆਂ ਦਾ ਕਾਰਨ ਵਧ ਰਹੀ ਬੇ-ਰੁਜ਼ਗਾਰੀ ਤੋਂ ਪੈਦਾ ਹੋ ਰਹੀ ਨਿਰਾਸ਼ਾ ਵੀ ਹੈ। ਇਸ ਦੇ ਬਾਰੇ ਉਹ ਕੀ ਕਰ ਰਹੇ ਹਨ। ਜੋ ਜਵਾਨੀ ਦੇ ਨਸ਼ਿਆਂ ਵਿਚ ਗ੍ਰਸਤ ਹੋਣ ਤੋਂ ਚਿੰਤਤ ਹੋਣ ਦਾ ਡਰਾਮਾ ਕਰ ਰਹੇ ਹਨ। ਜਦੋਂ ਮਾਹੌਲ ਨਸ਼ਿਆਂ ਵੱਲ ਨੂੰ ਮੋੜਾ ਨਹੀਂ ਸਗੋਂ ਧੱਕਾ ਦੇ ਰਿਹਾ ਹੈ ਤਾਂ ਕਿਵੇਂ ਕੋਈ ਨਸ਼ਿਆਂ ਦੇ ਜਾਲ ਵਿਚ ਫਸਣ ਤੋਂ ਰਹਿ ਸਕਦਾ ਹੈ। ਜਦੋਂ ਸਰਕਾਰ ਦੀ ਆਮਦਨ ਦਾ ਇਕ ਮੁੱਖ ਸਾਧਨ ਵੀ ਇਹ ਹੋਵੇ। ਨਸ਼ੇ ਵੇਚਣ ਵਿਚ ਪੁਲਿਸ, ਪ੍ਰਸ਼ਾਸਨ ਤੇ ਸਿਆਸਤਦਾਨਾਂ ਦਾ ਗੱਠਜੋੜ ਵਿਸ਼ੇਸ਼ ਯੋਗਦਾਨ ਪਾ ਰਿਹਾ ਹੋਵੇ। ਫਿਰ...।

ਉਪਰੋਕਤ ਮਾਹੌਲ ਪ੍ਰਤੀ ਕੁਝ ਸਾਰਥਿਕ ਕਰਨ ਦੀ ਜ਼ਰੂਰਤ ਹੈ। ਖੇਡਾਂ ਇਸ ਵਿਚ ਕੋਈ ਵੀ ਯੋਗਦਾਨ ਨਹੀਂ ਪਾ ਸਕਦੀਆਂ। ਪਿੰਡ ਪੱਧਰ ਤੋਂ ਲੈ ਕੇ ਉਲੰਪਿਕ ਤੱਕ ਦੇ ਖਿਡਾਰੀ ਨਸ਼ਿਆਂ ਦੀ ਵਰਤੋਂ ਕਰਕੇ ਖੇਡ ਰਹੇ ਹਨ। ਅਜਿਹੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਇਸ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਭਾਵੇਂ ਖੇਡ ਦੌਰਾਨ ਨਸ਼ੇ ਦੀ ਵਰਤੋਂ ਕਰਨ ਵਾਲੇ ਖਿਡਾਰੀਆਂ ਦੀ ਜਾਂਚ ਕਰਨ ਲਈ ਨਸ਼ਾ ਰੋਕੂ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਹਨ। ਫਿਰ ਵੀ ਖਿਡਾਰੀ ਨਸ਼ਿਆਂ ਦੀ ਵਰਤੋਂ ਕਰ ਰਹੇ ਹਨ। ਪਰ ਹੁਣ ਤਾਂ ਨਸ਼ਿਆਂ ਦੀ ਸਮਗਲਿੰਗ ਵਿਚ ਵੀ ਖਿਡਾਰੀਆਂ ਦੇ ਸ਼ਾਮਲ ਹੋਣ ਦੀਆਂ ਖ਼ਬਰਾਂ ਪ੍ਰਕਾਸ਼ਤ ਹੋ ਰਹੀਆਂ ਹਨ। ਇਨ੍ਹਾਂ ਹਾਲਤਾਂ ਵਿਚ ਕਿਵੇਂ ਖੇਡਾਂ ਨਸ਼ਿਆਂ ਦੇ ਮਸਲੇ ਨੂੰ ਹੱਲ ਕਰਨ ਦਾ ਦਾਰੂ ਬਣ ਸਕਦੀਆਂ ਹਨ? ਇਸ ਵਾਸਤੇ ਕੀ ਖੇਡਾਂ ਤੋਂ ਇਹ ਆਸ ਰੱਖਣੀ ਮੂਰਖਤਾ ਵਾਲੀ ਗੱਲ ਮੰਨੀ ਜਾ ਸਕਦੀ ਹੈ?

ਸੱਚ ਇਹ ਹੈ ਕਿ ਖੇਡਾਂ ਵੀ ਧਰਮ ਵਾਂਗ ਰਾਜ ਕਰਤਾ ਅਤੇ ਸਰਮਾਏਦਾਰ ਲੋਕਾਂ ਦੇ ਹਿੱਤ ਸੁਰੱਖਿਅਤ ਕਰਨ ਦਾ ਰੋਲ ਨਿਭਾ ਰਹੀਆਂ ਹਨ। ਧਰਮ ਦੇ ਕਪਟ ਜਨਮ-ਮਰਨ, ਭਾਗ-ਕਿਸਮਤ, ਸਵਰਗ-ਨਰਕ, ਆਤਮਾ-ਪ੍ਰਮਾਤਮਾ ਨੂੰ ਛੁਪਾਉਣ ਲਈ ਮਨੁੱਖੀ ਨੈਤਿਕ ਨੇਮਾਂ ਦਾ ਪਰਦਾ ਪਾਇਆ ਗਿਆ ਹੈ। ਜਿਨ੍ਹਾਂ ਦੇ ਆਸਰੇ ਗੁੰਮਰਾਹ ਕਰਕੇ ਲੋਕਾਂ ਦੀ ਲੁੱਟ ਕੀਤੀ ਜਾਂਦੀ ਹੈ। ਗੁਲਾਮ ਬਣਾ ਕੇ ਰੱਖਿਆ ਜਾਂਦਾ ਹੈ। ਚੋਰੀ ਨਾ ਕਰੋ, ਝੂਠ ਨਾ ਬੋਲੋ, ਪਰਾਇਆ ਹੱਕ ਨਾ ਖਾਓ ਅਤੇ ਅਜਿਹਾ ਹੀ ਹੋਰ ਪ੍ਰਚਾਰ ਕੀਤਾ

ਜਾਂਦਾ ਹੈ। ਜਦੋਂ ਕਿ ਜਨਮ-ਕਰਮ, ਆਤਮਾ, ਪ੍ਰਮਾਤਮਾ, ਸਵਰਗ, ਨਰਕ ਜਿਹੇ ਝੂਠ ਦੇ ਆਧਾਰ 'ਤੇ ਧਰਮ ਆਪ ਖੜ੍ਹਾ ਹੈ। ਜਿਸ ਨੂੰ ਪਰਾਇਆ ਹੱਕ ਖਾਣ ਲਈ ਸਾਧਨ ਦੇ ਤੌਰ 'ਤੇ ਵਰਤਿਆ ਜਾਂਦਾ ਹੈ।

ਇਸੇ ਤਰ੍ਹਾਂ ਖੇਡਾਂ ਬਾਰੇ ਕੂੜ ਪ੍ਰਚਾਰ ਕਰਕੇ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਖੇਡਾਂ ਅਮੀਰ ਲੋਕਾਂ ਤੇ ਸਰਕਾਰਾਂ ਦੀ ਤੰਦਰੁਸਤੀ, ਮਨੋਰੰਜਨ, ਵਿਹਲਾ ਵਕਤ ਗੁਜ਼ਾਰਨ ਦਾ ਸਾਧਨ ਹਨ। ਅੱਜ ਇਨ੍ਹਾਂ ਨੂੰ ਨਾਂ ਤੇ ਨਾਵਾਂ (ਰੁਪਏ) ਕਮਾਉਣ ਦੇ ਸਾਧਨ ਦੇ ਤੌਰ 'ਤੇ ਵੀ ਪ੍ਰਚਾਰਿਆ ਜਾ ਰਿਹਾ ਹੈ। ਪੇਸ਼ ਕੀਤਾ ਜਾ ਰਿਹਾ ਹੈ। ਲੋਕਾਂ ਦੀ ਮਿਹਨਤ ਦੀ ਕੀਤੀ ਲੁੱਟ ਨੂੰ ਖੇਡਾਂ ਰਾਹੀਂ ਫਜ਼ੂਲ ਖਰਚ ਕੇ ਆਪਣੇ ਮਨ ਦੀ ਤਸੱਲੀ ਪ੍ਰਾਪਤ ਕਰ ਰਹੇ ਹਨ। ਕਹਿਣ ਦਾ ਮਤਲਬ ਖੁਸ਼ ਹੁੰਦੇ ਹਨ। ਪ੍ਰੰਤੂ ਲੋਕਾਂ ਦੀਆਂ ਮੁਸ਼ਕਲਾਂ ਉਸੇ ਰੂਪ ਵਿਚ ਖੜ੍ਹੀਆਂ ਰਹਿੰਦੀਆਂ ਹਨ, ਰੱਖੀਆਂ ਜਾਂਦੀਆਂ ਹਨ। ਪ੍ਰੰਤੂ ਕਿਹਾ ਇਹ ਜਾਂਦਾ ਹੈ ਕਿ ਖੇਡਾਂ ਸਰੀਰ ਨੂੰ ਤੰਦਰੁਸਤ ਕਰਦੀਆਂ ਹਨ। ਇਹ ਸਹਿਣਸ਼ੀਲਤਾ, ਜ਼ਿੰਮੇਵਾਰੀ ਨਿਭਾਉਣ, ਮਿਲਵਰਤਨ ਦੀ ਭਾਵਨਾ ਪੈਦਾ ਕਰਨ ਵਰਗੇ ਹੋਰ ਵੀ ਗੁਣ ਪੈਦਾ ਕਰਨ ਵਿਚ ਸਹਾਈ ਹੁੰਦੀਆਂ ਹਨ। ਪ੍ਰੰਤੂ ਇਹ ਸਭ [redacted] ਨਿਰਾ ਝੂਠ ਹੈ। ਇਹ ਨੈਤਿਕ ਨੇਮ ਮਿਹਨਤਕਸ਼ਾਂ ਦੀ ਲੁੱਟ ਤੇ ਐਸ਼ ਕਰਨ ਵਾਲਿਆਂ ਤੋਂ ਧਿਆਨ ਲਾਂਭੇ ਕਰਨ ਦਾ ਵਸੀਲਾ ਹੈ। ਸਿਰਫ਼ ਖੇਡਾਂ ਨਾਲ ਸਰੀਰ ਤੰਦਰੁਸਤ ਨਹੀਂ ਹੋ ਸਕਦਾ ਅਤੇ ਨਾ ਰਹਿ ਸਕਦਾ ਹੈ। ਖੇਡਾਂ ਰਾਹੀਂ ਜ਼ਿੰਮੇਵਾਰੀ ਨਿਭਾਉਣ ਦਾ ਗੁਣ ਪੈਦਾ ਕਰਨ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜਦੋਂ ਕਿ ਖੇਡਾਂ ਦਾ ਸੰਦ ਜ਼ਿੰਮੇਵਾਰੀ ਤੋਂ ਭੱਜਣ ਦਾ ਪ੍ਰਤੱਖ ਪ੍ਰਮਾਣ ਹੈ। ਲੋਕਾਂ ਦੀ ਚੰਗੀ ਸਿਹਤ ਲਈ ਸੰਤੁਲਤ ਖੁਰਾਕ ਅਤੇ ਹਸਪਤਾਲਾਂ ਦਾ ਪ੍ਰਬੰਧ ਕਰਨ ਦੀ ਥਾਂ ਸਿਰਫ਼ ਖੇਡਾਂ ਦਾ ਝੁਰਲੂ ਦਿੱਤਾ ਜਾ ਰਿਹਾ ਹੈ। ਇਹ ਉਕਤ ਮਸਲੇ ਕਿਵੇਂ ਹੱਲ ਕਰੇਗਾ? ਬਿਮਾਰ ਅਤੇ ਭੁੱਖੇ ਬੰਦੇ ਵਿਚ ਸਹਿਣਸ਼ੀਲਤਾ ਨਹੀਂ ਪੈਦਾ ਕੀਤੀ ਜਾ ਸਕਦੀ। ਉਸ ਦੀ ਤਾਂ ਬੇਵਸੀ ਹੁੰਦੀ ਹੈ। ਕੀ ਖੇਡਾਂ ਮਿਲਵਰਤਣ ਦੇ ਗੁਣ ਪੈਦਾ ਕਰਨ ਵਿਚ ਸਹਾਈ ਹੁੰਦੀਆਂ ਹਨ? ਆਮ ਲੋਕਾਂ ਦਾ ਮਿਲਵਰਤਣ, ਸਾਂਝ ਅਮੀਰਾਂ ਅਤੇ ਸਰਕਾਰਾਂ ਨੂੰ ਕਦੇ ਵੀ ਚੰਗੀ ਨਹੀਂ ਲੱਗਦੀ। ਖੇਡਾਂ ਦੇ ਪ੍ਰਚਾਰਕ ਤੇ ਪ੍ਰਬੰਧਕ ਵੀ ਇਹ ਹਨ। ਫਿਰ ਇਹ ਆਪਣੇ ਵਿਰੁੱਧ ਜਾਣ ਵਾਲੇ ਕਿਸੇ ਕਾਰਜ ਨੂੰ ਕਿਵੇ ਉਤਸ਼ਾਹਿਤ ਕਰ ਸਕਦੇ ਹਨ। ਸਮਝਿਆ ਜਾ ਸਕਦਾ ਹੈ, ਸੋਚਿਆ ਜਾ ਸਕਦਾ ਹੈ?

ਪ੍ਰੰਤੂ ਜੇਕਰ ਮੰਨ ਵੀ ਲਈਏ ਖੇਡਾਂ ਉਪਰੋਕਤ ਗੁਣ ਵਿਅਕਤੀ ਵਿਚ ਪੈਦਾ ਕਰਦੀਆਂ ਹਨ। ਫਿਰ ਉਹ ਕਿੰਨੇ ਕੁ ਲੋਕ ਹੋ ਸਕਦੇ ਸਨ। ਜੋ ਖੇਡਾਂ ਖੇਡਦੇ ਹਨ। ਤਿੰਨ-ਚਾਰ ਹਜ਼ਾਰ ਦੀ ਆਬਾਦੀ ਵਾਲੇ ਇਕ ਪਿੰਡ ਵਿਚ ਸਿਰਫ ਵੱਧ ਤੋਂ ਵੱਧ 10 ਜਾਂ ਵੀਹ ਹੋਣਗੇ। ਸ਼ਾਇਦ ਇਸ ਤੋਂ ਵੱਧ ਨਹੀਂ। ਜੇ ਹੋਣਗੇ ਵੀ ਤਾਂ ਉਹ ਵਿਸ਼ੇਸ਼ ਪਿੰਡ ਹੋਵੇਗਾ। ਕੀ ਐਨੇ ਬੰਦਿਆਂ 'ਚ 100% ਇਹ ਗੁਣ ਪੈਦਾ ਕੀਤੇ ਜਾ ਸਕਦੇ ਹਨ। ਇੰਜ ਹੀ ਮੰਨ ਲੈਂਦੇ ਹਾਂ, ਪਰ ਸੰਭਵ ਨਹੀਂ। ਫਿਰ ਇਕ ਪਿੰਡ ਦੇ 10 ਬੰਦੇ ਤਾਂ ਇਕ ਪ੍ਰਤੀਸ਼ਤ ਵੀ ਨਹੀਂ

ਬਣਦੇ। ਜਦੋਂ ਕਿ ਖੇਡਾਂ ਦੇ ਮੁਕਾਬਲੇ ਧਰਮ ਨੂੰ ਮੰਨਣ (ਖੇਡਣ) ਵਾਲਾ ਸਾਰੇ ਦਾ ਸਾਰਾ ਪਿੰਡ ਹੁੰਦਾ ਹੈ। ਸਮੇਤ ਖਿਡਾਰੀ ਵੀ। ਇਹ ਹੋ ਸਕਦਾ ਹੈ ਕਿ ਸਾਰੇ ਪਿੰਡ ਵਿਚ ਦੋ-ਚਾਰ ਨਾਸਤਿਕ ਵੀ ਹੋਣ। ਖੇਡਾਂ ਨਾਲੋਂ ਵਧ ਪ੍ਰਚਾਰ ਧਰਮ ਦਾ ਹੋ ਰਿਹਾ ਹੈ। ਇਸ ਦੇ ਨਾਲ ਸਰਵਸ਼ਕਤੀਮਾਨ ਰੱਬ ਦਾ ਡਰ ਵੀ ਹੈ। ਪਰ ਖੇਡਾਂ ਵਿਚ ਕੋਚ, ਰੈਫ਼ਰੀ ਤੋਂ ਬਿਨਾਂ ਹੋਰ ਕਿਸੇ ਦਾ ਡਰ ਨਹੀਂ ਹੁੰਦਾ। ਜੇਕਰ ਧਰਮ ਵਰਗੀ ਵੱਡੀ ਸੰਸਥਾ ਆਪਣੇ ਪੈਰੋਕਾਰਾਂ ਵਿਚ ਐਨਾ ਪ੍ਰਚਾਰ ਕਰਨ ਦੇ ਬਾਵਜੂਦ ਵੀ ਨੈਤਿਕ ਨੇਮ ਅਮਲੀ ਰੂਪ 'ਚ ਲਾਗੂ ਕਰਵਾਉਣ ਵਿਚ ਅਸਫਲ ਹੈ। ਤਾਂ ਫਿਰ ਅਖੌਤੀ ਖੇਡਾਂ ਦੇ ਛੋਟੇ ਜਿਹੇ ਖੇਤਰ ਤੋਂ ਕਿਵੇਂ ਐਨੀ ਵੱਡੀ ਉਮੀਦ ਰੱਖੀ ਜਾ ਸਕਦੀ ਹੈ। ਜਿਸ ਨਾਲ ਸਮਾਜ ਦਾ ਸੁਧਾਰ ਹੋ ਜਾਵੇਗਾ। ਲੋਕ ਸਿਹਤਮੰਦ ਹੋ ਜਾਣਗੇ। ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਉਹ ਕਿੰਨੇ ਕੁ ਖਿਡਾਰੀ ਹਨ। ਜੋ ਲੋਕਾਂ ਦੀਆਂ ਸਾਂਝੀਆਂ ਸਮੱਸਿਆਵਾਂ ਪ੍ਰਤੀ ਚਿੰਤਤ ਤੇ ਚੇਤਨ ਹਨ। ਉਹ ਆਪਣਾ ਜ਼ੋਰ ਖੇਡ ਦੇ ਮੈਦਾਨ ਤੋਂ ਬਾਹਰ ਸਮੱਸਿਆਵਾਂ ਪ੍ਰਤੀ ਕਿੰਨਾ ਕੁ ਵਰਤ ਰਹੇ ਹਨ? ਪਰ ਇਹ ਕਿਤੇ ਜ਼ਿਕਰਯੋਗ ਦਿਖਾਈ ਨਹੀਂ ਦਿੰਦਾ।

ਜਦੋਂ ਧਰਮ ਅਤੇ ਖੇਡਾਂ ਦਾ ਮਕਸਦ ਹੀ ਲੋਕ-ਹਿੱਤ ਵਾਲਾ ਨਹੀਂ। ਫਿਰ ਇਨ੍ਹਾਂ ਤੋਂ ਅਜਿਹੀ ਆਸ ਰੱਖ ਕੇ ਮਨ ਨੂੰ ਝੂਠੀ, ਫੋਕੀ ਤਸੱਲੀ ਦੇਣ ਵਾਲਾ ਕਾਰਜ ਮੰਨਣਾ ਪਵੇਗਾ। ਜੇ ਕੋਈ ਕੰਮ ਸਿਰਫ ਮਨੋਰੰਜਨ ਅਤੇ ਵਿਹਲਾ ਸਮਾਂ ਗੁਜ਼ਾਰਨ ਲਈ ਕੀਤਾ ਜਾਂ ਕਰਵਾਇਆ ਜਾਂਦਾ ਹੈ, ਉਸ ਦੇ ਵਿਚ ਬਹੁਤੀ ਜ਼ਿੰਮੇਵਾਰੀ ਵਾਲੀ ਗੱਲ ਨਹੀਂ ਹੁੰਦੀ। ਉਥੇ ਸੁਹਿਰਦ ਭੂਮਿਕਾ ਨਿਭਾਈ ਵੀ ਨਹੀਂ ਜਾਂਦੀ। ਜਿਹੜਾ ਕੰਮ ਸਿਰਫ਼ ਨਾਂ ਅਤੇ ਨਾਵਾਂ ਕਮਾਉਣ ਦੇ ਖਿਆਲ ਨਾਲ ਕੀਤਾ ਜਾਂਦਾ ਹੈ। ਉਥੇ ਦੂਜਿਆਂ ਦੇ ਹਿੱਤਾਂ ਦਾ ਖਿਆਲ ਨਹੀਂ ਰੱਖਿਆ ਜਾਂਦਾ।

ਇਸ ਲਈ ਕਹਿਣਾ ਪਵੇਗਾ। ਖੇਡਾਂ ਗੈਰ-ਗੰਭੀਰ, ਨਿੱਜ ਹਿੱਤ ਵਾਲਾ, ਹਾਕਮਾਂ ਦਾ ਮੁਦਈ ਕਾਰਜ ਹੈ। ਕੀ ਇਹ ਕੀ ਖੇਡਾਂ ਦਾ ਸੱਚ ਹੈ?

***

ਕਤਲ ਜਾਂ ਕਾਤਲ

ਕੱਲ੍ਹ ਨੂੰ ਤੁਹਾਡਾ ਕਤਲ ਕਰ ਦਿੱਤਾ ਜਾਵੇਗਾ ਜਾਂ ਭਲਕੇ ਤੁਸੀਂ ਕਾਤਲਾਂ ਦੀ ਕਤਾਰ ਵਿੱਚ ਸ਼ਾਮਲ ਹੋਵੋਗੇ। ਇਹ ਆਮ ਤੇ ਖ਼ਾਸ ਭਾਰਤੀ-ਪੰਜਾਬੀ ਨਾਗਰਿਕਾਂ ਦੇ ਭਵਿੱਖ ਦਾ ਨਕਸ਼ ਹੈ, ਹੋਣੀ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਵੀ ਕਤਲ ਨਹੀਂ ਹੋਣਾ ਚਾਹੁੰਦਾ। ਮਰਨਾ ਨਹੀਂ ਚਾਹੁੰਦਾ। ਪ੍ਰੰਤੂ ਐਹੋ ਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਕਰ ਦਿੱਤੇ ਗਏ ਹਨ। ਜਿਸ ਨਾਲ ਮਨੁੱਖ ਮਨੁੱਖ ਦਾ ਕਤਲ ਕਰਨ ਲਈ ਤਿਆਰ ਹੀ ਨਹੀਂ ਹੋ ਰਿਹਾ, ਸਗੋਂ ਕਤਲਾਂ ਤੇ ਕਾਤਲਾਂ ਦੀ ਲੜੀ ਸ਼ੁਰੂ ਵੀ ਹੋ ਚੁੱਕੀ ਹੈ। ਇਸ ਮਾਹੌਲ ਤੋਂ ਕੋਈ ਕਿਵੇਂ ਬਚੇ? ਕਿੱਥੇ ਭੱਜ ਜਾਵੇ? ਇਹ ਸਵਾਲ ਸਭ ਅੱਗੇ ਮੂੰਹ ਅੱਡੀ ਖੜ੍ਹਾ ਹੈ। ਬਹੁਤ ਹੀ ਤੇਜ਼ੀ ਨਾਲ ਕੰਪਿਊਟਰ 'ਚ ਆਏ ਵਾਇਰਸ ਵਾਂਗ ਵਰਤਾਰੇ ਦਾ ਫ਼ੈਲਾਅ ਹੋ ਰਿਹਾ ਹੈ। ਜਿਸ ਨੇ ਕਿਸੇ ਨਾ ਕਿਸੇ ਮੋੜ ਤੇ ਤੁਹਾਡੇ ਸਨਮੁੱਖ ਹੋ ਹੀ ਜਾਣਾ ਹੈ ਤੇ ਤੁਹਾਨੂੰ ਇਸ ਦੇ ਮਾੜੇ ਸਿੱਟੇ ਭੁਗਤਣੇ ਹੀ ਪੈਣਗੇ। ਕਿਉਂਕਿ ਉਪਰੋਕਤ ਸਿਰਜੇ ਮਾਹੌਲ ਦੇ ਤੁਸੀਂ ਆਪ ਹੀ ਜ਼ਿੰਮੇਵਾਰ ਹੋ? ਜਿਸ ਨੇ ਤੁਹਾਨੂੰ ਕਤਲ ਜਾਂ ਕਾਤਲਾਂ ਦੀ ਤਰਤੀਬ 'ਚ ਸ਼ਾਮਲ ਕਰ ਹੀ ਦੇਣਾ ਹੈ।

ਕੋਈ ਮਨੁੱਖ ਦੂਸਰੇ ਮਨੁੱਖ ਦਾ ਕਤਲ ਕਿਉਂ ਕਰਦਾ ਹੈ? ਇਹ ਸਵਾਲ ਬਾਰੇ ਸੋਚਣ ਤੇ ਸਮਝਣ ਦੀ ਅਹਿਮ ਜ਼ਰੂਰਤ ਹੈ। ਇਹ ਦਾ ਜਵਾਬ ਲੱਭਣਾ ਹੀ ਪਵੇਗਾ। ਜੇਕਰ ਉਪਰੋਕਤ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰ ਲਿਆ ਜਾਵੇਗਾ ਤਾਂ ਦਹਿਸ਼ਤ ਦੇ ਸਾਏ ਹੇਠ ਜ਼ਿੰਦਗੀ ਜਿਊਣ ਲਈ ਮਜ਼ਬੂਰ ਨਹੀਂ ਹੋਣਾ ਪਵੇਗਾ। ਜਿਸ ਪ੍ਰਸ਼ਨ ਨਾਲ ਭਾਰਤ ਦਾ ਵਰਤਮਾਨ ਹੀ ਨਹੀਂ, ਪੂਰੀ ਮਨੁੱਖਤਾ ਦਾ ਭਵਿੱਖ ਜੁੜਿਆ ਹੋਇਆ ਹੋਵੇ। ਉਸ ਦੇ ਸਹੀ ਉੱਤਰ ਵਾਸਤੇ ਯਤਨ ਕਰਨੇ ਲਾਜ਼ਮੀ ਬਣਦੇ ਹਨ। ਪ੍ਰੰਤੂ ਇਸ ਦੇ ਲਈ ਕੌਣ ਤਿਆਰ ਹੈ? ਨਹੀਂ, ਕੋਈ ਵੀ ਨਹੀਂ। ਸਿਰਫ਼ ਤਾਂ ਸਿਰਫ਼ ਆਪਣੇ ਬਚਾਅ ਬਾਰੇ ਹੀ ਸੋਚਿਆ ਜਾ ਰਿਹਾ ਹੈ। ਮਤਲਬ ਛੱਤ ਦੇ ਪ੍ਰਬੰਧ ਕਰਨ ਦੀ ਥਾਂ ਛੱਤਰੀ ਨੂੰ ਅਜੰਡੇ ਤੇ ਰੱਖਿਆ ਜਾ ਰਿਹਾ ਹੈ।

ਭਾਵੇਂ ਕਤਲਾਂ ਤੇ ਕਾਤਲਾਂ ਬਾਰੇ ਚਰਚਾ ਤਾਂ ਕੀਤੀ ਜਾਂਦੀ ਹੈ ਪ੍ਰੰਤੂ ਘਟਨਾਵਾਂ ਨੂੰ ਇੱਕ-ਦੋ ਵਿਅਕਤੀਆਂ ਅਤੇ ਸਥਾਨਕ ਪੱਧਰ ਤੇ ਕਰਕੇ ਦੇਖਿਆ, ਵਿਚਾਰਿਆਂ ਜਾਂਦਾ ਹੈ। ਜਿਸ ਕਾਰਨ ਘਟਨਾਵਾਂ ਵੱਧ ਰਹੀਆਂ ਹਨ। ਸਵਾਲ ਹੱਲ ਹੋਣ ਦੀ ਬਜਾਏ ਹੋਰ ਉਲਝ ਰਿਹਾ ਹੈ। ਮੌਜੂਦਾ ਸਮੁੱਚੇ ਮਾਹੌਲ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾ ਰਿਹਾ। ਜਦੋਂ ਤੱਕ ਕਤਲ ਵਰਗੀ ਘਟਨਾ ਨੂੰ ਵੀ ਮਹਿਜ਼ ਘਟਨਾ ਸਮਝਿਆ ਜਾਂਦਾ ਰਹੇਗਾ ਤਾਂ ਓਨਾ ਚਿਰ ਇਹ ਵਰਤਾਰਾ ਇੰਝ ਹੀ ਵਧਦਾ ਜਾਣਾ ਹੈ, ਜਾ ਰਿਹਾ ਹੈ।

ਜੇਕਰ ਘਟਨਾਵਾਂ ਨੂੰ ਸਮੁੱਚੇ ਪ੍ਰਬੰਧ/ਮਾਹੌਲ ਨਾਲ ਜੋੜ ਕੇ ਵੇਖਿਆ ਜਾਵੇਗਾ ਤਾਂ ਸਹੀ ਸਮਝ ਬਣੇਗੀ। ਫਿਰ ਇਸ ਸਵਾਲ ਦਾ ਜਵਾਬ ਵੀ ਮਿਲ ਜਾਵੇਗਾ। ਨਹੀਂ ਤਾਂ ਹੁਣ ਵਾਂਗ ਛੱਤ ਦੀ ਅਣਹੋਂਦ 'ਚ ਛੱਤਰੀ ਹੇਠ ਮਜ਼ਬੂਰਨ ਦਿਨ ਕਟੀ ਕਰਦੇ ਰਹਿਣਾ ਪਵੇਗਾ। ਮਨੁੱਖ ਦੇ ਮਨੁੱਖ ਨੂੰ ਕਤਲ ਕਰਨ ਵਾਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਨੀ ਹੀ ਪੈਣੀ ਹੈ। ਫਿਰ ਉਨ੍ਹਾਂ ਤੋਂ ਨਿਜਾਤ ਪਾਉਣ ਲਈ ਯੋਜਨਾ ਬਣਾਉਣੀ ਪਵੇਗੀ। ਜਿਸ ਨੂੰ ਲਾਗੂ ਕਰਨ ਲਈ ਲਗਾਤਾਰ ਯਤਨਸ਼ੀਲ ਹੋਣਾ ਪਵੇਗਾ।

ਕਿਸੇ ਥਾਂ ਇਕ ਵਿਅਕਤੀ ਜਗਤ ਸਿੰਘ ਦਾ ਕਤਲ ਕਰ ਦਿੱਤਾ ਜਾਂਦਾ ਹੈ। ਉਹਦੇ ਕਾਤਲ ਭਜਨ ਸਿੰਘ ਨੂੰ ਕਾਨੂੰਨ ਮੌਤ ਦੀ ਸਜ਼ਾ ਦੇ ਦਿੰਦਾ ਹੈ। ਇਸ ਦੀ ਲੋਕਾਂ 'ਚ ਚਰਚਾ ਹੁੰਦੀ ਹੈ ਕਿ ਕਾਤਲ ਨੂੰ ਉਸ ਦੇ ਗੁਨਾਹ ਦਾ ਫ਼ਲ ਮਿਲ ਗਿਆ ਹੈ। ਮੌਤ ਦੀ ਸਜ਼ਾ ਭਾਵ ਕਤਲ ਦੇ ਬਰਾਬਰ ਕਤਲ। ਪ੍ਰੰਤੂ ਕਤਲ ਕੀਤੇ ਗਏ ਜਗਤ ਸਿੰਘ ਨੂੰ ਮੌਤ ਦੀ ਸਜ਼ਾ ਕਿਹੜੇ ਕਸੂਰ ਤਹਿਤ ਮਿਲੀ ਜਾਂ ਉਸ ਦਾ ਕਤਲ ਕਿਉਂ ਕੀਤਾ ਗਿਆ? ਇਸ ਦਾ ਜਵਾਬ ਵੀ ਜਾਨਣਾ ਹੀ ਪੈਣਾ ਹੈ।

ਟੈਲੀਵਿਜਨ ਉਪਰ ਇਕ ਮਸ਼ਹੂਰੀ ਪ੍ਰਸਾਰਤ ਹੁੰਦੀ ਹੈ। ਜਿਸ ਵਿੱਚ ਇਕ ਬਿਮਾਰ ਆਦਮੀ ਦਿਖਾਇਆ ਜਾਂਦਾ ਹੈ। ਉਸਨੂੰ ਡਾਕਟਰ ਚੈੱਕ ਕਰਕੇ ਦੱਸਦਾ ਹੈ ਕਿ "ਤੈਨੂੰ ਮਲੇਰੀਆ ਬੁਖ਼ਾਰ ਹੋ ਗਿਆ ਹੈ।" ਇਹਦੇ ਨਾਲ ਹੀ ਉਹ ਦੱਸਦਾ ਹੈ ਕਿ ਇਹ ਬੁਖ਼ਾਰ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਮੱਛਰ ਗੰਦੇ ਪਾਣੀ ਉੱਪਰ ਪੈਦਾ ਹੁੰਦਾ ਅਤੇ ਪਲ਼ਦਾ ਹੈ। ਇਸ ਲਈ ਘਰ ਦੇ ਨੇੜੇ ਮੀਂਹ ਦਾ ਗੰਦਾ ਪਾਣੀ ਨਾ ਖੜ੍ਹਨ ਦਿਓ, ਘਰ ਦੀ ਛੱਤ ਤੇ ਪੁਰਾਣੇ ਟਾਇਰ, ਖਾਲੀ ਡੱਬੇ, ਕੈਨੀਆਂ ਆਦਿ ਨਾ ਰੱਖੋ। ਇਨ੍ਹਾਂ 'ਚ ਮੀਂਹ ਦਾ ਪਾਣੀ ਭਰ ਜਾਂਦਾ ਹੈ। ਜਿੱਥੇ ਮੱਛਰ ਪਲਦਾ ਹੈ। ਉਹ ਮਰੀਜ਼ ਘਰ ਦੀ ਛੱਤ ਤੋਂ ਉਪਰੋਕਤ ਪਾਣੀ ਦੀਆਂ ਭਰੀਆਂ ਵਸਤਾਂ ਇਕ-ਇਕ ਲਾਹ ਕੇ ਥੱਲੇ ਸੁੱਟਦਾ ਦਿਖਾਇਆ ਜਾਂਦਾ ਹੈ। ਉਪ੍ਰੰਤ ਦਰਸ਼ਕਾਂ ਨੂੰ ਹਦਾਇਤ ਕਰਦਾ ਹੈ। ਮੈਂ ਆਪਣੀ ਕੀਤੀ ਗਲਤੀ ਦੀ ਸਜ਼ਾ ਭੁਗਤ ਲਈ ਹੈ। ਹੁਣ ਤੁਸੀਂ...... ।

ਇਹ ਮਸ਼ਹੂਰੀ ਉਪਰੋਕਤ ਸਵਾਲ ਦਾ ਜਵਾਬ ਹੈ। ਇੰਝ ਹੀ ਕਤਲ ਹੋਣ ਵਾਲਾ ਜਗਤ ਸਿੰਘ ਕਾਤਲ ਪੈਦਾ ਕਰਨ ਵਾਲੇ ਮਾਹੌਲ ਦਾ ਪਾਤਰ ਵੀ ਆਪ ਹੀ ਹੈ ਤੇ ਉਹਦੇ ਵਰਗੇ ਹੋਰ ਵੀ। ਜਿਵੇਂ ਮਸ਼ਹੂਰੀ ਵਾਲੀ ਘਟਨਾ ਵਿੱਚ ਮਲੇਰੀਏ ਦਾ ਮਰੀਜ਼ ਆਪ ਹੀ ਮੱਛਰ ਪੈਦਾ ਕਰਨ ਵਾਲੇ ਹਾਲਾਤ ਪੈਦਾ ਕਰਨ ਦਾ ਦੋਸ਼ੀ ਬਣਦਾ ਹੈ। ਉਹਨੂੰ ਮਲੇਰੀਆ ਬੁਖ਼ਾਰ ਹੋਣ ਦੇ ਰੂਪ ਵਿਚ ਸਜ਼ਾ ਮਿਲ ਜਾਂਦੀ ਹੈ। ਇੰਝ ਹੀ ਕਤਲ ਹੋਣ ਵਾਲਾ ਜਗਤ ਸਿੰਘ ਕਾਤਲ ਪੈਦਾ ਕਰਨ ਦਾ ਦੋਸ਼ੀ ਬਣਦਾ ਹੈ। ਜਿਸ ਦੀ ਸਜ਼ਾ ਉਹਨੂੰ ਕਤਲ ਦੇ ਰੂਪ 'ਚ ਭੁਗਤਣੀ ਪੈ ਜਾਂਦੀ ਹੈ।

ਪਰ ਇਸ ਨੂੰ ਏਦਾਂ ਵੀ ਸਮਝਿਆ ਜਾ ਸਕਦਾ ਹੈ, ਸਮਝਣਾ ਪੈਣਾ ਹੈ। ਹਰ ਪਰਿਵਾਰ ਵਿੱਚ ਜ਼ਮੀਨ/ਜਾਇਦਾਦ ਦੀ ਵੰਡ ਦਾ ਮਸਲਾ ਕਿਸੇ ਨਾ ਕਿਸੇ ਸਮੇਂ ਆ

ਖੜ੍ਹਦਾ ਹੈ। ਜਿਸ ਨੂੰ ਪਿੰਡ ਦੇ ਮੋਹਤਬਰ, ਰਿਸ਼ਤੇਦਾਰ, ਮਿੱਤਰ ਜਾਂ ਪੰਚਾਇਤ ਉਨ੍ਹਾਂ ਦੀ ਵੰਡ-ਵੰਡਾਈ ਦਾ ਮਸਲਾ ਨਿਬੇੜ ਦਿੰਦੀ ਹੈ। ਕਈ ਸਿਆਣੇ ਪਰਿਵਾਰ ਆਪਣੇ ਪੱਧਰ ਤੇ ਵੀ ਇਹ ਮਸਲਾ ਹੱਲ ਕਰ ਲੈਂਦੇ ਹਨ। ਕਿਸੇ ਨੂੰ ਬਣੇ ਬਣਾਏ ਮਕਾਨ ਦੇ ਦਿੱਤੇ ਜਾਂਦੇ ਹਨ। ਦੂਜੇ ਨੂੰ ਉਹਦੇ ਬਦਲੇ ਰੁਪਏ ਦੇਣ ਦਾ ਫੈਸਲਾ ਹੋ ਜਾਂਦਾ ਹੈ। ਇੰਝ ਹੀ ਕਿਸੇ ਨੂੰ ਘਰ ਦੇ ਭਾਂਡੇ ਅਤੇ ਦੂਜੇ ਨੂੰ ਕੱਪੜੇ ਬਿਸਤਰੇ ਆਦਿ ਦੇ ਕੇ ਹਿਸਾਬ ਬਰਾਬਰ ਕਰ ਦਿੱਤਾ ਜਾਂਦਾ ਹੈ। ਇਹ ਸਮਾਜ ਦੀ ਇੱਕ ਛੋਟੀ ਇਕਾਈ ਦੇ ਵੰਡ ਦੀ ਗੱਲ ਹੈ। ਜੇਕਰ ਕਿਸੇ ਕਾਰਨ ਵੰਡ ਦਾ ਅਨੁਪਾਤ ਸਹੀ ਨਾ ਹੋਵੇ ਤਾਂ ਝਗੜਾ ਹੋਣਾ ਲਾਜ਼ਮੀ ਹੈ। ਅਜਿਹੀ ਹਾਲਤ ਵਿੱਚ ਬੋਲ ਬੁਲਾਰੇ ਤੋਂ ਚੱਲਦੀ ਗੱਲ ਹਥਿਆਰਾਂ ਤੱਕ ਤੇ ਫਿਰ ਕਤਲਾਂ ਤੱਕ ਵੀ ਪਹੁੰਚ ਜਾਂਦੀ ਹੈ। ਅਜਿਹੇ ਮੌਕੇ ਜੇਕਰ ਰਿਸ਼ਤੇਦਾਰ, ਮਿੱਤਰ, ਮੋਹਤਬਰ, ਪੰਚਾਇਤ ਮੈਂਬਰ ਆਦਿ ਆਪਣਾ ਬਣਦਾ ਸਹੀ ਰੋਲ ਨਿਭਾਉਣ ਤਾਂ ਨੌਬਤ ਇੱਥੋਂ ਤੱਕ ਨਹੀਂ ਪਹੁੰਚਦੀ।

ਇਸ ਤਰ੍ਹਾਂ ਹੀ ਰਾਜ ਪ੍ਰਬੰਧ ਅਤੇ ਸਮਾਜਿਕ ਤਾਣੇ-ਬਾਣੇ ਵਿਚ ਜਿਹਨਾਂ ਲੋਕਾਂ ਨੂੰ ਉਹਨਾਂ ਦਾ ਬਣਦਾ ਹਿੱਸਾ (ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ, ਬਿਜਲੀ, ਪਾਣੀ ਆਦਿ) ਨਹੀਂ ਦਿੱਤਾ ਜਾਂਦਾ, ਜਾਂ ਮਿਲ ਰਿਹਾ। ਉਹ ਫਿਰ ਧੱਕੇ ਨਾਲ ਖੋਹਣ ਦੇ ਰਾਹ ਤੁਰ ਪੈਂਦੇ ਹਨ। ਆਪਣੀਆਂ ਮੁੱਢਲੀਆਂ ਲੋੜਾਂ ਤੇ ਭੁੱਖ ਦੇ ਦੁੱਖ ਦਾ ਇਲਾਜ ਕਰਨ ਵਾਸਤੇ। ਉਹ ਚੋਰੀਆਂ, ਡਾਕੇ ਮਾਰਨ, ਰਾਹਾਂ ਵਿਚ ਘੇਰਨ ਵਰਗੇ ਕੰਮ ਕਰਨ ਲੱਗ ਜਾਂਦੇ ਹਨ। ਇਹੋ ਰਾਹ ਉਨ੍ਹਾਂ ਨੂੰ ਜ਼ਿੰਦਗੀ ਦੇ ਕਿਸੇ ਮੋੜ ਤੇ ਕਾਤਲ ਬਣਾ ਦਿੰਦਾ ਹੈ। ਜਿਹੜੇ ਉਦਾਸ ਤੇ ਨਿਰਾਸ਼ ਹੋ ਜਾਂਦੇ ਹਨ। ਉਹ ਨਸ਼ਿਆਂ ਰਾਹੀਂ ਜਾਂ ਖ਼ੁਦਕਸ਼ੀ ਕਰਕੇ ਆਪਣੇ ਕਾਤਲ ਆਪ ਬਣ ਜਾਂਦੇ ਹਨ। ਕੁਝ ਕਿਰਤ ਤੇ ਕਿਰਤ ਦਾ ਪੂਰਾ ਮੁੱਲ ਲੈਣ ਲਈ ਬਿਗਾਨੇ ਮੁਲਕਾਂ ਦੀਆਂ ਗਲਤ ਤਰੀਕੇ ਸਰਹੱਦਾਂ ਪਾਰ ਕਰਦਿਆਂ ਗੋਲੀ ਦਾ ਸ਼ਿਕਾਰ ਜਾਂ ਸਮੁੰਦਰ ਵਿੱਚ ਵੀ ਡੁੱਬ ਮਰ ਜਾਂਦੇ ਹਨ, (ਜਿਵੇਂ ਮਾਲਟਾ ਕਾਂਡ) ਭਾਵ ਕਤਲ ਹੋ ਜਾਂਦੇ ਹਨ।

ਐਪਰ ਇਸ ਸਮੁੱਚੇ ਵਰਤਾਰੇ ਵਾਸਤੇ ਉਹ ਹਰ ਸਖ਼ਸ਼ ਦੋਸ਼ੀ ਹੈ। ਜਿਹੜਾ ਹਉਮੈ ਖਾਤਰ ਵੱਧ ਵਸਤਾਂ ਵਰਤ ਤੇ ਜਮਾਂ ਕਰ ਰਿਹਾ ਹੈ। ਇੰਝ ਦੂਜਿਆਂ ਦੇ ਹੱਕ ਤੇ ਜੱਫ਼ਾ ਮਾਰੀ ਬੈਠਾ ਹੈ। ਜਿਹੜਾ ਮੌਜੂਦਾ ਰਾਜ ਪ੍ਰਬੰਧ ਅਤੇ ਸਮਾਜ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਕਿਸੇ ਵੀ ਕਿਸਮ ਦੀ ਲੁੱਟ, ਬੇ-ਇਨਸਾਫੀ ਦੇ ਖਿਲਾਫ਼ ਨਹੀਂ ਬੋਲਦਾ। ਪਾਸਾ ਵੱਟ ਕੇ ਲੰਘ ਜਾਂਦਾ ਹੈ। ਸੋਚਦਾ ਹੈ ਆਪਾਂ ਕੀ ਲੈਣਾ ਹੈ। ਮੇਰਾ ਇਹਦੇ ਨਾਲ ਕੋਈ ਸਰੋਕਾਰ ਨਹੀ। ਜਿਸਨੂੰ ਦੂਜੇ ਦਾ ਦੁੱਖ ਦੇਖ ਕੇ ਤੜਪ ਪੈਦਾ ਨਹੀਂ ਹੁੰਦੀ। ਜੋ ਆਪਣੇ ਨਾਲ ਹੋ ਰਹੇ ਧੱਕੇ ਨੂੰ ਸਹਿਣ ਕਰ ਰਿਹਾ ਹੈ। ਜਿਸ ਦੀ ਸੋਚ ਖਾਓ ਪੀਓ ਤੇ ਐਸ਼ ਕਰੋ ਵਾਲੀ ਹੈ। ਜਿਹੜਾ ਵਾਧੂ ਸਾਧਨਾਂ ਦੀ ਹਉਮੈ ਤੇ ਸੌੜੀ ਸੋਚ ਦਾ ਮਾਲਕ ਹੈ। ਜਿਹੜਾ ਆਪਣੇ ਭਲੇ ਨੂੰ ਸਭ ਦਾ ਭਲਾ ਸਮਝ ਰਿਹਾ ਹੈ। ਉਹ ਅਸਮਾਜਿਕ ਤੱਤ ਪੈਦਾ ਕਰਨ ਅਤੇ ਅਨਮੋਲ ਜ਼ਿੰਦਗੀਆਂ ਮੌਤ ਦੇ ਮੂੰਹ ਪਾਉਣ ਦਾ ਜ਼ਿੰਮੇਵਾਰ ਹੈ। ਮਨੁੱਖਤਾ ਦਾ ਗੁਨਾਹਗਾਰ ਹੈ।

ਪ੍ਰੰਤੂ ਕੀ ਸਹੀ ਹੈ? ਕਿਵੇਂ ਸਹੀ ਹੈ? ਇਸ ਪ੍ਰਤੀ ਅੱਖਾਂ, ਕੰਨ, ਮੂੰਹ ਤੇ ਦਿਮਾਗ ਦੀ ਵਰਤੋਂ ਕਰਨੀ ਹੀ ਪੈਣੀ ਹੈ। ਗਾਂਧੀ ਜੀ ਦੇ ਬਾਂਦਰਾਂ ਵਾਂਗੂੰ ਅੱਖਾਂ, ਕੰਨ, ਮੂੰਹ ਬੰਦ ਕਰਕੇ ਹੋਰ ਕਿੰਨਾ ਚਿਰ ਨਕਲੀ ਅਪਾਹਜ ਹੋਣ ਦਾ ਪਾਖੰਡ ਕਰਦੇ ਰਹਾਂਗੇ। ਜੇ ਇੰਝ ਹੀ ਰਹੇ ਤਾਂ ਸੱਚਮੁੱਚ ਕੋਈ ਨਾ ਕੋਈ ਇਹ ਅੰਗ ਤਾਂ ਕੀ ਸਭ ਗਿਆਨ ਇੰਦਰੀਆਂ ਪੱਕੇ ਤੌਰ 'ਤੇ ਬੰਦ ਕਰ ਦਏਗਾ ਭਾਵ ਕਤਲ ਕਰ ਦੇਵੇਗਾ। ਜਿਸ ਦੇ ਜ਼ਿੰਮੇਵਾਰ ਅਸੀਂ ਤੇ ਤੁਸੀਂ ਖੁਦ ਹੋਵਾਂਗੇ। ਇਹ ਇੱਕ ਚੰਗੇ ਨਾਗਰਿਕ, ਚੰਗੇ ਮਨੁੱਖ ਦੇ ਫਰਜ਼ ਨਾ ਨਿਭਾਉਣ ਦੀ ਸਜ਼ਾ ਹੋਵੇਗੀ। ਸਮਾਜਿਕ ਸਮਾਨਤਾ, ਕਿਰਤ ਤੇ ਉਸ ਦੇ ਪੂਰੇ ਮੁੱਲ ਦੀ ਲੜਾਈ ਲੜਨੀ ਹੀ ਪੈਣੀ ਹੈ।

ਅੰਤ 'ਚ ਕਿਹਾ ਜਾ ਸਕਦਾ ਹੈ ਕਿ ਸਮਾਜ ਦਾ ਪਤਨ ਅਸਮਾਜਿਕ ਤੱਤਾਂ ਨਾਲ ਨਹੀਂ ਸਗੋਂ ਚੰਗੇ ਨਾਗਰਿਕਾਂ ਦੇ ਨਿਕੰਮੇਪਣ ਨਾਲ ਹੁੰਦਾ ਹੈ।

✡✡✡

ਸੱਚ, ਝੂਠ

ਸਦਾ ਸੱਚ ਬੋਲੋ। ਝੂਠ ਬੋਲਣਾ ਪਾਪ ਹੈ। ਮਰਨਾ ਸੱਚ ਹੈ। ਜੀਣਾ ਝੂਠ ਹੈ। ਸੱਚ ਹਮੇਸ਼ਾ ਕੌੜਾ ਹੁੰਦਾ ਹੈ। ਇਹ ਸੰਸਾਰ ਝੂਠ ਦਾ ਪਸਾਰਾ ਹੈ। ਸੱਚ ਬੋਲਣਾ ਔਖਾ ਹੁੰਦਾ ਹੈ। ਝੂਠ ਦੇ ਪੈਰ ਨਹੀਂ ਹੁੰਦੇ। ਸੱਚਾ ਬੰਦਾ ਸਭ ਨੂੰ ਬੁਰਾ ਲੱਗਦਾ ਹੈ। ਝੂਠੇ ਬੰਦੇ ਦਾ ਕੋਈ ਇਤਬਾਰ ਨਹੀਂ ਕਰਦਾ। ਸੱਚ ਕੀ ਹੈ? ਝੂਠ ਕੀ ਹੈ?

ਇਹ ਵਿਚਾਰ ਇਕ ਨਹੀਂ ਅਨੇਕ ਵਾਰ ਕਿਤੇ ਨਾ ਕਿਤੇ ਪੜ੍ਹੇ, ਸੁਣੇ ਜਾਂ ਕਹੇ ਜ਼ਰੂਰ ਹੋਣਗੇ। ਪ੍ਰੰਤੂ ਇਨ੍ਹਾਂ ਵਿਚਾਰਾਂ 'ਤੇ ਵਿਚਾਰ ਕਦੇ ਨਹੀਂ ਕੀਤੀ ਹੋਵੇਗੀ। ਸੱਚ ਕਦੋਂ, ਕਿਥੇ ਤੇ ਕਿਵੇਂ ਬੋਲਿਆ ਜਾਵੇ? ਝੂਠ ਦਾ ਸਹਾਰਾ ਕਦੋਂ, ਕਿੱਥੇ ਤੇ ਕਿਵੇਂ ਲਿਆ ਜਾਵੇ? ਸੱਚ ਦਾ ਝੂਠ ਕੀ ਹੈ? ਝੂਠ ਦਾ ਸੱਚ ਕੀ ਹੈ? ਕੀ ਸਦਾ ਸੱਚ ਬੋਲਿਆ ਜਾ ਸਕਦਾ ਹੈ। ਕੀ ਝੂਠ ਬੋਲਣਾ ਪਾਪ ਹੈ? ਸਦਾ ਸੱਚ ਬੋਲਣਾ ਸੰਭਵ ਨਹੀਂ ਹੈ। ਜ਼ਿੰਦਗੀ ਵਿਚ ਇਕ ਨਹੀਂ ਅਨੇਕ ਵਾਰ ਝੂਠ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਪਰ ਕਈ ਵਾਰ ਝੂਠ ਦੀ ਵਰਤੋਂ ਮਜ਼ਬੂਰੀ ਵਿਚ ਵੀ ਕਰਨੀ ਪੈਂਦੀ ਹੈ। ਦੁਨੀਆ ਤੇ ਇਕ ਵੀ ਬੰਦਾ ਅਜਿਹਾ ਨਹੀਂ ਹੋਣਾ, ਜਿਸ ਨੇ ਕਦੇ ਝੂਠ ਦਾ ਸਹਾਰਾ ਨਾ ਲਿਆ ਹੋਵੇ। ਜੇਕਰ ਕਿਸੇ ਚੰਗੇ ਬੰਦੇ ਦੇ ਕਾਰਜ ਹਿੱਤ ਝੂਠ ਬੋਲਣਾ ਪੈ ਜਾਵੇ ਤਾਂ ਝਿਜਕਣਾ ਨਹੀਂ ਚਾਹੀਦਾ। ਅਜਿਹਾ ਝੂਠ ਬੋਲਿਆ ਕਦੇ ਵੀ ਪਾਪ ਜਾਂ ਬੁਰਾ ਨਹੀਂ ਮੰਨਿਆ ਜਾਵੇਗਾ। ਹਾਂ, ਆਪਣੇ ਹਿੱਤ ਵਿਚ ਬੋਲਿਆ ਝੂਠ ਜ਼ਰੂਰ ਖਤਰਨਾਕ ਸਿੱਧ ਹੋਵੇਗਾ। ਉਸ ਦਾ ਮਾੜਾ ਫਲ ਵੀ ਜ਼ਿੰਦਗੀ 'ਚ ਜ਼ਰੂਰ ਭੁਗਤਣਾ ਪੈਂਦਾ ਹੈ। ਜੇਕਰ ਅੱਜ ਝੂਠ ਬੋਲ ਕੇ ਕੋਈ ਸਹੂਲਤ, ਲਾਭ ਪ੍ਰਾਪਤ ਕਰ ਲੈਂਦੇ ਹੋ? ਜਿਸ ਦੇ ਤੁਸੀਂ ਹੱਕਦਾਰ ਨਹੀਂ ਸੀ, ਅਸਲ ਵਿਚ ਉਹ ਸਹੂਲਤ, ਲਾਭ ਹੋਰ ਕਿਸੇ ਨੂੰ ਪ੍ਰਾਪਤ ਹੋਣਾ ਸੀ। ਇਸ ਤਰ੍ਹਾਂ ਦੂਸਰੇ ਦਾ ਹੱਕ ਮਾਰ ਕੇ, ਆਪਣੇ ਪੈਰ ਆਪਾ ਹੀ ਕੁਹਾੜਾ ਮਾਰ ਲੈਂਦੇ ਹੋ? ਜਦੋਂ ਇਹ ਹੀ ਤਰੀਕਾ ਵਰਤ ਕੇ ਅਗਲੇ ਸਮੇਂ 'ਚ, ਕੋਈ ਹੋਰ ਤੁਹਾਡਾ ਹੱਕ ਖੋਹ ਲੈਂਦਾ ਹੈ। ਫਿਰ ਪੱਲੇ ਪਛਤਾਵਾ ਪੈਂਦਾ ਹੈ। ਦੂਸਰੇ ਦਾ ਵਰਤਿਆ ਇਹ ਢੰਗ ਬਹੁਤ ਬੁਰਾ ਲੱਗਦਾ ਹੈ। ਪਰ ਜੇਕਰ ਇਸ ਰਸਤੇ 'ਤੇ ਚੱਲਿਆ ਹੀ ਨਾ ਜਾਵੇ। ਇਹ ਤਰੀਕਾ ਨਾ ਅਪਣਾਇਆ ਜਾਵੇ। ਫਿਰ ਤੁਹਾਡੇ ਹਿੱਤ ਵੀ ਸੁਰੱਖਿਅਤ ਹੋ ਜਾਣਗੇ ਅਤੇ ਹੋਰਨਾਂ ਦੇ ਵੀ। ਪਰ ਇਸ ਦੀ ਪਹਿਲ ਤਾਂ ਆਪ ਨੂੰ ਹੀ ਕਰਨੀ ਪਵੇਗੀ। ਝੂਠ ਬੋਲ ਕੇ ਜਾਂ ਹੋਰ ਗਲਤ ਤਰੀਕੇ ਜਿਵੇਂ ਸਿਫਾਰਸ਼ ਨਾਲ, ਰਿਸ਼ਵਤ ਦੇ ਕੇ ਜਾਂ ਨਿੱਜੀ ਪਛਾਣ ਸਦਕੇ ਲਾਭ ਨਾ ਪ੍ਰਾਪਤ ਕੀਤਾ ਜਾਵੇ। ਜਿਸ ਦਾ ਹੱਕ ਹੈ, ਉਸ ਨੂੰ ਪ੍ਰਾਪਤ ਕਰਨ ਦਿੱਤਾ ਜਾਵੇ। ਇਹ ਜ਼ਿੰਦਗੀ ਦੀ ਇਕ ਚੰਗੀ ਪਹਿਲ ਕਦਮੀ ਹੋਵੇਗੀ। ਇਸ ਨੂੰ ਵਿਵਹਾਰ ਦਾ ਹਿੱਸਾ ਬਣਾਉਣਾ, ਮੰਨਣਾ ਹੀ ਪੈਣਾ ਹੈ। ਇਹ ਸਾਡੇ, ਤੁਹਾਡੇ ਸਭ ਦੇ ਹਿੱਤ ਵਿਚ ਹੈ। ਤੇ ਝੂਠ ਦਾ ਸੱਚ। ਪ੍ਰੰਤੂ ਜੇਕਰ ਕੋਈ ਦੂਸਰੇ ਦੇ ਹਿੱਤ ਸੁਰੱਖਿਅਤ ਕਰਨ ਵਾਸਤੇ ਝੂਠ ਬੋਲਣ ਤੱਕ ਜਾਂਦਾ ਹੈ। ਫਿਰ ਦੂਸਰਾ ਵੀ ਤੁਹਾਡੇ ਹਿੱਤ ਬਾਬਤ ਕੁਰਬਾਨੀ ਕਰਨ ਲਈ

ਤਿਆਰ ਹੋ ਜਾਵੇਗਾ। ਇਸ ਤਰ੍ਹਾਂ ਅੱਗੇ ਤੋਂ ਅੱਗੇ ਲੜੀ ਬਣ ਜਾਂਦੀ ਹੈ। ਜੇਕਰ ਆਪਣੇ ਹਿੱਤ ਹੀ ਮੋਹਰੇ ਰੱਖਦੇ ਹੋ ਤਾਂ ਤੁਹਾਡੀ ਸਹਾਇਤਾ ਕਰਨ ਲਈ ਕੋਈ ਝੂਠ ਤਾਂ ਕੀ ਸਹੀ/ਸੱਚੀ ਗੱਲ ਕਹਿਣ ਲਈ ਤਿਆਰ ਨਹੀਂ ਹੋਵੇਗਾ। ਸਗੋਂ ਤੁਹਾਡਾ ਵਿਰੋਧੀ ਸਿੱਧ ਹੋਵੇਗਾ। ਜਿਵੇਂ ਇਕ ਬੰਦਾ ਦੂਜਿਆਂ ਤੋਂ ਆਪਣੀ ਰੱਖਿਆ ਕਰਨ ਦੀ ਸੋਚ ਬਣਾ ਕੇ ਇਕ ਤਲਵਾਰ ਖਰੀਦ ਲੈਂਦਾ ਹੈ। ਅਸਲ ਵਿਚ ਇਹ ਉਸ ਦਾ ਇਕ ਭੁਲੇਖਾ ਹੁੰਦਾ ਹੈ। ਆਪਣੇ ਆਪ ਨਾਲ ਧੋਖਾ ਕਰਨ ਦੀ ਗੱਲ ਹੈ। ਇਹ ਦੂਜਿਆਂ 'ਤੇ ਵਿਸ਼ਵਾਸ ਨਾ ਕਰਨ, ਅਨਜਾਣਤਾ ਅਤੇ ਬੇਗ਼ਾਨਗੀ ਦਾ ਨਤੀਜਾ ਹੈ। ਜਦੋਂ ਇਸੇ ਤਰ੍ਹਾਂ ਸਿਰਫ਼ ਆਪਣੀ ਰੱਖਿਆ ਦੀ ਸੋਚ ਨੂੰ ਪਹਿਲ ਦੇ ਕੇ ਹੋਰ ਲੋਕ ਵੀ ਤਲਵਾਰਾਂ ਖਰੀਦਣਗੇ। ਫਿਰ ਉਹ ਸਾਰੀਆਂ ਤੁਹਾਡੀ ਸੁਰੱਖਿਆ ਲਈ ਖਤਰਾ ਹੋਣਗੀਆਂ, ਬਣ ਜਾਣਗੀਆਂ। ਜੇਕਰ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਦੀ ਸੋਚ ਰੱਖ ਕੇ ਤਲਵਾਰ ਖਰੀਦ ਰਹੇ ਹੋ ਤਾਂ ਜਿੰਨੀਆਂ ਹੋਰ ਲੋਕ ਤਲਵਾਰਾਂ ਖਰੀਦਣਗੇ। ਉਹ ਸਾਰੀਆਂ ਤੁਹਾਡੀ ਰੱਖਿਆ ਸਾਬਤ ਹੋਣਗੀਆਂ। ਪ੍ਰੰਤੂ ਜੇਕਰ ਹਰ ਇਕ ਦੀ ਸੋਚ ਹੀ ਇਥੇ ਪਹੁੰਚ ਜਾਵੇ ਕਿ ਦੂਜਿਆਂ ਦੇ ਹਿੱਤਾਂ ਦੀ ਰੱਖਿਆ ਕਰਨੀ ਹੈ। ਫਿਰ ਤਲਵਾਰਾਂ, ਤੀਰਾਂ, ਬੰਦੂਕਾਂ, ਬੰਬਾਂ ਦੀ ਲੋੜ ਹੀ ਨਹੀਂ ਪੈਣੀ। ਮੁਸ਼ਕਿਲ ਇਹੋ ਹੈ ਕਿ ਝੂਠ ਸਿਰਫ ਆਪਣੇ ਹਿੱਤ ਲਈ ਬੋਲਿਆ ਜਾ ਰਿਹਾ ਹੈ। ਅਸਲਾ ਸਿਰਫ ਆਪਣੀ ਰੱਖਿਆ ਵਾਸਤੇ ਤਿਆਰ ਕੀਤਾ ਜਾ ਰਿਹਾ ਹੈ, ਖ੍ਰੀਦਿਆ ਜਾ ਰਿਹਾ ਹੈ। ਇੰਝ ਹੀ ਸੱਚ ਵੀ ਸਿਰਫ ਆਪਣੇ ਹਿੱਤ ਲਈ ਬੋਲਿਆ ਜਾ ਰਿਹਾ ਹੈ। ਇਸੇ ਕਰਕੇ ਝੂਠ ਤਾਂ ਕੀ ਸੱਚ ਵੀ ਪਾਪ ਵਰਗਾ ਹੀ ਬੋਲਿਆ ਜਾਂਦਾ ਹੈ। ਜਦੋਂ ਦੋਨਾਂ ਦਾ ਮਕਸਦ ਸਿਰਫ ਤਾਂ ਸਿਰਫ ਆਪਣਾ ਹਿੱਤ ਹੈ। ਫਿਰ ਜਿੰਨਾ ਬੁਰਾ ਝੂਠ ਹੈ। ਓਨਾ ਹੀ ਮਾੜਾ ਸੱਚ ਹੈ।

ਕੀ ਮਰਨਾ ਸੱਚ ਹੈ ਤੇ ਜੀਣਾ ਝੂਠ ਹੈ? ਪ੍ਰੰਤੂ ਅਸਲ ਵਿਚ ਨਾ ਤਾਂ ਮਰਨਾ ਸੱਚ ਹੈ ਤੇ ਨਾ ਹੀ ਜੀਉਣਾ ਝੂਠ ਹੈ। ਮਰਨਾ ਸੱਚ ਨਹੀਂ ਹੈ। ਮਰਨਾ ਜੀਵਨ ਦਾ ਇਕ ਪੜਾਅ ਹੈ। ਤਬਦੀਲੀ ਕੁਦਰਤ ਦਾ ਨਿਯਮ ਹੈ। ਜੀਵਨ ਦਾ ਰੂਪ ਤਬਦੀਲ ਹੋ ਜਾਂਦਾ ਹੈ। ਪ੍ਰੰਤੂ ਪਦਾਰਥ ਦੀ ਕਿਰਿਆ ਲਗਾਤਾਰ ਹੀ ਚੱਲਦੀ ਰਹਿੰਦੀ ਹੈ। ਸਿਰਫ਼ ਅਨਜਾਣ ਲੋਕਾਂ ਨੂੰ ਹੀ ਮਰਨਾ ਸੱਚ ਲਗਦਾ ਹੈ। ਜੋ ਕਿਰਿਆ ਅਨੰਤ ਕਾਲ ਤੋਂ ਚੱਲ ਰਹੀ ਹੈ। ਉਸ ਨੇ ਅਸੀਮ ਸਮੇਂ ਤੱਕ ਚਲਦੇ ਜਾਣਾ ਹੈ। ਇਸ ਦਾ ਨਾ ਕੋਈ ਆਦਿ ਹੈ ਨਾ ਅੰਤ। ਜਿਵੇਂ ਦੁੱਧ ਤੋਂ ਦਹੀਂ, ਦਹੀਂ ਤੋਂ ਮੱਖਣ, ਮੱਖਣ ਤੋਂ ਘਿਉ। ਮੌਤ ਸਿਰਫ਼ ਇਕ ਪੜਾਅ ਦਾ ਨਾਂ ਹੈ। ਇਸ ਦਾ ਮਤਲਬ ਅੰਤ ਨਹੀਂ ਹੈ। ਇਹ ਕਿਰਿਆ ਜੋ ਲਗਾਤਾਰ ਅਸੀਮ ਸਮੇਂ ਤੋਂ ਚੱਲ ਰਹੀ ਹੈ। ਇਹ ਜੀਵਨ ਹੈ। ਪਦਾਰਥ, ਗਤੀ ਤੇ ਸਮਾਂ ਇਸ ਦੇ ਅੰਗ ਹਨ। ਰੂਪ ਹਨ। ਇਹ ਝੂਠ ਨਹੀਂ ਹੈ। ਚਲਣਾ ਹੀ ਜੀਵਨ ਦਾ ਨਾਂ ਹੈ। ਤਬਦੀਲੀ ਇਸ ਦਾ ਰਸਤਾ ਹੈ। ਇਸ ਨੇ ਚਲਦੇ ਹੀ ਰਹਿਣਾ ਹੈ। ਮਨੁੱਖ ਦਾ ਮੌਜੂਦਾ ਰੂਪ ਵੀ ਸਥਿਰ ਨਹੀਂ ਹੈ। ਇਹ ਅਗਲੇ ਪੜਾਅ ਵੱਲ ਧਰਤੀ ਦੀਆਂ ਦੈਨਿਕ ਅਤੇ ਵਾਰਸ਼ਿਕ ਗਤੀਆਂ ਵਾਂਗ ਚੱਲ ਰਿਹਾ ਹੈ, ਬਦਲ ਰਿਹਾ ਹੈ। ਜਿਵੇਂ ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਅਤੇ ਨਾਲ-ਨਾਲ ਸੂਰਜ ਦੀ ਪ੍ਰਕਰਮਾ ਵੀ ਕਰਦੀ ਹੈ। ਇੰਜ ਹੀ ਮਨੁੱਖ ਦੇ ਸਰੀਰ ਅੰਦਰ ਰਸਾਇਣਿਕ ਕਿਰਿਆਵਾਂ ਚੱਲ ਰਹੀਆਂ ਹਨ। ਦੂਜਾ ਉਸ ਦੇ ਜੀਵਨ ਦੇ ਵਿਕਾਸ ਦੀ ਕਿਰਿਆ ਚੱਲ

ਰਹੀ ਹੈ। ਜੋ ਇਕ ਸੈਲ ਵਾਲੇ ਜੀਵਾਂ ਤੋਂ ਲੈ ਕੇ ਮੌਜੂਦਾ ਹੋਂਦ ਤੱਕ ਦਾ ਸਫ਼ਰ ਹੈ। ਇਹ ਵੀ ਆਪਣੇ ਆਪ ਅਗਲੇ ਪੜਾਅ ਵੱਲ ਵਧ ਰਿਹਾ ਹੈ। ਇਹ ਜੀਵਨ ਦੇ ਦੋ ਵੱਖ-ਵੱਖ ਰੂਪ ਕਹੇ ਜਾ ਸਕਦੇ ਹਨ। ਇਨ੍ਹਾਂ ਦੋਨਾਂ ਦਾ ਕੋਈ ਸਿਰਾ ਨਹੀਂ ਹੈ। ਜਿਸ ਬਾਰੇ ਕੁਝ ਕਿਹਾ ਜਾ ਸਕੇ ਜਾਂ ਕੋਈ ਦੱਸ ਸਕੇ। ਅੱਜ ਤੱਕ ਤਾਂ ਕੀ ਕਦੇ ਵੀ ਕੋਈ ਜੀਵਨ ਦਾ ਅੰਤ ਨਹੀਂ ਦੱਸ ਸਕੇਗਾ। ਇਸ ਲਈ ਜੀਵਨ ਸੱਚ ਹੈ ਤੇ ਰਹੇਗਾ। ਇਸ ਜੀਵਨ ਦੀ ਮੌਤ ਕਦੇ ਵੀ ਨਹੀਂ ਹੋਵੇਗੀ। ਮੌਤ ਨੂੰ ਝੂਠ ਕਿਹਾ ਜਾਵੇਗਾ, ਮੰਨਣਾ ਪਵੇਗਾ। ਇਸ ਸੰਸਾਰ ਨੂੰ ਝੂਠ ਦੱਸਿਆ ਜਾ ਰਿਹਾ ਹੈ। ਇਹ ਸੰਸਾਰ ਕੂੜ ਦਾ ਪਸਾਰਾ ਨਹੀਂ ਹੈ। ਝੂਠ ਨਹੀਂ ਹੈ ਇਹ ਤਾਂ ਅੰਨ੍ਹੇ ਵਲੋਂ ਰੰਗਾਂ ਦੀ ਪਛਾਣ ਕਰਨ ਵਰਗੀ ਗੱਲ ਕਹੀ ਜਾ ਸਕਦੀ ਹੈ। ਆਪ ਇਸ ਸੰਸਾਰ ਦਾ ਹਿੱਸਾ ਹੋਣ ਦੇ ਬਾਵਜੂਦ ਵੀ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਸੰਸਾਰ ਝੂਠਾ ਹੈ। ਕੀ ਤੁਹਾਡੀ ਹੋਂਦ ਝੂਠ ਹੈ? ਕੀ ਤੁਸੀਂ ਨਹੀਂ ਹੋ? ਮੇਰੇ ਹੱਥ ਵਿਚ ਇਕ ਗੇਂਦ ਫੜੀ ਹੋਈ ਹੈ। ਪਰ ਮੈਂ ਇਹ ਕਹਾਂ ਕਿ ਮੇਰੇ ਹੱਥ ਵਿਚ ਗੇਂਦ ਨਹੀਂ ਹੈ। ਹਰ ਕੋਈ ਦੇਖਣ-ਸੁਣਨ ਵਾਲਾ ਕਹੇਗਾ, "ਸਾਨੂੰ ਮੂਰਖ ਸਮਝ ਰਿਹਾ ਹੈ। ਝੂਠ ਬੋਲ ਰਿਹਾ ਹੈ।" ਪ੍ਰੰਤੂ ਇਥੇ ਤਾਂ ਆਪਣੇ ਆਪ ਹੀ ਮੂਰਖ ਬਣਿਆ ਜਾ ਰਿਹਾ ਹੈ। ਜਦੋਂ ਸਾਰਾ ਸੰਸਾਰ ਸਾਹਮਣੇ ਹੀ ਹੈ। ਫਿਰ ਕਹਿਣ ਜਾਂ ਦੱਸਣ ਦੀ ਜ਼ਰੂਰਤ ਨਹੀਂ। ਹੱਥ ਵਿਚ ਫੜੀ ਹੋਈ ਗੇਂਦ ਕਿਸੇ ਅੰਨ੍ਹੇ ਨੂੰ ਤਾਂ ਨਹੀਂ ਦਿਖਾਈ ਦੇ ਸਕਦੀ। ਪਰ, ਉਸ ਨੂੰ ਦੱਸਿਆ ਜਾ ਸਕਦਾ ਹੈ। ਗੇਂਦ ਦੀ ਹੋਂਦ ਉਸ ਦੇ ਸਰੀਰ ਨਾਲ ਛੁਹਾ ਕੇ ਕਰਾਈ ਜਾ ਸਕਦੀ ਹੈ। ਪ੍ਰੰਤੂ ਜੇਕਰ ਕੋਈ ਮਨੁੱਖ ਦੇਖ ਸਕਦਾ ਹੈ। ਪਰ ਦੇਖਣ ਦੇ ਬਾਵਜੂਦ ਵੀ ਇਨਕਾਰੀ ਹੋ ਰਿਹਾ ਹੈ। ਤਾਂ ਜ਼ਰੂਰ ਉਸ ਵਿਚ ਕੋਈ ਚਲਾਕੀ ਜਾਂ ਸ਼ੈਤਾਨੀਅਤ ਹੈ। ਉਸ ਪਿੱਛੇ ਕੋਈ ਨਾ ਕੋਈ ਰਾਜ਼ ਹੈ। ਉਹ ਮਨੁੱਖ ਧਰਮ ਦਾ ਪ੍ਰਤੀਨਿੱਧ ਹੋਵੇਗਾ। ਜੋ ਸੰਸਾਰ ਨੂੰ ਝੂਠ ਕਹਿ ਕੇ ਲੋਕਾਂ ਨੂੰ ਠੱਗਣ ਦਾ ਧੰਦਾ ਕਰ ਰਿਹਾ ਹੈ। ਲੋਕਾਂ ਨੂੰ ਮੂਰਖ ਬਣਾ ਰਿਹਾ ਹੈ। ਆਪ ਬਣ ਰਿਹਾ ਹੈ।

ਧਰਮ ਮਨੁੱਖ ਦੇ ਦਿਮਾਗ਼ ਨੂੰ ਸੁੰਨ ਕਰ ਦਿੰਦਾ ਹੈ। ਜਿਸ ਦਾ ਦਿਮਾਗ਼ ਹੀ ਸੁੰਨ ਹੋਵੇ। ਉਸ ਨੂੰ ਗੇਂਦ ਦਿਖਾਈ ਨਹੀਂ ਦੇਵੇਗੀ। ਨਾ ਹੀ ਉਸ ਦੇ ਸਰੀਰ ਨੂੰ ਛੁਹਾ ਕੇ ਹੀ ਅਹਿਸਾਸ ਕਰਵਾਇਆ ਜਾ ਸਕਦਾ ਹੈ। ਅਜਿਹੇ ਮਨੁੱਖ ਲਈ ਜ਼ਰੂਰ ਹੀ ਸੰਸਾਰ ਕੂੜ ਦਾ ਪਸਾਰਾ ਹੋ ਸਕਦਾ ਹੈ। ਭਾਵ ਝੂਠ ਹੋ ਸਕਦਾ ਹੈ। ਪ੍ਰੰਤੂ ਇਕ ਸਹੀ ਮਨੁੱਖ ਇਸ ਸੰਸਾਰ ਨੂੰ ਕੂੜ ਦਾ ਪਸਾਰਾ ਨਹੀਂ ਸਮਝਦਾ। ਸਗੋਂ ਇਸ ਸੰਸਾਰ ਨੂੰ ਸੱਚ ਮੰਨ ਕੇ, ਇਸ ਧਰਤੀ ਉੱਪਰ ਮਨੁੱਖੀ ਜੀਵਨ ਨੂੰ ਸਭ ਦੇ ਮਾਨਣਯੋਗ ਬਣਾਉਣ ਲਈ ਯਤਨ ਕਰਦਾ ਹੈ। ਜਿਹੜਾ ਇਸ ਸੰਸਾਰ ਨੂੰ ਝੂਠਾ ਹੀ ਸਮਝ ਰਿਹਾ ਹੈ। ਉਹ ਇਸ ਦੇ ਵਾਸਤੇ ਕੁਝ ਵੀ ਕਰਨ ਲਈ ਤਿਆਰ ਨਹੀਂ ਹੋਵੇਗਾ। ਇਸ ਕਰਕੇ ਧਰਮ ਨੂੰ ਮੰਨਣ ਵਾਲਾ ਕਿਸੇ ਅਖੌਤੀ ਸੰਸਾਰ ਦੇ ਸਵਰਗ ਵਿਚ ਜਾਣ ਲਈ ਤਾਂ ਜ਼ਰੂਰੀ ਹੱਥ, ਪੈਰ ਮਾਰਦਾ ਹੈ। ਪ੍ਰੰਤੂ ਇਸ ਸੰਸਾਰ ਨੂੰ ਧਰਤੀ ਦੇ ਮਨੁੱਖੀ ਜੀਵਨ ਨੂੰ ਚੰਗਾ ਬਣਾਉਣ ਲਈ ਕੋਈ ਯਤਨ ਕਰਨ ਲਈ ਤਿਆਰ ਨਹੀਂ ਹੁੰਦਾ। ਜਿਸ ਕਾਰਨ ਉਹ ਆਪ ਵੀ ਦੁਖੀ ਰਹਿੰਦਾ ਹੈ ਤੇ ਦੂਜਿਆਂ ਲਈ ਵੀ ਮੁਸੀਬਤ ਬਣਦਾ ਹੈ। ਜਦੋਂ ਤੱਕ ਇਸ ਸੋਚ ਨੂੰ ਤਿਆਗ ਨਹੀਂ ਦਿੱਤਾ ਜਾਂਦਾ ਕਿ ਇਹ ਸੰਸਾਰ ਝੂਠਾ ਹੈ। ਓਨਾ ਚਿਰ ਇਸ ਨੂੰ ਸੰਵਾਰਨ ਵਾਸਤੇ ਬਹੁ ਗਿਣਤੀ ਤਿਆਰ ਨਹੀਂ

ਹੋਵੇਗੀ। ਸਰਬੱਤ ਦੇ ਭਲੇ ਵਾਸਤੇ ਇਸ ਸੋਚ, ਵਿਚਾਰ, ਸਮਝ ਨੂੰ ਛੱਡਣਾ ਹੀ ਪੈਣਾ ਹੈ।

ਸੱਚ ਹਮੇਸ਼ਾ ਕੌੜਾ ਹੁੰਦਾ ਹੈ। ਸੱਚ ਬੋਲਣਾ ਸੌਖਾ ਨਹੀਂ ਹੁੰਦਾ। ਸੱਚ ਸੁਣਨਾ ਵੀ ਔਖਾ ਹੁੰਦਾ ਹੈ। ਕੀ ਇਨ੍ਹਾਂ ਵਿਚਾਰਾਂ ਨੂੰ ਇੰਝ ਹੀ ਮੰਨਿਆ ਜਾ ਸਕਦਾ ਹੈ। ਸੱਚ ਹਮੇਸ਼ਾ ਕੌੜਾ ਨਹੀਂ ਹੁੰਦਾ ਤੇ ਨਾ ਹੀ ਝੂਠ ਮਿੱਠਾ ਹੁੰਦਾ ਹੈ। ਕਿਸੇ ਵਿਅਕਤੀ ਬਾਬਤ ਬੋਲਿਆ ਉਹ ਸੱਚ ਹੀ ਕੌੜਾ ਲੱਗਦਾ ਹੈ, ਜੋ ਉਸ ਦੇ ਵਿਰੁੱਧ ਹੁੰਦਾ ਹੈ। ਜੇਕਰ ਸੱਚ ਉਹ ਦੇ ਹੱਕ ਵਿਚ ਹੈ ਤਾਂ ਉਸ ਦਾ ਕੋਈ ਵੀ ਵਿਰੋਧ ਨਹੀਂ ਕਰਦਾ। ਉਹ ਸੱਚ ਕਿਸੇ ਦੇ ਸਾਹਮਣੇ ਕਿਹਾ ਜਾਵੇ ਜਾਂ ਪਿੱਠ ਪਿੱਛੇ। ਇਸੇ ਤਰ੍ਹਾਂ ਹੀ ਝੂਠ ਬਾਰੇ ਹਰ ਬੰਦੇ ਦਾ ਪ੍ਰਤੀਕ੍ਰਮ ਹੁੰਦਾ ਹੈ। ਜੇਕਰ ਝੂਠ ਉਹ ਦੇ ਹੱਕ ਵਿਚ ਹੈ ਤਾਂ ਉਹ ਉਸ ਦਾ ਵਿਰੋਧ ਨਹੀਂ ਕਰਦਾ। ਜੇਕਰ ਝੂਠ ਉਸ ਦੇ ਵਿਰੁੱਧ ਹੈ ਤਾਂ ਉਹ ਉਸ ਨੂੰ ਸਹਿਣ ਨਹੀਂ ਕਰਦਾ।

ਉਹ ਸੱਚ ਤੇ ਝੂਠ ਵੀ ਬੋਲਣਾ ਔਖਾ ਹੁੰਦਾ ਹੈ। ਜੋ ਕਿਸੇ ਦੇ ਵਿਰੁੱਧ ਜਾਂਦਾ ਹੋਵੇ। ਖਾਸ ਕਰਕੇ ਬਹੁ-ਗਿਣਤੀ ਦੀ ਰੂੜੀਵਾਦੀ ਸੋਚ, ਧਾਰਨਾ ਵਿਰੁੱਧ ਜਾਣ ਵਾਲਾ ਸੱਚ ਤੇ ਝੂਠ ਕਹਿਣਾ ਬਹੁਤ ਔਖਾ ਹੁੰਦਾ ਹੈ। ਭਾਵੇਂ ਉਸ ਬਹੁ-ਗਿਣਤੀ ਨੂੰ ਉਸ ਦਾ ਲਾਭ ਹੀ ਹੋਣਾ ਹੋਵੇ। ਪਰ ਕਿਉਂਕਿ ਅਜੇ ਉਨ੍ਹਾਂ ਦੀ ਸਮਝ ਇਸ ਪੱਧਰ 'ਤੇ ਨਹੀਂ ਆਈ ਹੁੰਦੀ। ਇਸ ਵਾਸਤੇ ਉਨ੍ਹਾਂ ਨੂੰ ਆਪਣੇ ਹਿੱਤ ਵਿਚ ਬੋਲਿਆ ਸੱਚ ਜਾਂ ਝੂਠ ਵੀ ਬੁਰਾ ਲੱਗਦਾ ਹੈ। ਜੋ ਦੂਜਿਆਂ ਦੇ ਭਲੇ ਵਾਲਾ ਹੋਵੇ, ਅਜਿਹਾ ਸੱਚ ਜਾਂ ਝੂਠ ਕਹਿਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਆਪਣਾ ਬਣਦਾ ਸਹੀ ਰੋਲ ਨਿਭਾਉਣਾ ਚਾਹੀਦਾ ਹੈ। ਇਹ ਇਕ ਚੰਗੇ ਮਨੁੱਖ ਦਾ ਫਰਜ਼ ਹੈ। ਅਜਿਹਾ ਮਨੁੱਖ ਹੀ ਮਹਾਨ ਬਣਦਾ ਹੈ। ਅਜਿਹਾ ਮੌਕਾ ਕਿਸੇ ਨੂੰ ਵੀ ਨਹੀਂ ਗੁਆਉਣਾ ਚਾਹੀਦਾ। ਅੱਜ ਤੋਂ ਬਾਅਦ ਵੇਲੇ ਦੀ ਯੋਗ ਵਰਤੋਂ ਕਰਨ ਦੀ ਪ੍ਰਤਿਗਿਆ ਕਰ ਲੈਣੀ ਹੋਵੇਗੀ। ਦੂਜਿਆਂ ਦੇ ਹਿੱਤ ਨੂੰ ਅੱਖੋਂ-ਪਰੋਖੇ ਨਾ ਕਰਨ ਦਾ ਫੈਸਲਾ ਕਰ ਲੈਣਾ ਹੋਵੇਗਾ। ਫਿਰ ਸੱਚ ਕੌੜਾ ਨਹੀਂ ਰਹੇਗਾ। ਨਾ ਹੀ ਸੁਣਨਾ ਔਖਾ ਲੱਗੇਗਾ।

ਹੁਣ ਇਸ ਨਤੀਜੇ 'ਤੇ ਸੌਖਿਆ ਹੀ ਪਹੁੰਚਿਆ ਜਾ ਸਕਦਾ ਹੈ ਕਿ ਸੱਚ ਅਤੇ ਝੂਠ ਨਾਲ ਜੁੜੀਆਂ ਹੋਈਆਂ ਧਾਰਨਾਵਾਂ ਦਾ ਬਿੰਬ ਜੋ ਪਹਿਲਾਂ ਦਰਸਾਇਆ ਜਾ ਰਿਹਾ ਹੈ। ਅਸਲੀਅਤ ਵਿਚ ਉਹ ਨਹੀਂ ਹੈ। ਇਸ ਗੱਲ ਤੋਂ ਹੁਣ ਪਰਦਾ ਚੁੱਕਿਆ ਗਿਆ ਹੈ। ਸੱਚ ਦਾ ਝੂਠ ਅਤੇ ਝੂਠ ਦਾ ਸੱਚ ਸਾਹਮਣੇ ਆ ਗਿਆ ਹੈ। ਇਹ ਕਿਵੇਂ, ਕਦੋ ਕਿੱਥੇ ਕਿਸੇ ਦੇ ਹਿੱਤ ਵਿਚ ਹੈ। ਕਿਸੇ ਦੇ ਹਿੱਤ ਨੂੰ ਆਪਣਾ ਹਿੱਤ ਮੰਨਣ ਦੀ ਸਮਝ ਬਣਾਉਣੀ ਪਵੇਗੀ। ਇਹ ਸਾਡੀਆਂ ਤੁਹਾਡੀਆਂ ਸਭ ਦੀਆਂ ਮੁਸ਼ਕਿਲਾਂ ਹੱਲ ਕਰ ਦੇਵੇਗਾ। ਇਹ ਸਰਬੱਤ ਦੇ ਭਲੇ ਦਾ ਫਾਰਮੂਲਾ ਹੈ। ਜੋ ਸਭ ਨੂੰ ਅਪਣਾ ਤੇ ਅਜ਼ਮਾ ਲੈਣਾ ਚਾਹੀਦਾ ਹੈ।

***

ਧਰਮ, ਠੇਸ 'ਤੇ ਭਾਵਨਾਵਾਂ

ਧਰਮ ਝੂਠ ਦੀ ਪੰਡ ਹੈ। ਇਹ ਕਪਟ ਦਾ ਘਰ ਹੈ। ਧਰਮ ਪੁਆੜਿਆਂ ਦੀ ਜੜ੍ਹ ਹੈ। ਇਹ ਸ਼ੈਤਾਨ ਦਾ ਸਿਰ ਹੈ। ਧਰਮ ਲੁੱਟ ਦਾ ਮਾਰਗ ਹੈ। ਇਹ ਰਾਜ ਸੱਤਾ ਦੀ ਡੰਗੋਰੀ ਹੈ। ਧਰਮ ਗੁਲਾਮੀ ਦਾ ਚਿੰਨ੍ਹ ਹੈ। ਇਹ ਮਾਨਵ ਦੋਖੀ ਹੈ। ਧਰਮ ਦਹਿਸ਼ਤ ਦਾ ਨਾਂ ਹੈ। ਇਹ ਲੜਾਈ ਦਾ ਮੁੱਢ ਹੈ। ਧਰਮ ਵੱਡਾ ਰੋਗ ਹੈ। ਇਹ ਅਪਾਹਜ ਬਣਾਉਂਦਾ ਹੈ। ਧਰਮ ਸੱਚ ਦਾ ਵੈਰੀ ਹੈ। ਇਹ ਹਨ੍ਹੇਰ ਦਾ ਸਾਥੀ ਹੈ। ਧਰਮ ਠੱਗੀ ਦਾ ਸਾਧਨ ਹੈ। ਇਹ ਧੋਖੇ ਦਾ ਧੁਰਾ ਹੈ। ਧਰਮ ਅਕ੍ਰਿਤਘਣ ਹੈ। ਇਹ ਤਰੱਕੀ ਦੇ ਰਾਹ ਦਾ ਰੋੜਾ ਹੈ। ਧਰਮ ਤਰਕ ਦਾ ਵਿਰੋਧੀ ਹੈ। ਇਹ ਪਾਖੰਡ ਦਾ ਸਿਰਾ ਹੈ।

ਸੁਕਰਾਤ ਦਾ ਕਥਨ ਹੈ ਕਿ ਜਿਹੇ ਤੇਰੇ ਸ਼ਬਦ ਤਿਹੇ ਤੇਰੇ ਭਾਵ। ਜਿਹੇ ਤੇਰੇ ਭਾਵ ਤਿਹੇ ਤੇਰੇ ਕੰਮ। ਜਿਹੇ ਤੇਰੇ ਕੰਮ ਤਿਹਾ ਤੇਰਾ ਜੀਵਨ। ਇਸੇ ਤਰ੍ਹਾਂ ਉਪਰੋਕਤ ਤੋਂ ਧਰਮ ਦੀ ਮੂਲ ਭਾਵਨਾ ਦਾ ਝਲਕਾਰਾ ਮਿਲ ਜਾਂਦਾ ਹੈ। ਧਰਮ ਦਾ ਮਕਸਦ ਸਾਹਮਣੇ ਆ ਜਾਂਦਾ ਹੈ। ਧਰਮ ਦੀ ਕਹਿਣੀ ਕਰਨੀ ਦੀ ਤਾਸੀਰ ਮਾਨਵ ਵਿਰੋਧੀ ਹੈ। ਧਰਮ ਦੀ ਪੈਦਾਇਸ਼ ਡਰ ਵਿੱਚੋਂ ਹੋਈ ਸੀ। ਡਰ ਅਗਿਆਨ ਦਾ ਦੂਜਾ ਨਾਂ ਹੈ। ਸੱਚ ਜਾਨਣ ਵਾਲੇ, ਤਰਕ ਦੇ ਸਾਥੀ ਗਿਆਨ ਪ੍ਰਾਪਤ ਕਰਕੇ ਧਰਮ ਦੀ ਦਹਿਸ਼ਤ ਤੋਂ ਨਿਜ਼ਾਤ ਪਾ ਲੈਂਦੇ ਹਨ। ਪ੍ਰੰਤੂ ਅਗਿਆਨੀ ਲੋਕ ਧਰਮ ਦੀ ਦਹਿਸ਼ਤ ਹੇਠ ਦਿਨ ਕਟੀ ਕਰਦੇ ਰਹਿੰਦੇ ਹਨ। ਧਰਮ ਦਾ ਇਤਿਹਾਸ ਮਨੁੱਖੀ ਖ਼ੂਨ ਨਾਲ ਲੱਥ-ਪੱਥ ਹੈ। ਇਹ ਮਨੁੱਖਤਾ ਦਾ ਕਾਤਲ ਹੈ। ਸੰਸਾਰ ਪੱਧਰ ਤੇ ਹੁਣ ਤੱਕ ਹੋਈਆਂ ਲੜਾਈਆਂ ਵਿੱਚੋਂ ਦੋ-ਤਿਹਾਈ ਲੜਾਈਆਂ ਸਿਰਫ਼ ਧਰਮ ਦੇ ਕਾਰਨ ਹੀ ਲੜੀਆਂ ਗਈਆਂ ਹਨ। ਜਿਸ ਦਾ ਇਤਿਹਾਸ ਗਵਾਹ ਹੈ। ਜਿਨ੍ਹਾਂ ਵਿਚ ਕਰੋੜਾਂ ਨਿਰਦੋਸ਼ ਲੋਕ ਮਾਰੇ ਗਏ ਹਨ। ਇਸ ਵਾਸਤੇ ਧਰਮ ਨੂੰ ਪੁਆੜਿਆਂ ਦੀ ਜੜ੍ਹ ਤੇ ਲੜਾਈ ਦਾ ਮੁੱਢ ਕਹਿਣਾ ਹੀ ਪਵੇਗਾ। ਇਸ ਤੋਂ ਇਹ ਵੀ ਮੰਨਿਆ ਜਾਣਾ ਹੈ ਕਿ ਧਰਮ ਮਾਨਵ ਦਾ ਦੋਖੀ ਹੈ। ਅਗਿਆਨ ਦੀ ਮੂਰਤ ਹੈ।

ਹਾਂ, ਇਹ ਕਹਿਣਾ ਵੀ ਕੋਈ ਗੁਨਾਹ ਨਹੀਂ, ਧਰਮ ਝੂਠ ਦੀ ਪੰਡ ਹੈ। ਇਹ ਅਜੇ ਵੀ ਧਰਤੀ ਨੂੰ ਬਲਦ ਦੇ ਸਿੰਘਾਂ ਅਤੇ ਨਾਗ ਦੇ ਫ਼ਨ ਉੱਪਰ ਟਿਕਾਈ ਹੋਈ ਦੱਸਦਾ ਜਾ ਰਿਹਾ ਹੈ। ਇੰਝ ਹੀ 84 ਲੱਖ ਜੂਨਾਂ ਦਾ ਰੱਟਾ ਲਾਈ ਜਾਂਦਾ ਹੈ। ਜਦੋਂ ਕਿ ਵਿਗਿਆਨੀ ਡੇਢ ਕਰੋੜ ਤੋਂ ਵੱਧ ਜੀਵਾਂ ਦੀ ਗਿਣਤੀ ਕਰੀ ਬੈਠੇ ਹਨ। ਮਨੁੱਖ ਦੇ ਪੈਦਾ ਹੋਣ ਦਾ ਭੇਦ ਜਾਣਿਆ ਜਾ ਚੁੱਕਾ ਹੈ। ਜੇਕਰ ਕਿਸੇ ਕਾਰਨ ਮਾਂ ਦੇ ਗਰਭ (ਬੱਚੇਦਾਨੀ) ਵਿੱਚ ਬੱਚਾ ਪੈਦਾ ਹੋਣ ਦੇ ਆਸਾਰ ਨਹੀਂ ਬਣਦੇ ਤਾਂ ਜਾਂਚ-ਪੜਤਾਲ ਕਰਕੇ ਇਲਾਜ ਉਪਰੰਤ ਬੱਚੇ ਦੀ ਪੈਦਾਇਸ਼ ਦੇ ਯੋਗ ਬਣਾ ਦਿੱਤਾ ਜਾਂਦਾ ਹੈ। ਪਰ ਧਰਮ ਕਹਿ ਰਿਹਾ ਹੈ ਕਿ

ਜੀਵਨ ਮਰਨ ਰੱਬ ਦੇ ਹੱਥ ਹੈ। ਸੈਂਕੜੇ ਹੀ ਜੀਵਨ ਰੱਖਿਅਕ ਦਵਾਈਆਂ, ਯੰਤਰ ਆਦਿ ਮੌਤ ਦਾ ਰਾਹ ਰੋਕਣ ਲਈ ਤਿਆਰ ਕੀਤੇ ਗਏ ਹਨ। ਬਹੁਤੀ ਵਾਰ ਮੌਤ ਨੂੰ ਵਾਪਸ ਮੁੜਨਾ ਪੈਂਦਾ ਹੈ। ਪ੍ਰੰਤੂ ਜੀਵਨ ਤੇ ਰਬੜ ਨੂੰ ਇੱਕ ਖ਼ਾਸ ਹੱਦ ਤੱਕ ਹੀ ਵਧਾਇਆ ਜਾ ਸਕਦਾ ਹੈ।

ਇਹ ਵੀ ਜਾਣ ਗਏ ਹਾਂ ਕਿ ਕਿਵੇਂ ਇੱਕ ਸੈੱਲ ਵਾਲੇ ਜੀਵ ਤੋਂ ਵਿਕਾਸ ਕਰਦਿਆਂ ਬਾਂਦਰ ਰਾਹੀਂ ਮਨੁੱਖ ਤੱਕ ਦਾ ਸਫ਼ਰ ਤਹਿ ਹੋਇਆ ਹੈ। ਐਪਰ ਧਰਮ ਕਿਸੇ ਰੱਬ/ਦੇਵਤੇ/ਗੈਬੀ ਸ਼ਕਤੀ ਦੁਆਰਾ ਸਿੱਧਾ ਹੀ ਮੌਜੂਦਾ ਰੂਪ 'ਚ ਮਨੁੱਖ ਨੂੰ ਧਰਤੀ ਤੇ ਭੇਜਣ/ਆਉਣ ਦੀ ਗੱਲ ਅਜੇ ਵੀ ਕਰੀ ਜਾਂਦਾ ਹੈ। ਧਰਮ ਸ੍ਰਿਸ਼ਟੀ ਦੀ ਰਚਨਾ ਦਾ ਸਿਹਰਾ ਕਿਸੇ ਰੱਬੀ/ਗੈਬੀ ਸ਼ਕਤੀ ਦੇ ਸਿਰ ਬੰਨਦਾ ਹੈ। ਹੈਰਾਨੀ ਦੀ ਗੱਲ ਹੈ ਕਿ ਵੱਖ-ਵੱਖ ਧਰਮਾਂ ਦੇ ਸ੍ਰਿਸ਼ਟੀ ਸਿਰਜਨ ਵਾਲੇ ਪਾਤਰ ਵੱਖ-ਵੱਖ ਹਨ। ਉਨ੍ਹਾਂ ਦੇ ਆਪਣੇ ਪੈਦਾ ਹੋਣ ਦਾ ਸਮਾਂ ਵੱਖਰਾ-ਵੱਖਰਾ ਹੈ। ਪ੍ਰੰਤੂ ਸ਼੍ਰਿਸਟੀ ਇੱਕ ਹੀ ਸਾਜੀ ਗਈ ਹੈ। ਇਨ੍ਹਾਂ ਵਿਚੋਂ ਕਿਸ ਨੇ, ਕਦੋਂ, ਕਿੰਨੇ ਸਮੇਂ 'ਚ ਕਿਵੇਂ ਸਾਜ਼ੀ ਹੈ। ਇਹ ਫ਼ੈਸਲਾ ਅਜੇ ਹੋਣਾ ਬਾਕੀ ਹੈ, ਪਰ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਕੋਈ ਰੱਬੀ/ਗੈਬੀ ਸ਼ਕਤੀ ਨਹੀਂ। ਜਿਸ ਨੇ ਸ਼੍ਰਿਸਟੀ ਨੂੰ ਸਿਰਜਿਆ ਹੋਵੇ। ਇਸ ਦੇ ਪੈਦਾ ਹੋਣ ਦੀ ਕੋਈ ਸਮਾਂ ਸੀਮਾ ਨਹੀਂ, ਨਾ ਹੀ ਖ਼ਤਮ ਹੋਣ ਦੀ ਹੈ। ਕਿਉਂਕਿ ਦੁਨੀਆਂ ਤੇ ਬ੍ਰਹਿਮੰਡ ਅੰਦਰ ਕੋਈ ਵੀ ਵਸਤੂ ਖਤਮ ਨਹੀਂ ਹੁੰਦੀ, ਸਿਰਫ਼ ਰੂਪ ਤਬਦੀਲ ਕਰਦੀ ਹੈ। ਇਸ ਲਈ ਮੰਨਣਾ ਪਵੇਗਾ ਕਿ ਧਰਮ ਕਪਟ ਦਾ ਘਰ ਹੈ। ਝੂਠ ਦੀ ਪੰਡ ਹੈ।

ਧਰਮ ਨੂੰ ਲੁੱਟ ਦਾ ਮਾਰਗ ਵੀ ਕਿਹਾ ਜਾਵੇਗਾ। ਅੱਜ ਮੁਨਾਫ਼ੇ ਦੇ ਦੌਰ ਵਿੱਚ ਸਭ ਤੋਂ ਤਰੱਕੀ ਦੇ ਰਾਹ ਤੇ ਧਰਮ ਮੋਹਰੀ ਹੈ। ਇਸ ਦਾ ਵਪਾਰ ਦਿਨ-ਦੁੱਗਣਾ ਰਾਤ ਚੌਗੁਣਾ ਵਧ ਰਿਹਾ ਹੈ। ਸਵਰਗ ਦੇ ਲਾਲਚ ਅਤੇ ਨਰਕ ਦੇ ਡਰ ਦੀ ਦਹਿਸ਼ਤ ਫ਼ੈਲਾ ਕੇ ਲੋਕਾਂ ਦੀ ਬੇ-ਕਿਰਕ ਹੋ ਕੇ ਲੁੱਟ ਕੀਤੀ ਜਾ ਰਹੀ ਹੈ। ਜਨਮ-ਕਰਮ ਦਾ ਭੰਬਲਭੂਸਾ ਇਸ ਕੰਮ ਵਿਚ ਹੋਰ ਸਹਾਈ ਹੁੰਦਾ ਹੈ। ਇਸ ਦੀ ਕਮਾਈ ਦਾ ਨਾਂ ਕੋਈ ਹਿਸਾਬ-ਕਿਤਾਬ ਰੱਖਣ ਦੀ ਲੋੜ ਹੈ ਨਾ ਟੈਕਸ ਦੇਣ ਦੀ ਚਿੰਤਾ। ਇਸ ਲਈ ਧਰਮ ਦੇ ਪੁਜਾਰੀ ਬਨਾਮ ਵਪਾਰੀ ਲੁੱਟ ਦੇ ਮਾਰਗ ਤੇ ਲਗਾਤਾਰ ਅੱਗੇ ਵਧ ਰਹੇ ਹਨ।

ਧਰਮ ਨੂੰ ਗੁਲਾਮੀ ਦਾ ਚਿੰਨ੍ਹ ਵੀ ਮੰਨਣਾ ਪਵੇਗਾ। ਜਿਵੇਂ ਗੁਲਾਮ ਨੂੰ ਮਾਲਕ ਦਾ ਹਰ ਹੁਕਮ ਮੰਨਣਾ ਹੀ ਪੈਂਦਾ ਹੈ। ਭਾਵੇਂ ਕੋਈ ਕੰਮ ਚੰਗਾ ਹੋਵੇ ਜਾਂ ਮਾੜਾ ਕਰਨਾ ਹੀ ਪੈਂਦਾ ਹੈ। ਇੰਝ ਹੀ ਧਰਮ ਦੀ ਹੁਕਮ ਅਦੂਲੀ ਕਰਨ ਦੀ ਕੋਈ ਹਿੰਮਤ ਨਹੀਂ ਕਰਦਾ। ਕਿਉਂਕਿ ਮਗਰ ਹੀ ਸਜ਼ਾ; ਸਰਾਪ ਤੇ ਪਾਪ ਦੇ ਡਰ ਦਾ ਡੰਡਾ ਹੁੰਦਾ ਹੈ। ਅਜਿਹਾ ਕੰਮ ਵੀ ਕਰਨਾ ਪੈਂਦਾ ਹੈ ਜੋ ਉਹ ਬਿਲਕੁਲ ਵੀ ਕਰਨਾ ਨਹੀਂ ਚਾਹੁੰਦਾ ਹੁੰਦਾ। ਧਰਮ ਦਾ ਕੰਮ ਉਸ ਨੂੰ ਮੰਨਿਆ ਜਾਂਦਾ ਹੈ, ਜੋ ਧਰਮ ਵਿਰੋਧੀ ਨਾ ਹੋਵੇ। ਪਰ ਮਾਨਵ ਵਿਰੋਧੀ ਹੋਵੇ ਤਾਂ ਹੋਵੇ। ਜਿਵੇਂ ਧਾਰਮਿਕ ਦੰਗਿਆਂ ਦੌਰਾਨ ਲੋਕਾਂ ਨੂੰ ਮਾਰਿਆ ਵੱਢਿਆ ਜਾਂਦਾ ਹੈ।

ਬਲਾਤਕਾਰ ਕੀਤੇ ਜਾਂਦੇ ਹਨ। ਬੱਚਿਆਂ ਤੱਕ ਨੂੰ ਵੀ ਨਹੀਂ ਬਖਸ਼ਿਆ ਜਾਂਦਾ। ਇਹ ਧਰਮ ਦੇ ਗੁਲਾਮ ਲੋਕਾਂ ਵੱਲੋਂ ਧਰਮ ਦਾ ਕੰਮ ਹੁੰਦਾ ਹੈ। ਉਸ ਸਮੇਂ ਧਰਮ ਸ਼ੈਤਾਨ ਦਾ ਰੂਪ ਧਾਰ ਲੈਂਦਾ ਹੈ।

ਰਾਜ ਤੇ ਧਰਮ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਹਰ ਸਮੇਂ ਇੱਕ ਦੂਜੇ ਦੇ ਪੂਰਕ ਸੰਗੀ ਸਾਥੀ ਰਹੇ ਹਨ। ਹੁਣ ਵੀ ਹਨ। ਧਰਮ ਰਾਜ ਦੀ ਡੰਗੋਰੀ ਬਣ ਕੇ ਚਲ ਰਿਹਾ ਹੈ। ਸਰਕਾਰਾਂ ਦੇ ਗਲਤ ਫੈਸਲਿਆਂ ਕਾਰਨ ਜਨਤਾ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਰੁਜ਼ਗਾਰ ਨਹੀਂ ਮਿਲ ਰਿਹਾ, ਜੇ ਮਿਲਦਾ ਹੈ ਤਾਂ ਮਿਹਨਤ ਦਾ ਪੂਰਾ ਮੁੱਲ ਨਹੀਂ ਦਿੱਤਾ ਜਾ ਰਿਹਾ। ਜਦੋਂ ਅਜਿਹੇ ਹੋਰ ਮਸਲਿਆਂ ਤੇ ਵਿਚਾਰ ਚਰਚਾ ਹੁੰਦੀ ਹੈ ਤਾਂ ਧਰਮ ਹਾਕਮਾਂ ਦਾ ਹਿੱਤ ਪੂਰਨ ਲਈ ਵਿਚਕਾਰ ਆ ਖੜ੍ਹਦਾ ਹੈ। ਲੋਕਾਂ ਦੀਆਂ ਮੁਸ਼ਕਲਾਂ ਦਾ ਕਾਰਨ ਹਾਕਮਾਂ ਦੀਆਂ ਨੀਤੀਆਂ ਨਾਲ ਨਹੀਂ ਜੋੜਿਆ ਜਾਂਦਾ। ਸਗੋਂ ਪਿਛਲੇ ਜਨਮਾਂ-ਕਰਮਾਂ, ਕਿਸਮਤ ਨਾਲ ਜੋੜ ਕੇ ਪ੍ਰਚਾਰਦਾ ਹੈ। ਇਸ ਤਰ੍ਹਾਂ ਧਰਮ ਸਰਕਾਰਾਂ ਦੀ ਸੇਵਾ ਕਰਦਾ ਹੈ। ਲੋਕਾਂ ਦੇ ਰੋਹ ਨੂੰ ਠੰਡਾ ਕੀਤਾ ਜਾਂਦਾ ਹੈ। ਉਨ੍ਹਾਂ ਦੀ ਸੋਚ ਨੂੰ ਖੁੰਢਾ ਕਰਦਾ ਹੈ। ਧਰਮ ਵੱਲੋਂ ਲੋਕਾਈ ਨਾਲ ਇੰਝ ਧੋਖਾ ਕੀਤਾ ਜਾ ਰਿਹਾ ਹੈ। ਧਰਮ ਤੇ ਭਰੋਸਾ ਕਰਨ ਵਾਲੀ ਜਨਤਾ ਆਪਣੇ ਤੇ ਹੋ ਰਹੇ ਜ਼ੁਲਮ ਸਹਿਣ ਲਈ ਮਜ਼ਬੂਰ ਹੋ ਜਾਂਦੀ ਹੈ। ਕਿਹਾ ਜਾ ਸਕਦਾ ਹੈ ਕਿ ਧਰਮ ਹਾਕਮਾਂ ਦਾ ਦਲਾਲ ਹੈ। ਰਾਜ ਸੱਤਾ ਦੀ ਡੰਗੋਰੀ ਹੈ।

ਧਰਮ ਮਨੁੱਖ ਨੂੰ ਅਪਾਹਜ ਬਣਾਉਂਦਾ ਹੈ। ਇਸ ਲਈ ਇਹ ਵੱਡਾ ਰੋਗ ਮੰਨਿਆ ਜਾਣਾ ਚਾਹੀਦਾ ਹੈ। ਜਦੋਂ ਧਰਮ ਕਹਿੰਦਾ ਹੈ ਕਿ ਬੰਦੇ ਦੇ ਹੱਥ ਵੱਸ ਕੁਝ ਨਹੀਂ ਹੈ। ਸਭ ਕੁਝ ਰੱਬ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ, ਜੋ ਬੰਦੇ ਦੀ ਕਿਸਮਤ ਵਿੱਚ ਹੈ ਮਿਲ ਹੀ ਜਾਣਾ ਹੈ। ਕਿਸੇ ਦਾ ਭਾਗ ਕੋਈ ਖੋਹ ਨਹੀਂ ਸਕਦਾ। ਲੇਖਾਂ ਵਿੱਚ ਲਿਖਿਆ ਕੋਈ ਮਿਟਾ ਨਹੀਂ ਸਕਦਾ। ਅਜਿਹੇ ਵਿਚਾਰ ਮਨੁੱਖ ਨੂੰ ਅਪਾਹਜ ਬਣਾਉਣ ਵਿੱਚ ਸਹਾਈ ਹੁੰਦੇ ਹਨ, ਹੌਲ਼ੀ-ਹੌਲ਼ੀ ਬਣਾ ਦਿੰਦੇ ਹਨ ਜਿਵੇਂ ਕੋਈ ਲੱਤਾਂ, ਬਾਹਾਂ, ਅੱਖਾਂ, ਕੰਨਾਂ ਤੋਂ ਅਪਾਹਜ ਵਿਅਕਤੀ ਕਈ ਹਾਲਤਾਂ ਵਿੱਚ ਬੇ-ਵੱਸ ਹੁੰਦਾ ਹੈ। ਇਸੇ ਤਰ੍ਹਾਂ ਦਾ ਧਰਮ ਮਨੁੱਖ ਨੂੰ ਬਣਾ ਦਿੰਦਾ ਹੈ। ਕਿਸਮਤਵਾਦੀ ਹੋਣ ਦੇ ਕਾਰਨ ਆਪਣੇ ਹਿੱਤਾਂ ਦੀ ਸਾਹਮਣੇ ਹੁੰਦੀ ਲੁੱਟ ਬਾਰੇ ਵੀ ਕੁਝ ਕਰਨ ਦਾ ਹੌਸਲਾ ਨਹੀਂ ਕਰਦਾ। ਇੱਕ ਅਪਾਹਜ ਤੇ ਬੇ-ਵੱਸ ਵਾਂਗ ਨੁਕਸਾਨ ਕਰਵਾਈ ਜਾਂਦਾ ਹੈ। ਆਪਣੇ ਨਾਲ ਹੋ ਰਹੀ ਬੇ-ਇਨਸਾਫ਼ੀ ਖਿਲਾਫ਼ ਸਿਰਫ਼ ਅਰਦਾਸ/ਬੇਨਤੀ ਕਰਨ ਤੱਕ ਹੀ ਸੀਮਤ ਹੋ ਜਾਂਦਾ ਹੈ। ਉਸ ਨੂੰ ਵਿਸ਼ਵਾਸ ਹੀ ਨਹੀਂ ਹੁੰਦਾ ਕਿ ਮੈਂ ਇਸ ਬੇ-ਇਨਸਾਫ਼ੀ ਖਿਲਾਫ਼ ਸੰਘਰਸ਼ ਕਰਕੇ ਕੁਝ ਪ੍ਰਾਪਤ ਕਰ ਸਕਦਾ ਹਾਂ। ਧਰਮ ਮਨੁੱਖ ਦੇ ਆਤਮ-ਵਿਸ਼ਵਾਸ ਨੂੰ ਖਤਮ ਕਰ ਦਿੰਦਾ ਹੈ। ਜਿਸ ਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਉਹ ਧਰਮ ਅਤੇ ਰੱਬ ਤੇ ਵਿਸ਼ਵਾਸ ਕਰਦਾ ਹੈ। ਪ੍ਰੰਤੂ ਧਰਮ ਜਨਮ, ਕਰਮ, ਕਿਸਮਤ ਦੇ ਹਥਿਆਰ ਦਾ ਵਾਰ ਕਰਕੇ ਅਪਾਹਜ ਬਣਾ

ਦਿੰਦਾ ਹੈ।

ਧਰਮ ਸੱਚ ਦਾ ਪੱਕਾ ਵੈਰੀ ਹੈ। ਜਦੋਂ ਵੀ ਕੁਝ ਧਰਮ ਦੀ ਸੋਚ-ਸਮਝ ਤੋਂ ਵੱਖਰਾ ਵਿਚਾਰ ਪੈਦਾ ਹੋਇਆ ਹੈ। ਉਸ ਦਾ ਧਰਮ ਨੇ ਡਟ ਕੇ ਵਿਰੋਧ ਕੀਤਾ ਹੈ। ਜਦੋਂ ਕਿ ਉਹ ਵਿਚਾਰ ਮਨੁੱਖਤਾਂ ਦੇ ਹੱਕ ਵਿੱਚ ਸਨ। ਇੱਥੋਂ ਤੱਕ ਕਿ ਉਹ ਵਿਚਾਰ ਪੇਸ਼ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਤੋਂ ਲੈ ਕੇ ਮਾਰਨ ਤੱਕ ਦੇ ਫ਼ੁਰਮਾਨ ਜਾਰੀ ਕੀਤੇ ਗਏ ਤੇ ਇਸ ਨੂੰ ਅਮਲ ਵਿੱਚ ਲਿਆਂਦਾ ਗਿਆ। ਪ੍ਰੰਤੂ ਸਮਾਂ ਬੀਤਣ ਤੋਂ ਬਾਅਦ ਉਨ੍ਹਾਂ ਹੀ ਵਿਚਾਰਾਂ ਨੂੰ ਧਰਮ ਮੰਨਣ ਲਈ ਮਜ਼ਬੂਰ ਹੋ ਗਿਆ। ਜਿਵੇਂ ਕਿਹਾ ਜਾਂਦਾ ਹੈ ਝੂਠ ਦੇ ਪੈਰ ਨਹੀਂ ਹੁੰਦੇ। ਇੰਜ ਹੀ ਧਰਮ ਦੀ ਕੋਈ ਪੇਸ਼ ਨਹੀਂ ਗਈ। ਚਾਰਲਸ ਡਾਰਵਿਨ ਦਾ ਜੀਵ ਵਿਕਾਸ ਦਾ ਸਿਧਾਂਤ ਪੂਰੀ ਦੁਨੀਆਂ ਵਿੱਚ ਪ੍ਰਵਾਨ ਹੋਇਆ ਹੈ। ਗਲੈਲੀਓ ਦੀ ਧਰਤੀ ਦੇ ਗੋਲ ਹੋਣ ਸੰਬੰਧੀ ਅਤੇ ਸੂਰਜ ਦੁਆਲੇ ਘੁੰਮਣ ਦੇ ਵਿਚਾਰ ਅੱਜ ਮੰਨੇ ਹੀ ਨਹੀਂ ਜਾਂਦੇ ਸਗੋਂ ਉਨ੍ਹਾਂ ਦੇ ਆਧਾਰ 'ਤੇ ਸੈਂਕੜੇ ਹੋਰ ਖੋਜਾਂ ਦਾ ਰਾਹ ਖੁੱਲ੍ਹਿਆ ਹੈ। ਪ੍ਰੰਤੂ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਇਸੇ ਤਰ੍ਹਾਂ ਇਤਾਲਵੀ ਤਾਰਾ ਵਿਗਿਆਨੀ ਬਰੂਨੋ ਨੇ ਧਰਤੀ ਨੂੰ ਬ੍ਰਹਿਮੰਡ ਦਾ ਕੇਂਦਰ ਮੰਨਣ ਦੀ ਧਾਰਮਿਕ ਧਾਰਨਾ ਨੂੰ ਰੱਦ ਕਰਦਿਆਂ ਬ੍ਰਹਿਮੰਡ ਦੇ ਅਸੀਮ ਹੋਣ ਦਾ ਸਿਧਾਂਤ ਪੇਸ਼ ਕੀਤਾ। ਜਿਸ ਕਾਰਨ ਧਰਮ ਨੇ ਤਸੀਹੇ ਦੇ ਕੇ ਉਸ ਨੂੰ ਜਿੰਦਾ ਜਲਾ ਦਿੱਤਾ। ਇਸ ਕਰਕੇ ਧਰਮ ਨੂੰ ਹਨੇਰ ਦਾ ਸਾਥੀ ਕਹਿਣਾ ਕੋਈ ਜੁਰਮ ਨਹੀਂ ਹੋਵੇਗਾ ਸਗੋਂ ਅਗਿਆਨ ਦਾ ਪਹਿਰੇਦਾਰ ਕਹਿਣਾ ਪਵੇਗਾ। ਜਿਹੜਾ ਸੱਚ ਦੇ ਚਾਨਣ ਵਿੱਚ ਪੈਰ ਰੱਖਣ ਤੋਂ ਵੀ ਡਰਦਾ ਹੈ।

ਧਰਮ ਤਰਕ ਦਾ ਵਿਰੋਧੀ ਹੈ, ਕਿਉਂਕਿ ਜੇਕਰ ਇਸ ਵੱਲੋਂ ਪ੍ਰਚਾਰੇ ਜਾ ਰਹੇ ਸਵਰਗ, ਨਰਕ, ਜਨਮ, ਕਰਮ, ਰੱਬ ਤੇ ਕਿੰਤੂ-ਪ੍ਰੰਤੂ ਕੀਤਾ ਜਾਵੇਗਾ। ਇਨ੍ਹਾਂ ਦੀ ਪੜਚੋਲ ਕਰਨ ਤੇ ਇਹ ਝੂਠੇ ਸਿੱਧ ਹੋ ਜਾਂਦੇ ਹਨ। ਇਸੇ ਕਰਕੇ ਆਤਮਾ-ਪ੍ਰਮਾਤਮਾ ਬਾਰੇ ਸਵਾਲ ਕਰਨ ਤੋਂ ਰੋਕਿਆ ਜਾਂਦਾ ਹੈ। ਇਨ੍ਹਾਂ ਦੀ ਹੋਂਦ ਕਿਧਰੇ ਵੀ ਨਹੀਂ ਹੈ। ਪ੍ਰੰਤੂ ਧਰਮ ਦਾ ਆਧਾਰ ਇਹੋ ਹੈ। ਜਿਸ ਦੇ ਆਸਰੇ ਧਰਮ ਦਾ ਪਾਖੰਡ ਚੱਲ ਰਿਹਾ ਹੈ। ਜੇਕਰ ਆਤਮਾ-ਪ੍ਰਮਾਤਮਾ ਦਾ ਸੱਚ ਸਮਝ ਆ ਜਾਂਦਾ ਹੈ, ਜਾਣ ਲਿਆ ਜਾਂਦਾ ਹੈ। ਫਿਰ ਸਵਰਗ-ਨਰਕ, ਜਨਮ-ਕਰਮ ਦਾ ਦੰਭ ਵੀ ਸਾਹਮਣੇ ਆ ਜਾਂਦਾ ਹੈ। ਇਹ ਮੌਕਾ ਧਰਮ ਵਾਸਤੇ ਖਤਰੇ ਦੀ ਘੰਟੀ ਹੈ। ਇਸ ਲਈ ਹਰ ਹੀਲਾ ਇਨ੍ਹਾਂ ਦੇ ਝੂਠ, ਕਪਟ ਨੂੰ ਲੁਕੋਣ ਲਈ ਕੀਤਾ ਜਾਂਦਾ ਹੈ। ਇਹਨਾਂ ਦਾ ਸੱਚ ਜਾਨਣ ਵਾਲੇ ਵਾਸਤੇ ਡਰ ਅਤੇ ਸਜ਼ਾਵਾਂ ਦਾ ਸਿਲਸਿਲਾ ਲਗਾਤਾਰ ਪ੍ਰਚਾਰਿਆਂ ਜਾ ਰਿਹਾ ਹੈ। ਕੋਈ ਵੀ ਆਪਣੇ ਕਪਟ ਨੂੰ ਨੰਗਾ ਨਹੀਂ ਹੋਣ ਦੇਣਾ ਚਾਹੁੰਦਾ, ਧਰਮ ਵੀ ਨਹੀਂ। ਜੇਕਰ ਕੋਈ ਸੱਚਾ ਹੋਵੇ ਤਾਂ ਉਸਨੂੰ ਪਰਖ-ਪੜਤਾਲ ਦੀ ਕੋਈ ਚਿੰਤਾ ਨਹੀਂ ਹੁੰਦੀ ਪਰ ਧਰਮ ਨੂੰ ਹੈ ਕਿਉਂਕਿ ਇਹ ਝੂਠਾ ਹੈ। ਧੋਖੇਬਾਜ਼ ਹੈ। ਇਸ ਲਈ ਧਰਮ ਤੋਂ ਬਚਣ ਦੀ ਲੋੜ ਹੈ। ਤਰਕ ਦਾ ਸਾਥੀ ਬਣਨ ਦੀ ਜ਼ਰੂਰਤ ਹੈ, ਜੋ ਵਿਗਿਆਨ ਦਾ ਆਧਾਰ ਹੈ ਜੋ ਪਰਖ ਪੜਤਾਲ ਤੋਂ ਨਹੀਂ

ਡਰਦਾ ਕਿਉਂਕਿ ਉਸਦੇ ਪੱਲੇ ਸੱਚ ਹੈ। ਕਹਾਵਤ ਹੈ "ਪੱਲੇ ਹੋਵੇ ਸੱਚ ਤਾਂ ਕੋਠੇ ਚੜ੍ਹ ਨੱਚ।" ਪਰ ਧਰਮ ਦਲੀਲ ਦਾ ਤਰਕ ਦਾ ਵਿਰੋਧ ਕਰਦਾ ਹੈ ਤੇ ਕਰਦਾ ਹੀ ਰਹੇਗਾ ਕਿਉਂਕਿ ਇਸ ਦਾ ਖ਼ਾਸਾ ਹੀ ਝੂਠ ਦੇ ਆਧਾਰ 'ਤੇ ਟਿਕਿਆ ਹੋਇਆ ਹੈ। ਕੀ ਝੂਠ ਦੀ ਜੈ ਬੋਲਣੀ ਚਾਹੀਦੀ ਹੈ ਭਾਵ ਧਰਮ ਦੀ ਜੈ। ਝੂਠ ਦੇ ਰਾਹ ਤੇ ਚੱਲਣਾ ਚਾਹੀਦਾ ਹੈ?

ਇਸ ਸਾਰੀ ਵਿਚਾਰ ਚਰਚਾ ਤੋਂ ਧਰਮ ਤੇ ਉਸਦੀਆਂ ਭਾਵਨਾਵਾਂ ਬਾਰੇ ਸਪੱਸ਼ਟ ਹੋ ਚੁੱਕਾ ਹੈ। ਜਿਹੋ ਜਿਹੀਆਂ ਕਿਸੇ ਦੀਆਂ ਭਾਵਨਾਵਾਂ ਭਾਵ ਸੋਚ, ਇੱਛਾ ਹੋਵੇਗੀ ਉਹੋ ਜਿਹਾ ਹੀ ਉਹ ਕੰਮ ਕਰੇਗਾ। ਧਰਮ ਦੇ ਕੰਮਾਂ ਬਾਰੇ ਹੁਣ ਕੋਈ ਪਰਦਾ ਨਹੀਂ ਰਹਿ ਗਿਆ ਉਸਦੀਆਂ ਭਾਵਨਾਵਾਂ, ਉਸਦੇ ਕੰਮ ਸਾਰੇ ਦੇ ਸਾਰੇ ਮਾਨਵ ਵਿਰੋਧੀ ਹਨ? ਕੀ ਅਜਿਹੀਆਂ ਘਟੀਆ ਮਾਨਵ ਵਿਰੋਧੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਣੀ ਚਾਹੀਦੀ ਹੈ ਜਾਂ ਨਹੀਂ? ਕੀ ਧਰਮ ਦਾ ਝੂਠ ਚੱਲਦਾ ਰਹਿਣ ਦਿੱਤਾ ਜਾਣਾ ਚਾਹੀਦਾ ਹੈ। ਇਸ ਤੇ (ਵਿਚਾਰਾਂ ਦੀ) ਸੱਟ ਮਾਰ ਕੇ ਸੱਚ ਨੂੰ ਲੋਕਾਂ ਸਾਹਮਣੇ ਕਰਨਾ ਕੀ ਠੀਕ ਨਹੀਂ? ਕੀ ਧਰਮ ਦੁਆਰਾ ਗੁੰਮਰਾਹ ਕਰਕੇ ਲੋਕਾਈ ਨੂੰ ਠੱਗਣ ਦਾ ਕੰਮ ਕਰਨ ਦਿੱਤਾ ਜਾਣਾ ਚਾਹੀਦਾ ਹੈ? ਇਸ ਨੂੰ ਰੋਕਣ ਲਈ ਧੱਕਾ ਮਾਰਨਾ ਭਾਵ ਭੇਦ ਖੋਲ੍ਹਣਾ, ਕੀ ਸਭ ਦੇ ਹਿੱਤ ਵਿੱਚ ਨਹੀਂ? ਕੀ ਧਰਮ ਨੂੰ ਰਾਜ ਸੱਤਾ ਦੀ ਡੰਗੋਰੀ ਬਣਨ ਦਿੱਤਾ ਜਾਣਾ ਚਾਹੀਦਾ ਹੈ? ਜਿਸ ਦੇ ਸਹਾਰੇ ਸਰਕਾਰਾਂ ਅਤੇ ਹਾਕਮ ਲੋਕਾਂ ਤੇ ਜ਼ੁਲਮ ਜ਼ਬਰ ਕਰੀ ਜਾਣ ਤੇ ਧਰਮ ਚੀਕ ਵੀ ਨਾ ਮਾਰਨ ਦੇਵੇ। ਕੀ ਫਿਰ ਵੀ ਧਰਮ ਬਾਰੇ ਚੁੱਪ ਰਿਹਾ ਜਾਵੇ? ਕੀ ਧਰਮ ਦੇ ਖ਼ੂਨੀ ਇਤਿਹਾਸ ਨੂੰ ਆਪਣਾ ਵਿਰਸਾ ਮੰਨ ਲਿਆ ਜਾਵੇ? ਧਰਮ ਦੇ ਨਾਂ 'ਤੇ ਕੀਤੇ ਕਤਲਾਂ, ਬਲਾਤਕਾਰਾਂ ਤੇ ਮਾਣ ਕੀਤਾ ਜਾਵੇ? ਜੋ ਮਨੁੱਖ ਨੂੰ ਗੁਲਾਮ ਬਣਾਉਂਦਾ ਹੈ, ਅਪਾਹਜ ਬਣਾਉਂਦਾ ਹੈ। ਜਿਹੜਾ ਪੈਰ-ਪੈਰ ਤੇ ਉਲਝਣਾ ਪੈਦਾ ਕਰਦਾ ਹੈ। ਕੀ ਉਸ ਦੇ ਹਿੱਤ ਵਿੱਚ ਖੜ੍ਹਿਆ ਜਾਣਾ ਚਾਹੀਦਾ ਹੈ?

ਜਦੋਂ ਹੁਣ ਧਰਮ ਦੀਆਂ ਬੁਰਾਈਆਂ ਬਾਰੇ ਜਾਣ ਗਏ ਹਾਂ ਕਿ ਅਜਿਹੇ ਧਰਮ ਪ੍ਰਤੀ ਕੋਈ ਸੰਵੇਦਨ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਕੀ ਹੁਣ ਵੀ ਧਰਮ ਦੀ ਝੋਲੀ ਚੁੱਕ ਕੇ ਮਾਣ ਮਹਿਸੂਸ ਕਰੋਗੇ? ਜੋ ਝੂਠਾ, ਠੱਗ, ਲੁਟੇਰਾ, ਸ਼ੈਤਾਨ, ਪਾਖੰਡੀ, ਅਗਿਆਨੀ, ਦਹਿਸ਼ਤਗਰਦ ਆਦਿ ਸਿੱਧ ਹੋ ਚੁੱਕਾ ਹੈ। ਅਜਿਹੇ ਧਰਮ ਨੂੰ ਮੰਨਣ ਵਾਲਿਆਂ ਦਾ ਕਿਰਦਾਰ ਵੀ ਅਜਿਹਾ ਹੀ ਮੰਨਿਆ ਜਾ ਸਕਦਾ ਹੈ? ਮੰਨਣ ਤੋਂ ਭਾਵ ਕਿਸੇ ਵਿਚਾਰਾਂ ਨੂੰ ਆਪਣੇ ਕਾਰ-ਵਿਹਾਰ ਵਿੱਚ ਲਾਗੂ ਕਰਨਾ ਹੁੰਦਾ ਹੈ। ਕੀ ਧਰਮ ਦੇ ਨਾਲ ਲਾਏ ਗਏ ਵਿਸ਼ੇਸਣਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੋਗੇ? ਭਾਵ ਧਰਮ ਦੇ ਰਾਹ ਤੇ ਚੱਲਣ ਲਈ ਤਿਆਰ ਹੋ?

ਕੀ ਧਰਮ ਦੇ ਰਾਹ ਤੇ ਚੱਲ ਕੇ ਇਕ ਆਦਰਸ਼ ਮਨੁੱਖ ਬਣਿਆ ਜਾ ਸਕਦਾ ਹੈ?

***

ਕੋਮਾ ਮਨੁੱਖ

ਮਨੁੱਖ ਦਾ ਜ਼ਿੰਦਾ ਰਹਿਣਾ ਤਾਂ ਚੰਗਾ ਹੈ। ਪਰ ਮਰ ਜਾਣਾ ਵੀ ਮਾੜਾ ਨਹੀਂ। ਕਿਸੇ ਬੰਦੇ ਦਾ ਕੋਮਾ ਦੀ ਹਾਲਤ ਵਿਚ ਚਲੇ ਜਾਣਾ ਸੱਚਮੁੱਚ ਹੀ ਬਹੁਤ ਗੰਭੀਰ ਅਤੇ ਬੁਰਾ ਹੁੰਦਾ ਹੈ। ਅਜਿਹੀ ਸਥਿਤੀ ਵਿਚ ਉਹ ਆਪਣੇ ਆਪ ਅਤੇ ਹੋਰਨਾਂ ਤੋਂ ਕੱਟਿਆ ਜਾਂਦਾ ਹੈ। ਉਹ ਜਿਉਂਦਾ ਹੋਇਆ ਵੀ ਮਰਿਆਂ ਤੋਂ ਬਦਤਰ ਹੁੰਦਾ ਹੈ। ਨਾ ਉਹ ਆਪਣਾ ਕੁਝ ਸੰਵਾਰ ਸਕਦਾ ਹੈ ਨਾ ਹੋਰ ਕਿਸੇ ਦਾ। ਸਗੋਂ ਖ਼ੁਦ ਇਕ ਸਮੱਸਿਆ ਬਣ ਜਾਂਦਾ ਹੈ। ਉਹ ਤੁਰ ਫਿਰ ਨਹੀਂ ਸਕਦਾ। ਬੋਲ ਨਹੀਂ ਸਕਦਾ। ਕਈ ਹਾਲਤਾਂ ਵਿਚ ਦੇਖ ਅਤੇ ਸੁਣ ਵੀ ਨਹੀਂ ਸਕਦਾ। ਉਹ ਕੁਝ ਵੀ ਕਰਨ ਦੇ ਯੋਗ ਨਹੀਂ ਹੁੰਦਾ। ਸਿਰਫ਼ ਕਹਿਣ ਨੂੰ ਹੀ ਜ਼ਿੰਦਾ ਹੁੰਦਾ ਹੈ। ਉਂਝ ਮਰਿਆਂ ਬਰਾਬਰ, ਮਿੱਟੀ ਦਾ ਮਿੱਟੀ ਬਣਿਆ ਹੁੰਦਾ ਹੈ। ਉਸ ਦੇ ਸਰੀਰ ਦੇ ਕਿਸੇ ਹਿੱਸੇ ਤੇ ਚੂੰਢੀ ਵੱਢਣ, ਗਰਮ, ਠੰਡਾ ਕੁਝ ਲਾਉਣ ਅਤੇ ਸੂਈ ਚੁਭੋਣ ਦਾ ਵੀ ਉਸ ਨੂੰ ਚੰਗਾ ਜਾਂ ਮਾੜਾ ਜਾਂ ਦਰਦ ਮਹਿਸੂਸ ਨਹੀਂ ਹੁੰਦਾ। ਅਜਿਹਾ ਵਿਅਕਤੀ ਜਿਸ ਨੂੰ ਆਪਣੀ ਹੀ ਸੁੱਧ-ਬੁੱਧ ਨਾ ਹੋਵੇ। ਉਹ ਕਿਸੇ ਹੋਰ ਨਾਲ ਹੋ ਰਹੀ ਬੇ-ਇਨਸਾਫ਼ੀ ਅਤੇ ਆਪਣੇ ਨਾਲ ਹੋ ਰਹੇ ਧੱਕੇ ਖਿਲਾਫ਼ ਕੀ ਕਰ ਸਕਦਾ ਹੈ। ਕੁਝ ਵੀ ਨਹੀਂ। ਅਜਿਹੇ ਵਿਅਕਤੀ ਦੇ ਨੇੜਲੇ ਰਿਸ਼ਤੇਦਾਰ ਅਤੇ ਹੋਰ ਲੋਕ ਵੀ ਇਹ ਕਹਿਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਇਸ ਜੀਵਨ ਨਾਲੋਂ ਤਾਂ ਮੌਤ ਹੀ ਚੰਗੀ ਹੈ। ਕਹਿਣ ਦਾ ਭਾਵ ਉਪਰੋਕਤ ਹਾਲਤ ਵਾਲੇ ਵਿਅਕਤੀ ਦਾ ਮਰ ਜਾਣਾ ਹੀ ਚੰਗਾ ਸਮਝਿਆ ਜਾਂਦਾ ਹੈ।

ਪ੍ਰੰਤੂ ਅਜੋਕੇ ਸਮੇਂ ਅੰਦਰ ਬਹੁਗਿਣਤੀ ਅਜਿਹੇ ਲੋਕਾਂ ਦੀ ਹੈ। ਭਾਵੇਂ ਉਹ ਹਸਪਤਾਲ ਦੇ ਐਮਰਜੈਂਸੀ (ਆਈ.ਸੀ.ਯੂ.) ਦੇ ਮੰਜੇ 'ਤੇ ਤਾਂ ਨਹੀਂ ਪਏ ਹੁੰਦੇ। ਪਰ ਸਰਗਰਮੀ ਦੇ ਪੱਖ ਤੋਂ ਉਹ ਕੋਮਾ ਮਨੁੱਖ ਵਾਂਗ ਹੀ ਜਿਊਂ ਰਹੇ ਹਨ। ਉਨ੍ਹਾਂ ਦੀ ਹਾਲਤ ਦੇਖ ਕੇ ਹੈਰਾਨੀ ਅਤੇ ਅਫਸੋਸ ਹੁੰਦਾ ਹੈ। ਮੰਨ ਲਓ ਜਿਵੇਂ ਕੋਈ ਕੋਮਾ ਮਨੁੱਖ ਦੇ ਕੋਲ਼ ਬੈਠ ਕੇ ਨਿੱਤ ਦਿਨ ਦੀਆਂ ਸਮੱਸਿਆਵਾਂ ਬਾਰੇ ਚਰਚਾ ਕਰੇ। ਉਸ ਨੂੰ ਸਰਗਰਮੀ ਕਰਨ ਲਈ ਪ੍ਰੇਰਤ ਕਰੇ। ਫਿਰ ਜਿਸ ਤਰ੍ਹਾਂ ਦਾ ਹੁੰਗਾਰਾ ਕੋਮਾ ਮਨੁੱਖ ਵਲੋਂ ਮਿਲਦਾ ਹੈ, ਉਹ ਸਿਫ਼ਰ ਹੁੰਦਾ ਹੈ। ਇਸੇ ਤਰ੍ਹਾਂ ਦਾ ਹੁੰਗਾਰਾ ਬਹੁਗਿਣਤੀ ਵਲੋਂ ਦਿੱਤਾ ਜਾ ਰਿਹਾ ਹੈ। ਸਮੱਸਿਆਵਾਂ ਦੇ ਹੱਲ ਪ੍ਰਤੀ ਸਰਗਰਮੀ ਵਾਸਤੇ ਨਾ-ਪੱਖੀ ਵਤੀਰਾ ਅਪਣਾਇਆ ਜਾ ਰਿਹਾ ਹੈ। ਕਿਸੇ ਕੋਮਾ ਮਨੁੱਖ ਦੀ ਤਾਂ ਬੇ-ਵਸੀ ਮੰਨੀ ਜਾ ਸਕਦੀ ਹੈ, ਹੁੰਦੀ ਹੈ। ਪ੍ਰੰਤੂ ਜਿਹੜਾ ਵਿਅਕਤੀ ਆਪਣੇ ਹੱਥ, ਪੈਰ, ਅੱਖਾਂ, ਕੰਨ, ਮੂੰਹ, ਦਿਮਾਗ ਦੀ ਵਰਤੋਂ ਕਰਨ ਦੇ ਯੋਗ ਹੈ। ਐਪਰ ਇਨ੍ਹਾਂ ਦੀ ਵਰਤੋਂ ਸਹੀ ਸੇਧ ਵਿਚ ਕਰਨ ਲਈ ਤਿਆਰ ਨਹੀਂ ਹੋ ਰਿਹਾ। ਸਾਂਝੀਆਂ ਸਮੱਸਿਆਵਾਂ ਮਹਿੰਗਾਈ, ਭ੍ਰਿਸ਼ਟਾਚਾਰ, ਬਿਜਲੀ, ਪਾਣੀ, ਸਿਹਤ,

ਸਿੱਖਿਆ, ਬੇਕਾਰੀ, ਸਰਕਾਰੀ-ਗੈਰ ਸਰਕਾਰੀ ਹਿੰਸਾ ਪ੍ਰਤੀ ਕੁਝ ਵੀ ਕਰਨ ਲਈ ਰਾਜ਼ੀ ਨਹੀਂ। ਇਸ ਕਰਕੇ ਉਸ ਨੂੰ ਇਕ ਸੰਪੂਰਨ ਅਪਾਹਜ, ਕੋਮਾ ਮਨੁੱਖ ਹੀ ਮੰਨਣਾ ਪਵੇਗਾ, ਕਿਹਾ ਜਾਵੇਗਾ। ਜਿਸ ਤਰ੍ਹਾਂ ਕੋਮਾ ਮਨੁੱਖ ਦੇ ਚੂੰਢੀ ਵੱਢਣ, ਸੂਈ ਚੁਭੋਣ ਦਾ ਕੋਈ ਅਸਰ ਨਹੀਂ ਹੁੰਦਾ। ਇੰਝ ਹੀ ਇਨ੍ਹਾਂ ਸਮੱਸਿਆਵਾਂ ਪ੍ਰਤੀ ਅਵਚੇਤਨ ਹੋ ਮੁਰਦਾ ਸਮਾਜ ਦਾ ਹਿੱਸਾ ਬਣ ਬਹੁਗਿਣਤੀ ਜੀਅ ਰਹੀ ਹੈ।

ਜਿਸ ਤਰ੍ਹਾਂ ਇਕ ਮੋਟਰਕਾਰ ਨੂੰ ਜੈੱਕਾਂ ਨਾਲ ਉੱਪਰ ਚੁੱਕ ਕੇ ਪੂਰੀ ਰੇਸ ਨਾਲ ਚਲਾਇਆ ਜਾਵੇ। ਉਹ ਸਿਰਫ਼ ਵੇਖਣ ਅਤੇ ਕਹਿਣ ਨੂੰ ਹੀ ਤੇਜ਼ ਸਪੀਡ ਨਾਲ ਚੱਲ ਰਹੀ ਹੋਵੇਗੀ। ਪ੍ਰੰਤੂ ਉਹਦੀ ਸਫ਼ਰ ਤਹਿ ਕਰਨ ਦੀ ਕਾਰਗੁਜ਼ਾਰੀ ਸਿਫ਼ਰ ਹੀ ਹੋਵੇਗੀ। ਉਸ ਵਿਚ ਬੈਠਾ ਸਵਾਰ ਇਕ ਮੀਟਰ ਵੀ ਅੱਗੇ ਨਹੀਂ ਜਾ ਸਕੇਗਾ ਭਾਵ ਉਸ ਦੇ ਸਫ਼ਰ ਤਹਿ ਕਰਨ ਦੀ ਕਾਰਗੁਜ਼ਾਰੀ ਸਿਫ਼ਰ ਹੀ ਹੋਵੇਗੀ। ਸਫ਼ਰ ਦੀ ਮਿਣਤੀ ਕਰਨ ਵਾਲੇ ਮੀਟਰ ਦੀ ਪੜ੍ਹਤ ਵੀ ਉਥੇ ਹੀ ਖੜ੍ਹੀ ਰਹੇਗੀ। ਜੇਕਰ ਧਰਤੀ ਦੀ ਤਹਿ ਉੱਪਰ ਟਾਇਰ ਚੱਲਣਗੇ ਤਾਂ ਹੀ ਉਸਦੇ ਸਫ਼ਰ ਦੀ ਪੜ੍ਹਤ ਕਰਨ ਵਾਲਾ ਮੀਟਰ ਚੱਲ ਸਕੇਗਾ। ਕੁਝ ਸਫ਼ਰ ਵੀ ਤਹਿ ਹੋਵੇਗਾ। ਫਿਰ ਮੀਟਰ ਗਿਣਤੀ-ਮਿਣਤੀ ਵੀ ਦੱਸੇਗਾ। ਕਾਰ ਸਵਾਰ ਨੂੰ ਵੀ ਲਾਭ ਹੋਵੇਗਾ। ਉਹ ਆਪਣੀ ਮੰਜ਼ਿਲ ਵੱਲ ਵਧੇਗਾ। ਪ੍ਰੰਤੂ ਜੇਕਰ ਉਪਰੋਕਤ ਵਾਂਗ ਕਿਸੇ ਸਮੱਸਿਆ ਦੀ ਤਹਿ ਤੱਕ ਸੋਚ-ਵਿਚਾਰ ਤੋਂ ਬਿਨਾਂ ਹੀ ਜੈੱਕਾਂ ਉੱਤੇ ਚੁੱਕੀ ਹੋਈ ਕਾਰ ਵਾਂਗ ਚਲਦੇ ਰਹਿਣਾ ਹੈ। ਉਹ ਕਿਸੇ ਵੀ ਗਿਣਤੀ ਵਿਚ ਨਹੀਂ ਆਵੇਗਾ। ਕੋਈ ਲਾਭ ਪ੍ਰਾਪਤ ਨਹੀਂ ਹੋਵੇਗਾ। ਭਾਵੇਂ ਕਿੰਨਾ ਵੀ ਸਰਗਰਮ ਹੋਇਆ ਜਾਵੇ ਜਾਂ ਕਾਰ ਦੀ ਰੇਸ ਵਧਾਈ ਜਾਵੇ। ਤੁਹਾਡੇ ਕੰਮ ਦਾ ਨਤੀਜਾ ਜ਼ੀਰੋ ਹੀ ਨਿਕਲੇਗਾ। ਤੁਹਾਡੀ ਲਗਾਈ ਹੋਈ ਤਾਕਤ ਅਜਾਈਂ ਜਾਵੇਗੀ। ਕਿਸੇ ਸਮੱਸਿਆ ਨੂੰ ਸਹੀ ਢੰਗ ਨਾਲ ਹੱਲ ਨਾ ਕਰਨ ਕਰਕੇ ਸਗੋਂ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

ਉਪਰੋਕਤ ਜੈੱਕਾਂ ਉੱਪਰ ਚੁੱਕੀ ਹੋਈ, ਚੱਲ ਰਹੀ ਕਾਰ ਵਾਂਗ ਜ਼ਿੰਦਗੀ ਵਿਚ ਵਿਚਰਨ ਵਾਲੇ ਭੁਲੇਖੇ ਦਾ ਸ਼ਿਕਾਰ ਹਨ। ਕਹਿਣ ਦਾ ਭਾਵ ਉਹ ਸਮੱਸਿਆਵਾਂ ਨੂੰ ਓਪਰੀ ਨਜ਼ਰ ਨਾਲ ਥੋੜ੍ਹੀ ਦੂਰ ਤੱਕ ਦੇਖਦੇ ਹਨ। ਮਸਲੇ ਦੀ ਤਹਿ (ਜ਼ਮੀਨੀਂ ਸਤਰ) ਨਾਲ ਨਹੀਂ ਜੁੜੇ ਹੋਏ। ਭਾਵ ਉਸਦਾ ਭੇਦ ਨਹੀਂ ਜਾਣਦੇ। ਉਹ ਸਾਂਝੀ ਸਮੱਸਿਆ ਨੂੰ ਸਿਰਫ਼ ਆਪਣੀ ਸਮੱਸਿਆ ਸਮਝ ਕੇ ਹੱਲ ਕਰਨ ਦੇ ਯਤਨ ਕਰ ਰਹੇ ਹਨ। ਇਸ ਲਈ ਧੱਕੇ ਖਾ ਰਹੇ ਹਨ। ਇਹਦੇ ਵਾਸਤੇ ਸਭਨਾਂ ਨੂੰ ਮਜ਼ਬੂਰ ਕਰ ਰਹੇ ਹਨ। ਇੰਝ ਸਮੱਸਿਆ ਨੇ ਹੱਲ ਤਾਂ ਕੀ ਹੋਣਾ ਸਗੋਂ ਹੋਰ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਹਨ। ਉਦਾਹਰਣ ਦਿੱਤੀ ਜਾ ਸਕਦੀ ਹੈ ਕਿ ਆਪਣਾ ਬੇਕਾਰੀ ਦਾ ਮਸਲਾ ਹੱਲ ਕਰਨ ਵਾਸਤੇ ਹਰ ਇਕ ਨੂੰ ਸਿਰਫ਼ ਵਿਦੇਸ਼ ਹੀ ਦਿਖਾਈ ਦੇ ਰਿਹਾ ਹੈ। ਜਿਸ ਨਾਲ ਵੀ ਗੱਲ ਕਰੋ ਤਾਂ ਉਹ ਪ੍ਰਦੇਸ ਜਾਣ ਲਈ ਕੋਈ ਨਾ ਕੋਈ ਠੀਕ ਗਲਤ ਤਰੀਕਾ ਵਰਤ ਕੇ ਉਡਾਰੀ ਮਾਰਨਾ ਚਾਹੁੰਦਾ ਹੈ। ਕਿਉਂਕਿ ਉਹ ਸਿਰਫ਼ ਤਾਂ ਸਿਰਫ਼ ਆਪਣੇ ਤੱਕ ਹੀ ਸੋਚ ਰਿਹਾ ਹੈ। ਜਿਵੇਂ ਕੇਵਲ

ਇਹ ਉਸਦੀ ਹੀ ਮੁਸ਼ਕਲ ਹੈ ਤੇ ਇਸਦਾ ਇਕੋ-ਇਕ ਹੱਲ ਵਿਦੇਸ਼ ਪਹੁੰਚਣਾ ਜ਼ਰੂਰੀ ਹੈ। ਇਹ ਸੋਚ ਠੀਕ ਨਹੀਂ ਹੈ। ਮਸਲੇ ਪ੍ਰਤੀ ਪਹੁੰਚ ਸਹੀ ਨਹੀਂ ਹੈ। ਭਾਵੇਂ ਇਹਦੇ ਨਾਲ ਕੁਝ ਲੋਕਾਂ ਦੀ ਸਮੱਸਿਆ ਦਾ ਹੱਲ ਤਾਂ ਹੋ ਜਾਂਦਾ ਹੈ, ਪ੍ਰੰਤੂ ਇਸ ਢੰਗ ਨਾਲ ਬੇਕਾਰੀ ਦੀ ਮੁਸ਼ਕਲ ਹੱਲ ਕਰਨ ਨਾਲ ਹੋਰ ਮੁਸੀਬਤਾਂ ਖੜ੍ਹ ਰਹੀਆਂ ਹਨ। ਵਧ ਰਹੀਆਂ ਹਨ। ਅਸਲ ਵਿਚ ਵਿਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤੀ ਦੇਸ਼ ਦੀ ਬੇ-ਰੁਜ਼ਗਾਰੀ ਦਾ ਹੱਲ ਨਹੀਂ ਹੈ। ਜਿਵੇਂ ਅੱਜ ਸਮਝਿਆ ਤੇ ਸਮਝਾਇਆ ਜਾ ਰਿਹਾ ਹੈ। ਇਹ ਤਾਂ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਲੜਨ ਤੋਂ ਭਗੌੜੇ ਹੋਣ ਦਾ ਰਸਤਾ ਹੈ। ਜੇਕਰ ਇਥੋਂ ਦਾ ਰਾਜ ਪ੍ਰਬੰਧ ਲੋੜ ਅਨੁਸਾਰ ਰੁਜ਼ਗਾਰ ਪੈਦਾ ਨਹੀਂ ਕਰ ਰਿਹਾ। ਬੇ-ਰੁਜ਼ਗਾਰਾਂ ਦੇ ਜੀਵਨ ਲੋੜਾਂ ਵਾਸਤੇ ਕੋਈ ਭੱਤਾ ਮੁਹੱਈਆ ਨਹੀਂ ਕਰਵਾ ਰਿਹਾ ਤਾਂ ਫਿਰ ਇਸ ਪ੍ਰਬੰਧ ਦੇ ਖਿਲਾਫ਼ ਲੜਨ ਦੀ ਜ਼ਰੂਰਤ ਹੈ। ਉਸ ਪ੍ਰਬੰਧ ਨੂੰ ਬਦਲਣ ਦੀ ਜ਼ਰੂਰਤ ਹੈ। ਜੇਕਰ ਇੰਝ ਨਹੀਂ ਕੀਤਾ ਜਾਂਦਾ ਤਾਂ ਹੋਰ ਮੁਸ਼ਕਲਾਂ ਦਾ ਵਾਧਾ ਹੋਣਾ ਕੁਦਰਤੀ ਹੈ। ਜੋ ਹੋ ਰਹੀਆਂ ਹਨ, ਸਗੋਂ ਵਧ ਵੀ ਰਹੀਆਂ ਹਨ। ਸਮਾਜਕ ਵਿਗਾੜ ਪੈਦਾ ਹੋ ਰਿਹਾ ਹੈ। ਬਹੁਤੇ ਵਿਦੇਸ਼ 'ਚ ਰੁਜ਼ਗਾਰ ਬਹਾਨੇ ਗਏ ਨੌਜਵਾਨ ਵਾਪਸ ਨਹੀਂ ਆ ਰਹੇ। ਕਈਆਂ ਨੂੰ ਬਾਹਰਲੀ ਨਾਗਰਿਕਤਾ ਮਿਲਣ ਵਿਚ ਦੇਰੀ ਹੋਣ ਕਾਰਨ ਆਪਣੇ ਵਿਆਹ ਦੀ ਉਮਰ ਵੀ ਲੰਘਾ ਚੁੱਕੇ ਹਨ। ਕੁਝ ਜਿਹੜੇ ਉਥੇ ਹੀ ਵਿਆਹ ਕਰਵਾ ਕੇ ਪੱਕੇ ਤੌਰ 'ਤੇ ਰਹਿਣ ਲੱਗ ਪਏ ਹਨ। ਉਨ੍ਹਾਂ ਦੇ ਮਾਪੇ, ਬੱਚੇ ਅਤੇ ਔਰਤਾਂ ਇੱਧਰ ਸੰਤਾਪ ਹੰਢਾਅ ਰਹੇ ਹਨ। ਨੌਜਵਾਨਾਂ, ਔਰਤਾਂ, ਮਰਦਾਂ ਦੇ ਵਿਆਹੁਤਾ ਬਾਹਰੇ ਸੰਬੰਧ ਪੈਦਾ ਹੋਣ ਦਾ ਇਕ ਕਾਰਨ ਵਿਦੇਸ਼ੀ ਰੁਜ਼ਗਾਰ ਵੀ ਹੈ। ਨਸ਼ਿਆਂ ਦੀ ਵਰਤੋਂ, ਨਾ ਕੰਮ ਕਰਨ ਦੀ ਰੁਚੀ, ਪੜ੍ਹਾਈ ਪ੍ਰਤੀ ਬੇਰੁਖੀ, ਹੁੱਲੜਬਾਜ਼ੀ ਕਰਨ ਵਾਲੀ ਜਵਾਨੀ ਨੂੰ ਉਤਸ਼ਾਹਿਤ ਕਰਨ ਵਿਚ ਵਿਦੇਸ਼ੀ ਪੈਸੇ ਦਾ ਵੀ ਇਕ ਵੱਡਾ ਹਿੱਸਾ ਹੈ। ਵਿਦੇਸ਼ੀ ਰੁਜ਼ਗਾਰ ਵਾਂਗ ਹੀ ਛੇਤੀ ਬਹੁਤੇ ਕਮਾਉਣ ਦੇ ਚੱਕਰ 'ਚ ਹੀ ਨਸ਼ਿਆਂ ਦੀ ਸਮਗਲਿੰਗ, ਲੁੱਟਾਂ-ਖੋਹਾਂ ਅਤੇ ਨਕਲੀ ਨੋਟਾਂ ਦੇ ਕਾਰੋਬਾਰ ਵਿਚ ਵਾਧਾ ਹੋ ਰਿਹਾ ਹੈ। ਵੱਡੀਆਂ-ਵੱਡੀਆਂ ਪਾਰਟੀਆਂ, ਵਿਆਹ, ਜਨਮ ਦਿਨ ਮਰਨੇ ਇਸ ਨੂੰ ਹੋਰ ਉਤਸ਼ਾਹਿਤ ਕਰ ਰਹੇ ਹਨ। ਮਸਲੇ ਗੰਭੀਰ ਹੋ ਰਹੇ ਹਨ। ਇਸ਼ ਲਈ ਜਾਣ ਸਕਦੇ ਹਾਂ/ਸਮਝਿਆ ਜਾ ਸਕਦਾ ਹੈ ਕਿ ਗਲਤ ਤਰੀਕੇ ਨਾਲ ਸਮੱਸਿਆ ਦਾ ਹੱਲ ਕਰਨ ਤੇ ਇਸ ਤਰ੍ਹਾਂ ਹੋਰ ਮੁਸੀਬਤਾਂ ਪੈਦਾ ਹੋ ਰਹੀਆਂ ਹਨ। ਹੋ ਗਈਆਂ ਹਨ।

ਪ੍ਰੰਤੂ ਕਰਨਾ ਤਾਂ ਇਹ ਚਾਹੀਦਾ ਹੈ ਕਿ ਬੇ-ਰੁਜ਼ਗਾਰੀ ਦੇ ਖਿਲਾਫ਼ ਲਾਮਬੰਦ ਹੋਇਆ ਜਾਵੇ। ਸਮੇਂ ਦੇ ਹਾਕਮਾਂ ਨੂੰ ਰੁਜ਼ਗਾਰ ਪੈਦਾ ਕਰਨ ਲਈ ਮਜ਼ਬੂਰ ਕੀਤਾ ਜਾਵੇ। ਸਰਕਾਰ ਦਾ ਧਿਆਨ ਇਧਰ ਕਰਨ ਵਾਸਤੇ ਸੰਘਰਸ਼ ਉਲੀਕਿਆ ਜਾਵੇ, ਕੀਤਾ ਜਾਵੇ ਪਰ ਆਪਣੀ ਸਮੱਸਿਆ ਦਾ ਹੱਲ ਕਰਦੇ-ਕਰਦੇ ਹੋਰ ਲੋਕਾਂ ਲਈ ਨਵੀਆਂ ਮੁਸ਼ਕਲਾਂ ਨਾ ਪੈਦਾ ਕੀਤੀਆਂ ਜਾਣ। ਮਤਲਬ ਖੁਦ ਸਮੱਸਿਆ ਵਿਚ ਤਬਦੀਲ ਨਾ ਹੋਇਆ ਜਾਵੇ। ਭਾਵ ਕੋਮਾ ਮਨੁੱਖ ਦੀ ਹਾਲਤ ਵੱਲ ਨਾ ਵਧਿਆ ਜਾਵੇ। ਸਗੋਂ ਅਜਿਹੀ ਹਾਲਤ

ਵਿਚੋਂ ਨਿਕਲਣ ਦੇ ਸਾਰਥਿਕ ਯਤਨ ਕੀਤੇ ਜਾਣ। ਕਿਉਂਕਿ ਕੋਮਾ ਮਨੁੱਖ ਆਪਣੇ ਆਪ 'ਚ ਇਕ ਸਮੱਸਿਆ ਹੁੰਦਾ ਹੈ, ਮੰਨਿਆ ਜਾਂਦਾ ਹੈ।

ਇਸ ਲਈ ਜੇਕਰ ਤੁਸੀਂ ਕਿਸੇ ਸਮੱਸਿਆ ਦੇ ਹੱਲ ਵਾਸਤੇ ਸਹੀ ਯਤਨ ਨਹੀਂ ਕਰ ਰਹੇ। ਉਸ ਪ੍ਰਤੀ ਚੁੱਪ ਹੋ? ਦੇਖ ਕੇ ਵੀ ਅੱਖਾਂ ਬੰਦ ਕਰ ਲੈਂਦੇ ਹੋ। ਹੱਲ ਬਾਬਤ ਇਕ ਕਦਮ ਵੀ ਪੁੱਟਣ ਲਈ ਤਿਆਰ ਨਹੀਂ। ਦਿਮਾਗ਼ ਦੀ ਬਿਲਕੁਲ ਵੀ ਵਰਤੋਂ ਨਹੀਂ ਕਰਦੇ। ਮਸਲੇ ਦੇ ਹੱਲ ਵਾਸਤੇ ਹੱਥ ਹਿਲਾ ਕੇ ਵੀ ਰਾਜ਼ੀ ਨਹੀਂ। ਜੇਕਰ ਕਿਸੇ ਨਾਲ ਵਿਤਕਰਾ, ਬੇ-ਇਨਸਾਫ਼ੀ, ਜ਼ੁਲਮ ਹੁੰਦਾ ਵੇਖ ਕੇ ਤੁਹਾਡੇ ਦਿਲ-ਦਿਮਾਗ਼ ਨੂੰ ਤੜਪ ਪੈਦਾ ਨਹੀਂ ਹੁੰਦੀ। ਦਰਦ ਮਹਿਸੂਸ ਨਹੀਂ ਹੁੰਦਾ ਤਾਂ ਸਮਝਿਆ ਜਾ ਸਕਦਾ ਹੈ ਕਿ ਤੁਸੀਂ ਕੋਮਾ ਮਨੁੱਖ ਹੋ? ਪਰ ਜਿਹੜਾ ਮਨੁੱਖ ਕੋਮਾ ਦੀ ਹਾਲਤ ਵਿਚ ਵਿਚਰ ਰਿਹਾ ਹੋਵੇ, ਉਸ ਦੇ ਇਸ ਹਾਲਤ ਵਿਚ ਜਿਉਂਦਾ ਰਹਿਣਾ ਸਮੱਸਿਆ ਮੰਨਿਆ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਐਹੋ ਜਿਹੇ ਜੀਵਨ ਵਾਲਾ ਮਰ ਜਾਵੇ ਤਾਂ ਹੀ ਚੰਗਾ ਹੈ। ਕੀ ਕੋਈ ਕੋਮਾ ਮਨੁੱਖ ਬਣਿਆ ਰਹਿਣਾ ਚਾਹੁੰਦਾ ਹੈ? ਸ਼ਾਇਦ ਅਜਿਹਾ ਜੀਵਨ ਜਿਉਣ ਵਾਸਤੇ ਕੋਈ ਵੀ ਤਿਆਰ ਨਹੀਂ ਹੋਵੇਗਾ। ਅਸੀਂ ਤੇ ਤੁਸੀਂ ਵੀ ਨਹੀਂ।

ਇਸ ਲਈ ਜੇਕਰ ਕੋਈ ਆਪਣੇ ਆਪ ਨੂੰ ਠੀਕ ਸਮਝਦਾ ਹੈ? ਤਾਂ ਉਸ ਨੂੰ ਦੇਸ਼ ਅਤੇ ਸਮਾਜ ਦੀਆਂ ਮੁਸ਼ਕਲਾਂ ਨੂੰ ਸਮਝ ਕੇ ਹੱਲ ਬਾਬਤ ਯਤਨਸ਼ੀਲ ਹੋ ਜਾਣਾ ਚਾਹੀਦਾ ਹੈ। ਇਹ ਕਾਰਜ ਭਰਪੂਰ ਖੁਸ਼ੀ ਦੇਣ ਵਾਲਾ ਹੈ। ਜਿਥੇ ਆਪਣੀ ਸਮੱਸਿਆ ਹੱਲ ਹੋਣ ਤੇ ਦੂਸਰਾ ਵਿਅਕਤੀ ਖੁਸ਼ ਹੁੰਦਾ ਹੈ। ਉਥੇ ਤੁਹਾਨੂੰ ਕਿਸੇ ਦੀ ਸਮੱਸਿਆ ਹੱਲ ਕਰਨ ਦੀ ਖੁਸ਼ੀ ਪ੍ਰਾਪਤ ਹੋਵੇਗੀ। ਜੇਕਰ ਸਾਰੇ ਹੀ ਇਕ ਦੂਜੇ ਦੀਆਂ ਮੁਸ਼ਕਲਾਂ ਨੂੰ ਸਹੀ ਸੰਦਰਭ ਵਿਚ ਸਮਝ ਕੇ ਹੱਲ ਕਰਨ ਦੇ ਰਾਹ ਤੁਰ ਪਈਏ। ਫਿਰ ਉਹ ਦਿਨ ਦੂਰ ਨਹੀਂ। ਜਦੋਂ ਕੋਈ ਕੋਮਾ ਮਨੁੱਖ ਨਜ਼ਰ ਨਹੀਂ ਆਵੇਗਾ।

ਜੇਕਰ ਕੋਈ ਇੰਝ ਨਹੀਂ ਕਰੇਗਾ ਜਾਂ ਕਰਨ ਲਈ ਤਿਆਰ ਨਹੀਂ ਤਾਂ ਜ਼ਰੂਰ ਉਹ ਪਾਗਲ ਜਾਂ ਕੋਮਾ ਮਨੁੱਖ ਹੋਵੇਗਾ ਪ੍ਰੰਤੂ ਸਹੀ ਮਨੁੱਖ ਨਹੀਂ।

***

ਬਿਆਨ ਦਾ ਬਿਆਨ

ਮਾਰਕਸ ਦਾ ਕਥਨ ਹੈ "ਧਰਮ ਲੋਕਾਂ ਲਈ ਅਫ਼ੀਮ ਹੈ।" ਮਤਲਬ ਨਸ਼ਾ ਹੈ। ਇਹ ਮਨੁੱਖ ਨੂੰ ਮਦਹੋਸ਼ ਕਰਦਾ ਹੈ ਪ੍ਰੰਤੂ ਇਨਕਲਾਬ ਕਰਨ ਲਈ ਹੋਸ਼ ਦਾ ਹੋਣਾ ਬਹੁਤ ਲਾਜ਼ਮੀ ਹੈ। ਤਾਂ ਹੀ ਸਮੱਸਿਆਵਾਂ ਪ੍ਰਤੀ ਸਹੀ ਸਮਝ ਤੇ ਪਹੁੰਚ ਅਪਣਾਈ ਜਾ ਸਕਦੀ ਹੈ। ਤਬਦੀਲੀ ਵੱਲ ਵਧਿਆ ਜਾ ਸਕਦਾ ਹੈ।

ਪ੍ਰੰਤੂ ਹੁਣ ਮਾਰਕਸ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਧਰਮ ਨੂੰ ਕ੍ਰਾਂਤੀ ਦੀ ਪੁੜੀ ਸਮਝ ਰਹੇ ਹਨ। ਭਾਵ ਇਲਾਜ ਦਾ ਟੀਕਾ/ਟਾਨਿਕ ਮੰਨ ਕੇ ਵਰਤ ਰਹੇ ਹਨ। ਜਿਸ ਦਾ ਸਿੱਟਾ ਹੈ ਕਿ ਇਲਾਜ ਤਾਂ ਕੀ ਹੋਣਾ ਸਗੋਂ ਦਰਦ ਦੀ ਦਵਾਈ ਲਗਾਤਾਰ ਵਰਤਣ ਵਾਂਗੂ ਮੁਸ਼ਕਲਾਂ ਹੋਰ ਗੰਭੀਰ ਹੋ ਗਈਆਂ ਹਨ। ਲੋਕਾਈ ਦਾ ਇਲਾਜ ਇਨਕਲਾਬ ਦਾ ਸੁਪਨਾ ਗਲਤ ਇਲਾਜ (ਧਰਮ ਰਾਹੀਂ) ਕਰਨ ਨਾਲ ਕੈਂਸਰ ਵਰਗਾ ਬਣ ਗਿਆ ਹੈ।

ਭਾਵੇਂ ਅਫ਼ੀਮ ਤੋਂ ਦਰਦ ਦੀ ਦਵਾਈ ਤਾਂ ਤਿਆਰ ਕੀਤੀ ਜਾਂਦੀ ਹੈ ਪਰ ਦਰਦ ਦੀ ਦਵਾਈ ਕਿਸੇ ਬਿਮਾਰੀ ਦਾ ਇਲਾਜ ਨਹੀਂ ਹੁੰਦੀ। ਸਗੋਂ ਇਹ ਦਵਾਈ ਦਿਲ, ਗੁਰਦਿਆਂ ਅਤੇ ਸਰੀਰ ਦੇ ਹੋਰ ਅੰਗਾਂ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਇਸ ਦੀ ਲਗਾਤਾਰ ਵਰਤੋਂ ਹੋਰ ਬਿਮਾਰੀਆਂ ਪੈਦਾ ਕਰ ਦਿੰਦੀ ਹੈ।

ਇਸ ਕਰਕੇ ਸਮੇਂ ਦੀ ਮੰਗ ਹੈ ਕਿ ਮਾਰਕਸ ਦੇ ਬਣੇ ਪੁਜਾਰੀ ਅਤੇ ਸ਼ਰਧਾਲੂਓ, ਉਸ ਦੀ ਪੈੜ 'ਤੇ ਪੈਰ ਰੱਖ ਕੇ ਅੱਗੇ ਵਧਣਾ ਹੈ ਤਾਂ ਧਰਮ ਦਾ ਤਿਆਗ ਸਪੱਸ਼ਟ ਤੌਰ 'ਤੇ ਕਰਨਾ ਹੀ ਪੈਣਾ ਹੈ। ਸਿਰਫ਼ ਬਿਮਾਰੀ ਦੇ ਇਲਾਜ ਦਾ ਫਾਰਮੂਲਾ ਹੀ ਵਰਤਣਾ ਪਵੇਗਾ। ਧਰਮ ਵੱਲੋਂ ਕੀਤੀ ਜਾ ਰਹੀ ਲੁੱਟ ਦੇ ਖਿਲਾਫ਼ ਖੜ੍ਹਨਾ ਪਵੇਗਾ। ਇਸਦੇ ਕਪਟ ਨੂੰ ਨੰਗਾ ਕਰਨਾ ਹੋਵੇਗਾ। ਕੇਵਲ ਸਰਮਾਏਦਾਰੀ ਦਾ ਨਾਂ ਲੈ ਕੇ ਹੀ ਛੁਟਕਾਰਾ ਨਹੀਂ ਹੋਣਾ। ਰਾਜਨੀਤੀ ਨੂੰ ਭੰਡ ਕੇ ਹੀ ਨਹੀਂ ਸਰਨਾ। ਇਨ੍ਹਾਂ ਦਾ ਥੰਮ (ਧਰਮ) ਜਿਸ ਸਹਾਰੇ ਦੋਨੋਂ (ਰਾਜਨੀਤੀ, ਸਰਮਾਏਦਾਰੀ) ਖੜ੍ਹੀਆਂ ਹਨ। ਇਸ ਨੂੰ ਤੋੜੇ ਬਿਨਾਂ ਕੁਝ ਵੀ ਨਹੀਂ ਹੋਣਾ। ਇਸਦੀ ਲਿਪਾ-ਪੋਚੀ ਕਰਨੀ ਛੱਡ ਦਿਓ। ਇਤਿਹਾਸ ਮਾਫ਼ ਨਹੀਂ ਕਰੇਗਾ।

-ਲੇਖਕ